
37ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼


ਤਰਕਸ਼ੀਲ

TARKSHEEL

ਜੁਲਾਈ - ਅਗਸਤ 2023



ਕੀ ਇਨਸਾਨ ਸਚਮੁੱਚ ਚੰਨ 'ਤੇ ਗਿਆ ਸੀ? (15)




ਕੀ ਮਨੁੱਖ ਦੇ ਪੂਰਵਜ ਬਾਂਦਰ ਹਨ? (32)




ਪੁਨਰ ਜਨਮ ਦੀ ਕਹਾਣੀ ਤਰਕਸ਼ੀਲਾਂ ਨੇ ਝੂਠ ਸਿੱਧ ਕੀਤੀ (43)



ਕੇਂਦਰੀ ਜੇਲ੍ਹ ਲਾਹੌਰ (8)



ਗੜੇ ਬੰਨ੍ਹਣ ਵਾਲੇ 'ਬਾਬੇ' (2)



ਡਾਰਵਿਨ ਤੋਂ ਇੰਨਾ ਡਰ ਕਿਉਂ? (18)



30/-

ਜੇਕਰ ਜ਼ੁਲਮ ਵੇਖ ਕਿ ਤੁਹਾਡਾ ਖ਼ੂਨ ਖੌਲ੍ਹਦਾ ਹੈ ਤਾਂ ਤੁਸੀਂ ਮੇਰੇ ਸਾਥੀ ਹੋਂ ... ਚੀ ਗੁਵੇਰਾ

ਪਹਿਲਵਾਨ ਧੀਆਂ



ਜਗਜੀਤ ਕੌਰ ਢਿੱਲਵਾਂ

ਆ ਦਿੱਲੀ ਦੀ ਦਹਿਲੀਜ਼ ’ਤੇ ਰਲ਼ ਚਿੜੀਆਂ ਪਾਵਣ ਸ਼ੋਰ।
ਅੱਜ ਭਗਵੇਂ ਪੰਖਾਂ ਵਾਲੜਾ ਇੱਕ ਸ਼ਿਕਰਾ ਫਿਰਦਾ ਹੋਰ।
ਉਹਨੇ ਲੱਖਾਂ ਚਿੜੀਆਂ ਨੋਚੀਆਂ, ਵਿੱਚ ਰਾਜ ਸਤਾ ਦੇ ਲੋਰ।
ਉਹ ਉੱਡਦੈ ਖੁੱਲ੍ਹੇ ਅੰਬਰੀਂ, ਉਹਦੇ ਪੈਰੀਂ ਨਾ ਕੋਈ ਡੋਰ।
ਸੋਨੇ ਦੇ ਖੰਭਾਂ ਵਾਲ਼ੀਆਂ ਇਹ ਚਿੜੀਆਂ ਦਿਸਣ ਉਦਾਸ।
ਜੋ ਚੁੰਝੀਂ ਪੀੜਾਂ ਘੁੱਟ ਕੇ ਚੱਲ ਆਈਆਂ ਰਾਜੇ ਪਾਸ।
ਇਹ ਬਾਤ ਜਬਰ ਦੀ ਪਾਉਂਦੀਆਂ ਤੇ ਰੱਖ ਨਿਆਂ ਦੀ ਆਸ।
ਕੋਈ ਹਾਕਮ ਸੁਣੇ ਨਾ ਦੁੱਖੜੇ ਤੇ ਨਾ ਦੇਵੇ ਧਰਵਾਸ।
ਹੁਣ ਕੁਸ਼ਤੀ ਹੋਣੀ ਸੱਚ ਦੀ ਹਰ ਜਬਰ ਜ਼ੁਲਮ ਦੇ ਨਾਲ਼।
ਤੇ ਓੜਕ ਜਿੱਤਣਾ ਸੱਚ ਨੇ ਫਿਰ ਡਿੱਗਣਾ ਝੂਠ ਚੌਫਾਲ਼।
ਸੁਣੋ! ਲੋਕ ਹਿਤਾਂ ਦੇ ਵਾਰਸੋ ਰਲ਼ ਆਪ ਸਵਾਰੋ ਕਾਜ।
ਤੇ ਧੌਣੋ ਫੜ ਕੇ ਲਾਹ ਲਵੋ ਜੋ ਅੰਬਰੀਂ ਉੱਡਦਾ ਬਾਜ।

ਗ਼ਜ਼ਲ



ਅਕਰਮ ਅਰਫ਼ੀ

ਛੱਤਾਂ ਪਈਆਂ ਟੀਨ ਦੀਆਂ,
ਸੱਧਰਾਂ ਵੇਖੋ ਜੀਣ ਦੀਆਂ।
ਖ਼ੱਦਰ ਵਰਗੇ ਲੋਕਾਂ ਨੂੰ,
ਆਸਾਂ ਮੋਰਾਲੀਨ* ਦੀਆਂ।
ਚੋਲ਼ਾ ਹਾਲੇ ਪਾਟਾ ਨਈਂ,
ਫ਼ਿਕਰਾਂ ਲੱਗੀਆਂ ਸੀਣ ਦੀਆਂ।
ਪੈਸਾ ਧੇਲਾ ਬੋਲਣ ਦਾ,
ਗੱਲਾਂ ਬਾਤਾਂ ਦੀਨ ਦੀਆਂ।
ਵੰਨ ਸਵੰਨੇ ਸੱਪਾਂ ਨੂੰ,
ਚੱਸਾਂ ਇੱਕੋ ਬੀਨ ਦੀਆਂ।

*ਮੋਰਾਲੀਨ–ਇੱਕ ਮਹੀਨ ਤੰਦ ਵਾਲੇ ਮੁਲਾਇਮ ਕੱਪੜੇ ਦਾ ਨਾਂ

ਚੀਜ਼ਾਂ ਨੂੰ ਬਦਲਣ ਦੇ ਲਈ ਉਹਨਾਂ ਨੂੰ ਸਮਝਣਾ ਜਰੂਰੀ ਹੁੰਦਾ ਹੈ ਅਤੇ ਚੀਜ਼ਾਂ ਨੂੰ ਬਦਲਣ ਦੀ ਪ੍ਰਕਿਰਿਆ ਵਿੱਚ ਖ਼ੁਦ ਨੂੰ ਬਦਲਣਾ ਹੁੰਦਾ ਹੈ। - ਸ਼ਹੀਦ ਭਗਤ ਸਿੰਘ

ਮੁੱਖ ਸੰਪਾਦਕ
ਬਲਬੀਰ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਹੇਮ ਰਾਜ ਸਟੈਨੋ, ਪਾਲ ਬਾਗਪੁਰ
ਰਾਜਪਾਲ ਸਿੰਘ, ਜਸਵੰਤ ਮੋਹਾਲੀ
ਸੁਖਦੇਵ ਧੂਰੀ, ਭੁਪਿੰਦਰ ਫੌਜੀ
ਸੁਖਦੇਵ ਫਗਵਾੜਾ, ਵਿਸ਼ਵ ਕਾਂਤ
ਅਵਤਾਰ ਦੀਪ
ਰਾਮ ਸਵਰਨ ਲੱਖੇਵਾਲੀ

ਮੁੱਖ ਸੰਪਾਦਕ
balbirlongowal1966@gmail.com

ਮੁੱਖ ਪ੍ਰਬੰਧਕ
ਸੁਖਵਿੰਦਰ ਬਾਗਪੁਰ (94174 27538)

ਵਿਦੇਸ਼ੀ ਪ੍ਰਤੀਨਿਧ
ਅਵਤਾਰ ਬਾਈ ਕੈਨੇਡਾ
ਪ੍ਰਧਾਨ TRSC (+1-672-558-5757)
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ, ਬਲਦੇਵ ਰਹਿਪਾ ਟਰਾਂਟੋ

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਮੋਬਾ. 98769 53561

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ ‘ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)’ ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400

ਸਲਾਨਾ ਚੰਦਾ ਦੇਸ਼ : 150 ਰੁ.
ਜੀਵਨਭਰ ਮੈਂਬਰਸ਼ਿਪ : 1500 ਰੁ.
ਵਿਦੇਸ਼ ਸਲਾਨਾ : 40 ਯੂ.ਐਸ. ਡਾਲਰ
ਵਿਦੇਸ਼ ਜੀਵਨਭਰ ਮੈਂਬਰਸ਼ਿਪ: 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ ’ਤੇ ਭੇਜਿਆ ਜਾਵੇ
98156 70725

ਰਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਤਰਤੀਬ

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਆਪਣੇ ਹੋਏ ਯੌਨ-ਸ਼ੋਸ਼ਣ ਖਿਲਾਫ਼ ਲਗਾਤਾਰ ਲੜ ਰਹੀਆਂ ਪਹਿਲਵਾਨ ਕੁੜੀਆਂ ਦੇ ਸੰਘਰਸ਼ 'ਤੇ ਸਰਕਾਰ ਵੱਲੋਂ ਢਾਹੇ ਜਬਰ ਨੇ 'ਵਿਸ਼ਵ-ਗੁਰੂ' ਭਾਰਤ ਨੂੰ ਪੂਰੀ ਦੁਨੀਆਂ ਵਿੱਚ ਨੰਗਾ ਕਰ ਦਿੱਤਾ ਹੈ। "ਇੰਡੀਅਨ ਐਕਸਪ੍ਰੈਸ" ਵੱਲੋਂ ਆਪਣੀ ਇੱਕ ਰਿਪੋਰਟ ਵਿੱਚ ਮਹਿਲਾ ਭਲਵਾਨਾਂ ਵੱਲੋਂ ਦਰਜ ਕਰਾਈਆਂ ਗਈਆਂ ਐਫ.ਆਈ.ਆਰ.'ਸ ਦਾ ਬਿਊਰਾ ਛਾਪ ਕੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀਆਂ ਕਰਤੂਤਾਂ ਨੂੰ ਜੱਗ ਜਾਹਰ ਕਰ ਦਿੱਤਾ ਗਿਆ ਹੈ। ਦੋ ਐਫ.ਆਈ.ਆਰ, ਇੱਕ 6 ਬਾਲਗ ਪਹਿਲਵਾਨ ਕੁੜੀਆਂ ਅਤੇ ਦੂਜੀ ਇੱਕ ਨਬਾਲਗ ਦੇ ਪਿਤਾ ਵੱਲੋਂ ਦਰਜ਼ ਕਰਵਾਈ ਗਈ ਹੈ। ਇਹਨਾਂ ਵਿੱਚ ਲਗਾਏ ਗੰਭੀਰ ਦੋਸ਼ਾਂ-ਮਦਦ ਬਦਲੇ ਸਰੀਰਕ ਸੰਬੰਧ ਬਨਾਉਣ ਦੀ ਮੰਗ ਦੇ ਦੋ ਕੇਸ, ਗਲਤ ਤਰੀਕੇ ਨਾਲ ਛੂਹਣ, ਛੇੜਛਾੜ, ਛਾਤੀ 'ਤੇ ਹੱਥ ਰੱਖਣ, ਧੁੰਨੀ ਨੂੰ ਛੂੰਹਣ ਅਤੇ ਨਿਤੰਬਾਂ 'ਤੇ ਹੱਥ ਫੇਰਨ ਆਦਿ ਦੀਆਂ 15 ਘਟਨਾਵਾਂ ਨਾਲ ਮਨੁੱਖਤਾ ਸ਼ਰਮਸਾਰ ਹੋ ਜਾਂਦੀ ਹੈ। ਭਾਜਪਾ 'ਸਾਂਸਦ' ਅਤੇ ਕੁਸ਼ਤੀ ਸੰਘ ਦੇ ਇਸ 'ਪ੍ਰਧਾਨ' ਦੇ ਗੁਨਾਹਾਂ ਦਾ ਕਾਲਾ ਚਿੱਠਾ ਜਨਤਾ ਦੀ ਕਚਹਿਰੀ ਵਿੱਚ ਪੂਰੀ ਤਰ੍ਹਾਂ ਬੇਪਰਦ ਹੋ ਜਾਣ 'ਤੇ ਵੀ ਇਸ ਮਾਮਲੇ 'ਤੇ 'ਅਵਤਾਰ' ਦੇ ਰੂਪ ਵਿੱਚ ਪ੍ਰਚਾਰੇ ਜਾਣ ਵਾਲੇ ਪ੍ਰਧਾਨ ਮੰਤਰੀ ਦੀ ਚੁੱਪ, ਸਰਕਾਰ ਵੱਲੋਂ ਦੋਸ਼ੀ ਨੂੰ ਬਚਾਏ ਜਾਣ ਲਈ ਹਰ ਸਿੱਧਾ/ਅਸਿੱਧਾ ਲਗਾਇਆ ਜਾ ਰਿਹਾ ਟਿੱਲ, ਗੋਦੀ ਮੀਡੀਆ ਦਾ ਕੁ-ਪ੍ਰਚਾਰ, ਪੀੜਤਾਂ ਨੂੰ ਧਮਕੀਆਂ ਅਤੇ ਉਹਨਾਂ 'ਤੇ ਹਰ ਤਰ੍ਹਾਂ ਦਾ ਬਣਾਇਆ ਜਾ ਰਿਹਾ ਮਾਨਸਿਕ ਦਬਾਅ, ਸਾਧੂ-ਸੰਤਾਂ ਦੀ ਓਟ, ਸੰਘਰਸ਼ਸ਼ੀਲ ਪਹਿਲਵਾਨਾਂ ਅਤੇ ਹਿਮਾਇਤੀਆਂ 'ਤੇ ਵਰ੍ਹਾਈਆਂ ਡਾਂਗਾਂ, ਪੀੜਤਾਂ ਦੀਆਂ ਗ੍ਰਿਫਤਾਰੀਆਂ, ਦਰਜ ਕੀਤੇ ਗਏ ਸਰਕਾਰੀ ਕੰਮ ਵਿਚ ਦਖਲ-ਅੰਦਾਜੀ ਲਈ ਅਪਰਾਧਿਕ ਕਾਰਵਾਈ ਕਰਨ ਦੇ ਕੇਸ ਆਦਿ ਸਰਕਾਰ ਅਤੇ ਉਹ ਵਿਚਾਰਧਾਰਾ ਜੋ ਇਸ ਨੂੰ ਪੋਸ਼ਿਤ ਕਰਦੀ ਹੈ 'ਤੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ। ਜਨਵਰੀ 2023 ਤੋਂ ਸ਼ੁਰੂ ਇਹ ਹੱਕ-ਸੱਚ, ਇੱਜਤ-ਆਬਰੂ ਦੀ ਲੜਾਈ ਵੱਖ-ਵੱਖ ਰੂਪਾਂ-ਜਾਂਚ ਕਮੇਟੀ ਦੀ ਰਿਪੋਰਟ, ਸੁਪਰੀਮ ਕੋਰਟ ਤੱਕ ਪਹੁੰਚ, ਜੰਤਰ-ਮੰਤਰ 'ਤੇ ਧਰਨਾ, ਮੈਡਲ ਪ੍ਰਵਾਹ ਕਰਨ ਲਈ ਗੰਗਾ 'ਤੇ ਪਹੁੰਚਣਾ ਆਦਿ ਵਿੱਚੋਂ ਲੰਘਦੀ ਇਸ ਪੜਾਅ 'ਤੇ ਪਹੁੰਚੀ ਹੈ ਕਿ ਪੁਲਿਸ ਵੱਲੋਂ ਪਾਕਸੋ ਐਕਟ ਲਗਾਇਆਂ ਬਿਨ੍ਹਾਂ ਹੀ ਦੋਸ਼ੀ ਖਿਲਾਫ਼ ਅਦਾਲਤ ਵਿੱਚ ਚਾਰਜਸ਼ੀਟ ਦਾਖਲ ਕਰ ਦਿੱਤੀ ਗਈ ਹੈ। ਵਿਨੇਸ਼ ਫੋਗਾਟ, ਸ਼ਾਕਸੀ ਮਲਿਕ, ਬਜਰੰਗ ਪੂਨੀਆ ਆਦਿ ਦੀ ਅਗਵਾਈ ਹੇਠ ਇਸ ਸੰਘਰਸ਼ ਨੂੰ ਮੁਲਕ ਦੇ ਲੋਕਾਂ ਨੇ ਪੂਰਨ ਹਮਾਇਤ ਦਿੱਤੀ ਹੈ। ਮੁਲਕ ਦੇ ਵੱਖ-ਵੱਖ ਕੋਨਿਆਂ ਵਿੱਚ ਨਿਆਂ ਦੀ ਇਸ ਲੜਾਈ ਦੇ ਪੱਖ ਵਿੱਚ ਲੱਖਾਂ ਦੀ ਗਿਣਤੀ ਵਿੱਚ ਮੰਗ ਪੱਤਰ ਦਿੱਤੇ ਗਏ ਹਨ, ਅਰਥੀ ਫੂਕ ਮੁਜ਼ਾਹਰੇ, ਧਰਨੇ ਕੀਤੇ ਗਏ ਹਨ। ਲੱਖਾਂ ਹੀ ਲੋਕ ਜੰਤਰ ਮੰਤਰ 'ਤੇ ਧਰਨੇ ਵਿੱਚ ਜਾ ਕੇ ਸ਼ਾਮਲ ਹੋਏ ਹਨ, ਇਸ ਸਭ ਦੇ ਬਾਵਜੂਦ ਸਰਕਾਰ ਦਾ ਸਭ ਨੂੰ ਟਿੱਚ ਸਮਝਣਾ ਭਾਰਤੀ ਲੋਕਤੰਤਰ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ ? ਕਿੱਥੇ ਹੈ ਲੋਕਤੰਤਰ ? ਇਹ ਸਰਕਾਰ ਕਿਸ ਹੱਦ ਤੱਕ ਗੈਰ-ਸੰਵੇਦਨਸ਼ੀਲ, ਔਰਤ ਵਿਰੋਧੀ, ਕਾਨੂੰਨ ਵਿਰੋਧੀ ਹੈ ? ਬ੍ਰਿਜ ਭੂਸ਼ਣ ਨੇ ਦੇਸ਼ ਦੇ ਵਰਤਮਾਨ ਨਾਲ ਹੀ ਨਹੀਂ, ਭਵਿੱਖ ਨਾਲ ਵੀ ਗੁਨਾਹ ਕੀਤਾ ਹੈ। ਆਉਣ ਵਾਲੇ ਸਮੇਂ ਵਿੱਚ ਮਾਂ ਬਾਪ ਇਸ ਖੇਤਰ ਵਿੱਚ ਆਪਣੀਆਂ ਲੜਕੀਆਂ ਨੂੰ ਭੇਜਣ ਤੋਂ ਕਤਰਾਉਣਗੇ। 'ਸਾਧੂ-ਸੰਨਿਆਸੀਆਂ' ਦਾ ਇਸ ਗੁਨਾਹ ਦੇ ਪੱਖ ਵਿੱਚ ਬੋਲਣਾ ਲੋਕਾਂ ਦੀਆਂ ਧਾਰਮਿਕ ਆਸਥਾਵਾਂ 'ਤੇ ਵੀ ਗੰਭੀਰ ਸਵਾਲ ਖੜ੍ਹਾਂ ਕਰਦਾ ਹੈ ? ਕੀ ਇਹ ਹੈ ਧਰਮ ਦਾ ਸੁਨੇਹਾ ? ਕੀ ਅਜਿਹੇ ਸਾਧੂ-ਸੰਨਿਆਸੀਆਂ ਕੋਲ ਜਾਣਾ ਔਰਤਾਂ ਲਈ ਸੁਰੱਖਿਅਤ ਹੋਵੇਗਾ ? ਇੱਕ ਪਾਸੇ ਨਵੀ ਬਣੀ ਸੰਸਦ ਦਾ ਉਦਘਾਟਨ, ਦੂਜੇ ਪਾਸੇ ਅਨਿਆ ਖਿਲਾਫ਼ ਆਵਾਜਾਂ 'ਤੇ ਡਾਂਗਾਂ। ਨੰਗ-ਧੜੰਗ ਸਾਧੂ ਸੰਸਦ ਦੇ ਅੰਦਰ, ਔਰਤਾਂ ਇਸ ਸੰਸਦ ਤੋਂ ਬਾਹਰ। ਵੈਸੇ ਵੀ ਆਮ ਲੋਕ ਇਸ ਸਭ ਕਾਸੇ ਤੋਂ ਬਾਹਰ, ਹਾਸ਼ੀਏ ਤੋਂ ਬਾਹਰ ਧੱਕੇ ਹੋਏ ਹਨ। ਕਿੱਥੇ ਹਨ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਹਰਾ ਦੇਣ ਵਾਲੇ ? ਬੇਟੀਆਂ ਪੁੱਛ ਰਹੀਆਂ ਹਨ ? ਸ਼ਰਮ ਕਰੋ। ਮੌਜੂਦਾ ਭਾਰਤੀ ਹੁਕਮਰਾਨ ਜਿਸ ਕਿਤਾਬ 'ਮਨੂ-ਸਮ੍ਰਿਤੀ' ਨੂੰ ਆਪਣਾ ਸੰਵਿਧਾਨ ਮੰਨਦੇ ਹਨ, ਉਹ ਔਰਤਾਂ ਨੂੰ ਨਾਗਰਿਕ ਹੀ ਨਹੀਂ ਮੰਨਦੀ। .. **ਬਾਕੀ ਪੰਨਾ 10 'ਤੇ**

ਗੜੇ ਬੰਨ੍ਹਣ ਵਾਲੇ 'ਬਾਬੇ'



ਭੁਪਿੰਦਰ ਫ਼ੌਜੀ

ਮਾਰਚ ਦੇ ਮਹੀਨੇ ਦਾ ਆਖ਼ਰੀ ਹਫ਼ਤਾ ਚੱਲ ਰਿਹਾ ਸੀ। ਠੰਢ ਵਿੱਚ ਵੀ ਕਾਫ਼ੀ ਕਮੀਂ ਆ ਗਈ ਸੀ। ਕਣਕ ਪੂਰੇ ਜੋਬਨ 'ਤੇ ਸੀ। ਕਣਕ ਦੀਆਂ ਬੱਲੀਆਂ ਵਿੱਚ ਦਾਣੇ ਪੂਰੇ ਬਣ ਗਏ ਸਨ। ਸੋਨੇ ਵਰਗੀ ਕਣਕ ਦੂਰੋਂ ਹੀ ਲਿਸ਼ਕਾਰੇ ਮਾਰ ਰਹੀ ਸੀ। ਕਿਸਾਨਾਂ ਦੀਆਂ ਬਹੁਤ ਸਾਰੀਆਂ ਉਮੀਦਾਂ ਇਸ ਉੱਤੇ ਟਿਕੀਆਂ ਹੋਈਆ ਸਨ। ਮੌਸਮ ਦਾ ਵੀ ਆਪਣਾ ਹੀ ਮਜ਼ਾਜ਼ ਸੀ। ਬੱਦਲ ਚੜ੍ਹ ਆਉਂਦੇ, ਲੋਕਾਂ ਦਾ ਤ੍ਰਾਹ ਨਿੱਕਲ ਜਾਂਦਾ ਕਿਤੇ ਪੱਕੀ ਫ਼ਸਲ ਨੂੰ ਬਰਬਾਦ ਨਾ ਕਰ ਦੇਣ। ਅਗਿਆਨਤਾ ਦੇ ਹਨੇਰੇ ਵਿੱਚ ਦੀ ਲੰਘਦੇ ਲੋਕ ਔਹੜ-ਪੌਹੜ ਕਰਦੇ ਸਾਧਾਂ, ਸੰਤਾਂ ਤੇ ਧਾਰਮਿਕ ਸਥਾਨਾਂ 'ਤੇ ਨੱਕ ਰਗੜਣ ਲੱਗਦੇ। ਸ਼ਾਇਦ ਉਹ ਆਪਣੀ ਕਿਸੇ ਗੈਬੀ ਸ਼ਕਤੀ ਨਾਲ ਮੀਂਹ, ਝੱਖੜ, ਗੜ੍ਹਿਆਂ ਨੂੰ ਰੋਕ ਦੇਣ ਤੇ ਫ਼ਸਲ ਨੂੰ ਬਚਾ ਲੈਣ।

ਸ਼ਾਮ ਦਾ ਵਕਤ ਸੀ। ਮੇਰਾ ਨਾਂ ਲੈ ਕੇ ਮੇਰੇ ਘਰ ਦਾ ਗੇਟ ਖੜਕਿਆ। ਮੈਂ ਬਾਹਰ ਆਇਆ ਤਾਂ ਦੇਖਿਆ ਕੁੱਝ 'ਮੋਹਤਬਰ' ਬੰਦੇ ਬਾਹਰ ਖੜ੍ਹੇ ਸਨ। ਮੈਂ ਉਨ੍ਹਾਂ ਨੂੰ ਸਤਿਕਾਰ ਦਿੱਤਾ। ਉਨ੍ਹਾਂ ਕਿਹਾ, "ਅਸੀਂ ਤਾਂ ਜੀ ਪੈਸੇ ਕੱਠੇ ਕਰਦੇ ਸੀ...। ਜੋ ਸ਼ਰਧਾ ਸਮਾਣ ਤੁਸੀਂ ਦੇਣਾ ਦੇ ਦਿਓ।"

"ਕਿਸ ਮਕਸਦ ਲਈ ਉਗਰਾਹੀ ਕਰ ਰਹੇ ਹੋ?" ਮੈਂ ਪੁੱਛਿਆ।

"ਮੌਸਮ ਖਰਾਬ ਰਹਿੰਦਾ ਹੈ ਗੋਲੇ-ਕਾਕੜੇ ਤੋਂ ਪੁੰਨ ਕਰਨਾ ਹੈ।" ਇੱਕ ਬਜ਼ੁਰਗ ਨੇ ਕਿਹਾ।

"ਬਾਬਿਆਂ ਤੋਂ ਗੜੇ ਬਨਵਾਉਣੇ ਹਨ।" ਦੂਜੇ ਨਾਲ਼ ਹੀ ਬੋਲ ਪਏ। ਮੈਂ ਪਹਿਲਾਂ ਸਾਰਿਆਂ ਦੇ ਚਿਹਰਿਆਂ ਨੂੰ ਤੱਕਿਆਂ ਤੇ ਫਿਰ ਕਿਹਾ "ਬਾਬੇ ਗੜੇ ਬੰਨ੍ਹ ਦਿੰਦੇ ਨੇ।"

"ਹਾਂ।" ਕਈਆਂ ਨੇ ਇੱਕ ਸੁਰ ਵਿੱਚ ਕਿਹਾ।

"ਫਿਰ ਤਾਂ ਉਹ ਬੜ੍ਹੀ ਕਰਨੀ ਵਾਲੇ ਨੇ।"

"ਹਾਂ ਉਨ੍ਹਾਂ ਦੀ ਤਾਂ ਬੜ੍ਹੀ ਮਾਨਤਾ ਹੈ। ਲੋਕ ਦੂਰੋਂ-ਦੂਰੋਂ ਆਉਂਦੇ ਨੇ।" ਇੱਕ ਨੇ ਜਵਾਬ ਦਿੱਤਾ।

"ਚਲੋਂ ਫਿਰ ਤੁਸੀਂ ਆਏਂ ਕਰੋ! ਮੇਰੀ ਕਣਕ 'ਤੇ ਗੜੇ ਪਵਾ ਦਿਓ।"

"ਆਏਂ ਕਿਵੇਂ ਹੋਊ।" ਉਨ੍ਹਾਂ ਨੇ ਉੱਚੇ ਸੁਰ ਵਿੱਚ ਕਿਹਾ।

"ਫਿਰ ਉਹ ਰੋਕ ਕਿਵੇਂ ਸਕਦੇ ਨੇ।"

"ਉਨ੍ਹਾਂ ਵਿੱਚ 'ਸ਼ਕਤੀ' ਹੈ।" ਉਹ ਬੋਲੇ।

"ਜੇ ਸ਼ਕਤੀ ਹੈ, ਤਾਂ ਹੀ ਤਾਂ ਮੈਂ ਕਹਿੰਦਾ ਹਾਂ, ਸਾਰੇ ਪਿੰਡ ਦੇ ਗੜੇ ਮੇਰੀ ਕਣਕ 'ਤੇ ਵੀ ਪਵਾ ਸਕਦੇ ਨੇ।'

"ਤੂੰ ਤਾਂ! ਐਵੇਂ ਭਕਾਈ ਮਾਰੀ ਜਾਂਨਾ।" ਤਿੱਖੀ ਅਵਾਜ਼ ਵਿੱਚ ਇੱਕ ਬੋਲਿਆ।

"ਭਕਾਈ ਨਹੀਂ ਮਾਰਦਾ। ਇਹ ਸਭ ਪਾਖੰਡ ਤੋਂ ਬਿਨ੍ਹਾਂ ਕੁੱਝ ਵੀ ਨਹੀਂ। ਨਾ ਬਾਬਿਆਂ ਦੇ ਕਹੇ ਤੋਂ ਗੜੇ ਹਟਣੇ ਨੇ, ਨਾ ਪੈਣੇ ਨੇ। ਹਰ ਸਾਲ ਇਸ ਸਮੇਂ ਮੌਸਮ ਖ਼ਰਾਬ ਹੁੰਦਾ ਹੈ ਗੜੇ ਵੀ ਪੈਂਦੇ ਨੇ, ਮੀਂਹ ਵੀ ਆਉਂਦਾ ਹੈ, ਝੱਖੜ ਵੀ ਝੂਲਦੇ ਨੇ। ਕਿਤੇ ਵੱਧ ਕਿਤੇ ਘੱਟ। ਕੁਦਰਤੀ ਵਰਤਾਰਿਆਂ ਨੂੰ ਕੋਈ ਨਹੀਂ ਰੋਕ ਸਕਦਾ। ਤੁਸੀਂ ਉਨ੍ਹਾਂ ਵਿਹਲੜਾਂ ਨੂੰ ਪੈਸੇ ਦਿੰਦੇ ਹੋ ਉਹ ਐਸ਼ ਕਰਦੇ ਨੇ। ਤੁਸੀਂ ਖੇਤਾਂ ਵਿੱਚ ਸੱਪਾਂ ਦੇ ਸਿਰ ਮਿੱਧਦੇ ਫਿਰਦੇ ਹੋ, ਦਿਨ ਰਾਤ ਇੱਕ ਕਰਦੇ ਹੋ। ਉਹ ਤੁਹਾਡੇ ਸਿਰ 'ਤੇ ਮੌਜਾਂ ਕਰਦੇ ਨੇ। ਸਮਝੋ ਕੁੱਝ, ਵਿਚਾਰੋ ਕੁੱਝ। ਐਮੇ ਵਿਚਾਰੇ ਜੇ ਬਣ ਕੇ ਲੁਟਾ ਨਾ ਹੋਈ ਜਾਵੋ।"

"ਇਹ ਤਾਂ ਤਰਕਸ਼ੀਲ ਵਾਲਾ, ਕਿਉਂ ਮੱਥਾ ਮਾਰੀ ਜਾਨੇ ਓ? ਇਹਨੇ ਕੁੱਝ ਨਹੀਂ ਦੇਣਾ।" ਇੱਕ ਬੜੇ ਗੁੱਸੇ ਨਾਲ਼ ਬੋਲਿਆ।

"ਹਾਂ! ਹੈਗਾ ਤਰਕਸ਼ੀਲ ਵਾਲਾ..। ਮੇਰੇ ਕੋਲ਼ ਇਨ੍ਹਾਂ ਪਾਖੰਡੀਆਂ ਨੂੰ ਦੇਣ ਲਈ ਕੁੱਝ ਨਹੀਂ, ਜੇ ਤੁਹਾਨੂੰ ਕਿਸੇ ਨੂੰ ਜ਼ਰੂਰਤ ਹੈ ਤਾਂ ਦੇ ਦਿੰਦਾ ਹਾਂ। ਇਸ ਕੰਮ ਲਈ ਮੈਂ ਕੁਝ ਨਹੀਂ ਦੇ ਸਕਦਾ।" ਉਹ ਬੁੜ-ਬੁੜ ਕਰਦੇ ਮੈਨੂੰ ਭੰਡਦੇ ਅਗਲੇ ਘਰ ਵੱਲ ਤੁਰ ਪਏ।

ਕੁੱਝ ਦਿਨ ਬਾਅਦ ਬਾਬਿਆਂ ਦੇ ਡੇਰੇ ਵਿੱਚ ਭੰਡਾਰਾ ਚੱਲ ਰਿਹਾ ਸੀ। ਲੋਕਾਂ ਵੱਲੋਂ ਚੜ੍ਹਾਵਾ ਤੇ ਹੋਰ ਸੌਦਾ-ਪੱਤਾ ਦਿੱਤਾ ਜਾ ਰਿਹਾ ਸੀ। ਸਪੀਕਰ ਵਿੱਚ ਦਾਨੀ ਸੱਜਣਾਂ ਦੇ ਨਾਂ ਬੋਲੇ ਜਾ ਰਹੇ ਸੀ। ਗੂਗਲ 'ਤੇ ਮੌਸਮ ਵਾਰੇ ਪਹਿਲਾਂ ਹੀ ਦੱਸ ਦਿੱਤਾ ਸੀ, ਮੀਂਹ ਪਊਗਾ। ਸਮਝਦਾਰ ਲੋਕਾਂ ਨੇ ਆਪਣੇ ਨਿੱਜੀ ਪ੍ਰੋਗਰਾਮ ਅੱਗੇ ਪਾ ਦਿੱਤੇ ਸਨ। ਦੁਪਹਿਰ ਤੋਂ ਬਾਅਦ ਆਸਮਾਨ ਕਾਲ਼ੇ ਬੱਦਲਾਂ ਨਾਲ਼ ਭਰ ਗਿਆ। ਕੁੱਝ ਸਮੇਂ ਬਾਅਦ ਮੌਸਮ ਨੇ ਆਪਣਾ ਰੰਗ ਦਿਖਾ ਦਿੱਤਾ। ਪੂਰਾ ਮੀਂਹ, ਗੜੇ, ਝੱਖੜ ਨੇ ਰੁੱਖ ਜੜੋਂ ਉਖਾੜ ਦਿੱਤੇ। ਭੰਡਾਰੇ ਵਾਲੇ ਤੰਬੂ, ਭਾਂਡੇ ਸਭ ਉਡਾ ਦਿੱਤੇ। ਡੇਰੇ ਵਿੱਚ ਲੱਗੇ ਕਈ ਰੁੱਖ ਵੀ ਟੁੱਟ ਗਏ। ਜਦੋਂ ਝੱਖੜ ਸ਼ਾਂਤ ਹੋਇਆਂ ਲੋਕ ਘਰਾਂ ਵਿੱਚੋਂ ਬਾਹਰ ਨਿੱਕਲੇ, ਗੜ੍ਹਿਆਂ ਨਾਲ਼ ਧਰਤੀ ਚਿੱਟੀ ਹੋਈ ਪਈ ਸੀ। ਲੋਕਾਂ ਦਾ ਕਾਫ਼ੀ ਨੁਕਸਾਨ ਹੋ ਗਿਆ। ਕਈ ਘਰਾਂ ਦੀਆਂ ਛੱਤਾਂ ਅਤੇ ਕੰਧਾਂ ਡਿੱਗ ਪਈਆਂ। ਫ਼ਸਲਾਂ ਦਾ **... ਬਾਕੀ ਪੰਨਾ 10 'ਤੇ**

ਚਾਨਣ ਵੱਲ ਪੁਲਾਂਘ

ਅਜਾਇਬ ਜਲਾਲਆਣਾ



"ਅਸੀਂ ਘਰੋਂ ਕਾਰ 'ਤੇ ਤੁਹਾਡੇ ਕੋਲ਼ ਆ ਰਹੇ ਸਾਂ, ਇਸਨੇ ਜ਼ੋਰ ਦੀ ਇੱਕ ਚੀਕ ਮਾਰੀ। ਅੱਖਾਂ ਉਤਾਂਹ ਚੜ੍ਹਾ ਗਈ। ਇੱਕ ਲੱਤ ਬੁੜ੍ਹਕਣ ਲੱਗ ਪਈ। ਅਸੀਂ ਇਸਨੂੰ ਹਿਲਾਇਆ ਜੁਲਾਇਆ। ਡਾਕਟਰ ਵੱਲੋਂ ਦਿੱਤੀ ਇੱਕ ਗੋਲ਼ੀ ਇਸਦੇ ਮੂੰਹ ਵਿੱਚ ਧੱਕੇ ਨਾਲ਼ ਪਾਈ। ਥੋੜ੍ਹੇ ਸਮੇਂ ਬਾਅਦ ਇਹ ਸੁੰਨ ਜਿਹੀ ਹੋ ਕੇ ਪਈ ਰਹੀ। ਬੱਸ, ਤੁਹਾਡੇ ਕੋਲ਼ ਆਉਣ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਇਹ ਸੁਰਤ ਚ ਆਈ ਹੈ।"

26-27 ਸਾਲ ਦੀ ਔਰਤ ਆਪਣੇ ਪਤੀ ਤੇ ਪਰਿਵਾਰ ਨਾਲ ਬੈਠੀ ਮੇਰੇ ਵੱਲ ਚੋਰ ਅੱਖਾਂ ਨਾਲ਼ ਘੂਰ ਕੇ ਵੇਖ ਰਹੀ ਸੀ। ਸ਼ਾਇਦ ਉਹ ਇਹ ਸੋਚ ਰਹੀ ਹੋਵੇ ਕਿ ਇਹ ਕੋਈ ਬਾਬਾ ਤਾਂ ਹੈ ਨਹੀਂ, ਕੋਈ ਪੜ੍ਹਿਆ ਲਿਖਿਆ ਸ਼ਖ਼ਸ਼ ਲੱਗ ਰਿਹਾ। ਜਿਸ ਦੀ ਲਾਇਬਰੇਰੀ ਵਿੱਚ ਚਾਰ ਚੁਫ਼ੇਰੇ ਕਿਤਾਬਾਂ ਹੀ ਕਿਤਾਬਾਂ ਵਿਖਾਈ ਦੇ ਰਹੀਆਂ ਹਨ।

ਉਸਦੇ ਨਾਲ ਆਏ ਪਤੀ ਨੇ ਉਸ ਦੀ ਬੀਮਾਰੀ ਬਾਰੇ ਮੁਢਲੀਆਂ ਗੱਲਾਂ ਦੱਸਣ ਤੋਂ ਬਾਅਦ ਆਪਣੇ ਮੋਬਾਇਲ 'ਤੇ ਉਸਦੇ ਦੌਰੇ ਦੀਆਂ ਵੀਡੀਓ ਵਿਖਾਈਆਂ। ਜਿਸ ਵਿਚ ਉਸਦੀ ਇੱਕ ਲੱਤ ਬੁੜ੍ਹਕਦੀ ਅਤੇ ਚਿਹਰਾ ਸੁੰਨ ਹੋਇਆ ਵਿਖਾਈ ਦਿੱਤਾ।

ਪ੍ਰੇਸ਼ਾਨੀ ਦਾ ਸਬੱਬ:

ਸਾਡੇ ਪੁੱਛਣ 'ਤੇ ਉਹ ਦੱਸਣ ਲੱਗਾ, "ਅਸੀਂ ਪਿਛਲੇ ਦੋ ਮਹੀਨਿਆਂ ਤੋਂ ਤੰਗ ਆਏ ਪਏ ਹਾਂ ਇਸਨੂੰ ਵਾਰ ਵਾਰ ਇਹੋ ਦੌਰਾ ਪੈਂਦਾ ਹੈ, ਵਾਧੂ ਡਾਕਟਰਾਂ ਕੋਲ਼ ਲੈਕੇ ਗਏ ਉਹਨਾਂ ਟੈਸਟ ਵੀ ਕਰਵਾਏ ਕੋਈ ਬਿਮਾਰੀ ਨਹੀਂ ਆਈ, ਬਸ ਇਹ ਕਹਿ ਦਿੰਦੇ ਆ ਦਵਾਈ ਦਿਓ ਥੋੜ੍ਹੇ ਸਮੇਂ ਬਾਅਦ ਆਪੇ ਠੀਕ ਹੋ ਜਾਊ। ਦਵਾਈ ਲੈਣ ਤੋਂ ਬਾਅਦ ਵੀ ਜਦ ਠੀਕ ਨਾ ਹੁੰਦੀ ਅਸੀਂ ਬਾਬਿਆਂ ਕੋਲ਼ ਵੀ ਗਏ।" ਉਸਦੇ ਗਲ਼ ਵਿਚ ਪਾਈ ਛੋਟੀਆਂ ਛੋਟੀਆਂ ਲੱਕੜਾਂ ਪਿਰੋਕੇ ਬਣਾਈ ਮਾਲਾ ਦੱਸ ਰਹੀ ਸੀ ਇਹ ਅੰਧਵਿਸ਼ਵਾਸ ਦੀ ਦਲ ਦਲ ਚ ਫਸ ਚੁੱਕੇ ਹਨ।

ਮਰੀਜ਼ ਦਾ ਦਰਦ:

ਨਾਲ ਆਏ ਪਰਿਵਾਰ ਮੈਂਬਰਾਂ ਨੂੰ ਬਾਹਰ ਭੇਜ ਕੇ ਅਸੀਂ ਉਸ ਔਰਤ ਨੂੰ ਆਪਣੇ ਵਿਸ਼ਵਾਸ ਵਿੱਚ ਲੈਕੇ ਗੱਲਬਾਤ ਸ਼ੁਰੂ ਕੀਤੀ। ਉਸਦੀ ਪੜ੍ਹਾਈ ਲਿਖਾਈ ਬਾਰੇ ਪੁੱਛਕੇ ਮਨੋਵਿਗਿਆਨ ਦੀਆਂ ਕੁੱਝ ਗੱਲਾਂ ਸਾਂਝੀਆਂ ਕੀਤੀਆਂ। ਦੋ ਮਹੀਨੇ ਪਹਿਲਾਂ ਅਜਿਹੀ ਕੋਈ ਗੱਲ ਜਾਂ ਘਟਨਾ ਦੱਸਣ ਲਈ ਕਿਹਾ ਜਿਸ ਨਾਲ਼ ਸਭ ਤੋਂ ਪਹਿਲਾਂ ਦੌਰਾ ਪਿਆ।

ਉਹ ਕੁੱਝ ਦੇਰ ਝਿਜਕਦੀ ਰਹੀ। ਉਸਨੂੰ ਆਪਣੀ ਸਮੱਸਿਆ ਬੇਝਿਜਕ ਹੋਕੇ ਖੁੱਲ੍ਹਕੇ ਰੱਖਣ ਲਈ ਪ੍ਰੇਰਿਤ ਕੀਤਾ। ਉਸਨੇ ਝੱਟ ਦੇਣੇ ਦੱਸਣਾ ਸ਼ੁਰੂ ਕੀਤਾ, ਮੈਂ ਘਰ ਵਿੱਚ ਬਹੁਤ ਕੰਮ ਕਰਦੀ ਹਾਂ, ਕਿਸੇ ਨਾਲ਼ ਲੜਦੀ ਝਗੜਦੀ ਨਹੀਂ ਇੱਕ ਦਿਨ ਮੇਰੇ ਸਹੁਰੇ ਨੇ ਬਿਨਾ ਗੱਲ ਤੋਂ ਮੇਰੀ ਬੇਇਜ਼ਤੀ ਕੀਤੀ। ਮੈਥੋਂ ਉਸਦਾ ਜਵਾਬ ਨਹੀਂ ਦਿੱਤਾ ਗਿਆ। ਬੱਸ ਉਸੇ ਦਿਨ ਤੋਂ ਮੇਰਾ ਦਿਮਾਗ਼ ਸੁੰਨ ਹੋਣ ਲੱਗ ਪਿਆ। ਅਸੀਂ ਉਸਦੇ ਸਬਰ ਦੀ ਤਾਰੀਫ਼ ਕਰਕੇ ਉਸਨੂੰ ਹੌਂਸਲਾ ਦਿੱਤਾ। ਹੁਣ ਉਹ ਪੂਰੇ ਆਤਮਵਿਸ਼ਵਾਸ ਨਾਲ਼ ਗੱਲਬਾਤ ਕਰਨ ਲਈ ਤਿਆਰ ਸੀ। ਉਸਦਾ ਮੁਰਝਾਇਆ ਚਿਹਰਾ ਖਿੜ ਗਿਆ। ਅੱਖਾਂ ਚ ਚਮਕ ਆ ਚੁੱਕੀ ਸੀ।

ਸ਼ਾਇਦ ਉਸਨੂੰ ਲੱਗਿਆ ਅੱਜ ਮੇਰੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਇਹ ਕਿਤਾਬਾਂ ਵਾਲ਼ਾ ਭਾਈ ਕਰ ਦੇਵੇਗਾ। ਉਸਨੂੰ ਦੱਸ ਦਿੱਤਾ ਗਿਆ ਤੇਰੀਆਂ ਸਾਰੀਆਂ ਸਮੱਸਿਆਵਾਂ ਹੱਲ ਤਾਂ ਹੋ ਜਾਣਗੀਆਂ ਪਰ ਥੋੜ੍ਹੀ ਉਡੀਕ ਕਰਨੀ ਪਏਗੀ। ਉਸਨੇ ਆਪਣੀਆਂ ਕੁੱਲ ਪੰਜ ਸਮੱਸਿਆਵਾਂ ਰੱਖੀਆਂ ਤੇ ਉਨ੍ਹਾਂ ਦਾ ਹੱਲ ਚਾਹਿਆ।

ਪੰਜ ਮਸਲੇ :

* ਦਾਦੇ ਪਰਿਵਾਰ ਘਰ ਰੋਜ਼ ਲੜਾਈ ਝਗੜਾ ਬਰਦਾਸ਼ਤ ਨਾ ਹੋਣ ਕਰਕੇ ਚਾਰ ਦਵਾਰੀ ਹੋ ਜਾਏ। ਜੋ ਪਹਿਲਾਂ ਹੀ ਵੱਖ ਸਨ।
* ਮੇਰਾ ਸਹੁਰਾ ਮੇਰੀ ਬੇਇਜ਼ਤੀ ਨਾ ਕਰੇ।
* ਮੇਰਾ ਮੋਟਾਪਾ ਘਟ ਜਾਏ। ਮੈਂ ਕਪੜੇ ਸਿਆਉਣਾ ਸਿੱਖਣਾ ਚਾਹੁੰਦੀ ਹਾਂ।
* ਮੈਂ ਬਾਹਰ ਘੁੰਮਣਾ ਫਿਰਨਾ ਚਾਹੁੰਦੀ ਹਾਂ।

(ਆਖਰੀ ਮੰਗ ਗੇਟ ਤੋਂ ਬਾਹਰ ਜਾਂਦੇ ਜਾਂਦੇ ਫਿਰ ਮੁੜਕੇ ਆ ਕੇ ਹਸਦੀ ਹੋਈ ਦੱਸਕੇ ਗਈ)

ਇਸ ਗੱਲ ਬਾਤ ਦੌਰਾਨ ਉਸਤੋਂ ਹਾਮੀ ਭਰਾ ਲਈ ਗਈ ਕਿ ਹੁਣ ਮੁੜ ਦੌਰਾ ਨਾ ਪਏ। ਇਸ ਤੋਂ ਪਹਿਲਾਂ ਉਸਨੇ 'ਇਸ ਤਰ੍ਹਾਂ ਕਿਉਂ ਹੁੰਦਾ ਹੈ ?' ਆਦਿ ਪੁੱਛਿਆ ਤਾਂ ਉਸਨੂੰ ਹਿਸਟੀਰੀਆ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇੰਝ ਮਹਿਸੂਸ ਹੋਣ 'ਤੇ ਕੁਝ ਜਰੂਰੀ ਸੁਝਾਅ ਦਿੱਤੇ ਗਏ। ਉਸ ਦਾ ਖੁਸ਼ੀ ਵਾਲੇ ਰੌਂਅ ਗੱਲ ਠੀਕ ਦਿਸ਼ਾ ਵੱਲ ਤੁਰਨ ਦੀ ਨਿਸ਼ਾਨੀ ਸੀ।

ਸੁਖਾਵਾਂ ਹੱਲ:

ਬਾਕੀ ਪੰਨਾ 5'ਤੇ

ਸੁਪਨਾ ਜਿਉਂਦਾ ਰਿਹਾ



ਚੰਨਣ ਵਾਂਦਰ

ਗੁਆਂਢੀ ਰਾਜ ਦੀ ਹੱਦ 'ਤੇ ਵਸਿਆ ਪਿੰਡ। ਖੇਤਾਂ ਵਿੱਚ ਬਣੀ ਢਾਣੀ ਤੇ ਵਸਦਾ ਪਰਿਵਾਰ। ਅਸੀਂ ਉਸ ਘਰ ਵਾਪਰਦੀਆਂ ਰਹੱਸਮਈ ਘਟਨਾਵਾਂ ਦੇ ਹੱਲ ਲਈ ਪਹੁੰਚੇ। ਘਰ ਦੇ ਵਿਹੜੇ ਵਿੱਚ ਅੱਗ ਨਾਲ ਅੱਧ ਸੜੀਆਂ ਦਰੀਆਂ, ਰਜਾਈਆਂ ਤੇ ਹੋਰ ਕੱਪੜਿਆਂ ਦਾ ਢੇਰ ਲੱਗਿਆ ਹੋਇਆ ਸੀ। ਘਰ ਦੇ ਕਮਰਿਆਂ ਦੀਆਂ ਕੰਧਾਂ ਅੰਦਰੋਂ ਧੂਏਂ ਨਾਲ ਕਾਲੀਆਂ ਨਜ਼ਰ ਆਈਆਂ। ਆਮ ਵਰਤੋਂ ਵਾਲ਼ਾ ਸਮਾਨ ਤੇ ਹੋਰ ਨਿੱਕ ਸੁੱਕ ਕਮਰਿਆਂ ਵਿੱਚ ਖਿੱਲਰਿਆ ਪਿਆ ਸੀ।ਕੇਸ ਹੱਲ ਕਰਨ ਲਈ ਮੇਰੇ ਨਾਲ ਗਏ ਰਾਜ ਤੇ ਗੁਰਪ੍ਰੀਤ ਨੇ ਘਰ ਦੇ ਚਾਰ ਚੁਫ਼ੇਰੇ ਦਾ ਜਾਇਜ਼ਾ ਲਿਆ।

ਘਟਨਾਵਾਂ ਦਾ ਮੁੱਢ :

ਪਰਿਵਾਰ ਵਿੱਚ ਘਰ ਦੇ ਮੁਖੀ ਪਤੀ ਪਤਨੀ ਤੋਂ ਇਲਾਵਾ ਪੁੱਤਰ, ਨੂੰਹ ਤੇ ਦੋ ਬੇਟੀਆਂ ਸਨ। ਪਰਿਵਾਰ ਤੋਂ ਕੀਤੀ ਪੁੱਛ ਪੜਤਾਲ ਰਾਹੀਂ ਪਤਾ ਲੱਗਾ ਕਿ ਸਭ ਤੋਂ ਪਹਿਲਾਂ ਵੱਡੀ ਬੇਟੀ ਤੇ ਮਾਂ ਦੇ ਕੱਪੜਿਆਂ ਨੂੰ ਧੂੰਆਂ ਪੈਣ ਲੱਗਿਆ ਸੀ। ਫਿਰ ਅੱਗ ਧੋਣ ਵਾਲੇ ਕੱਪੜਿਆਂ ਨੂੰ ਪੈਣ ਲੱਗ ਪਈ। ਮੰਜੇ ਤੇ ਨਵਾਰ ਨੂੰ ਅੱਗ ਲੱਗਣ ਲੱਗੀ। ਬਾਰ੍ਹਵੀਂ ਵਿੱਚ ਪੜ੍ਹਦੀ ਵੱਡੀ ਕੁੜੀ ਦੀਆਂ ਬਸਤੇ ਵਿੱਚ ਰੱਖੀਆਂ ਕਾਪੀਆਂ, ਕਿਤਾਬਾਂ ਫਟ ਜਾਂਦੀਆਂ। ਕਦੇ ਕਦੇ ਵਿਹੜੇ ਵਿੱਚ ਲੱਗੇ ਤੰਦੂਰ ਕੋਲੋਂ ਅੱਧ ਸੜੀਆਂ ਪਈਆਂ ਮਿਲਦੀਆਂ। ਇਲਾਜ ਲਈ ਘਰ ਸਾਧ, ਸਿਆਣਿਆਂ ਦਾ ਆਉਣ ਜਾਣ ਹੋਇਆ। ਢਾਲਿਆਂ, ਸੁੱਖਣਾ ਤੇ ਰੁਪਏ ਖ਼ਰਚ ਹੋਣ ਲੱਗੇ। ਘਟਨਾਵਾਂ ਉਵੇਂ ਹੀ ਹੁੰਦੀਆਂ ਰਹੀਆਂ।

ਅਸਲ ਵਿੱਚ ਇਕਲੌਤੇ ਲੜਕੇ ਦੇ ਵਿਆਹ ਮਗਰੋਂ ਹੀ ਘਰ ਵਿੱਚ ਅਲੋਕਾਰੀ ਘਟਨਾਵਾਂ ਨੇ ਪੈਰ ਪਾਇਆ। ਸਾਲ ਭਰ ਤਾਂ ਠੀਕ ਠਾਕ ਰਿਹਾ। ਉਸ ਤੋਂ ਮਗਰੋਂ ਘਟਨਾਵਾਂ ਦੀ ਮਾਰ ਪੈਣ ਲੱਗੀ। ਇਹ ਕੰਮ ਰਸੋਈ ਤੋਂ ਸ਼ੁਰੂ ਹੋਇਆ। ਨੂੰਹ ਰਾਣੀ ਬਾਕੀ ਪਰਿਵਾਰ ਮੈਂਬਰਾਂ ਨਾਲ ਘੱਟ ਵਿਚਰਦੀ ਸੀ। ਲੂਣ, ਮਿਰਚਾਂ, ਖੰਡ ਤੇ ਆਟਾ ਸਵੇਰੇ ਰਸੋਈ ਵਿੱਚ ਖਿੱਲਰਿਆ ਮਿਲਦਾ।ਕਦੇ ਇਹ ਰਸੋਈ ਵਾਲੀਆਂ ਆਮ ਵਰਤੋਂ ਦੀਆਂ ਵਸਤਾਂ ਗੁਸਲਖਾਨੇ ਵਿੱਚੋਂ ਮਿਲਦੀਆਂ।ਸਵੇਰ ਦੀ ਚਾਹ ਲਈ ਰੱਖਿਆ ਦੁੱਧ ਜਾਲੀ ਵਿੱਚ ਰੱਖਿਆ ਹੁੰਦਾ। ਸਵੇਰੇ ਦੁੱਧ ਡੁੱਲ੍ਹਿਆ ਹੁੰਦਾ ਤੇ ਦੁੱਧ ਵਾਲਾ ਭਾਂਡਾ ਘਰ ਦੇ ਵਿਹੜੇ ਵਿੱਚੋਂ ਮਿਲਦਾ। ਰੋਟੀ ਵਾਲਾ ਡੱਬਾ ਤੇ ਪੋਣੇ ਵੀ ਰਸੋਈ ਤੋਂ ਖਿਲਰੇ ਹੁੰਦੇ। ਪਰਿਵਾਰ ਲਈ ਇਹ ਘਟਨਾਵਾਂ ਅਲੋਕਾਰੀ ਸਨ। ਉਨ੍ਹਾਂ ਪਹਿਲਾਂ ਕਦੇ ਅਜਿਹਾ ਹੁੰਦਾ ਵੇਖਿਆ, ਸੁਣਿਆ ਨਹੀਂ ਸੀ।

ਘਰ ਵਿੱਚ ਖ਼ੇਤ ਵਰਤੋਂ ਲਈ ਡੀਜ਼ਲ ਦੇ ਦੋ ਭਰੇ ਕੇਨ ਤੂੜੀ ਵਾਲੇ ਕਮਰੇ ਵਿੱਚ ਪਏ ਰਹਿੰਦੇ। ਉਨ੍ਹਾਂ ਵਿੱਚੋਂ ਡੀਜ਼ਲ ਅਕਸਰ ਡੁੱਲ੍ਹਿਆ ਮਿਲਦਾ। ਇੱਕ ਵਾਰ ਮੁਖੀ ਦਸ ਹਜ਼ਾਰ ਦੇ ਨੋਟ ਅਲਮਾਰੀ ਵਿੱਚ ਸਾਂਭ ਕੇ ਚਾਬੀ ਆਪਣੇ ਸਿਰਹਾਣੇ ਰੱਖ ਕੇ ਸੁੱਤਾ। ਸਵੇਰੇ ਸ਼ਹਿਰ ਜਾਣ ਵੇਲੇ ਅਲਮਾਰੀ ਖੋਲ੍ਹੀ ਤਾਂ ਸਾਰੇ ਦੇ ਸਾਰੇ ਨੋਟ ਪਾਟੇ ਹੋਏ ਮਿਲੇ।ਫਿਰ ਸੰਦੂਕ ਵਿੱਚ ਰੱਖੇ ਤੇ ਚਾਹ ਵਾਲੀ ਪੀਪੀ ਵਿੱਚ ਲੁਕੋ ਕੇ ਰੱਖੇ ਪੰਜ, ਪੰਜ ਹਜ਼ਾਰ ਰੁਪਏ ਟੋਟੇ ਟੋਟੇ ਹੋਏ ਮਿਲੇ।ਇਸ ਦੌਰ ਵਿੱਚ ਦਸਵੀਂ ਵਿੱਚ ਪੜ੍ਹਦੀ ਛੋਟੀ ਕੁੜੀ ਨੂੰ ਕਸਰ ਹੋਣ ਲੱਗੀ। ਉਸਦੇ ਦੋ ਗੁਜ਼ਰ ਗਏ ਚਾਚੇ ਉਸਨੂੰ ਮੰਨਤਾ ਕਰਨ ਲਈ ਆਖ਼ਦੇ। ਉਸਦੇ ਕਾਪੀਆਂ, ਪੈੱਨ ਅਕਸਰ ਬਸਤੇ ਵਿੱਚੋਂ ਗੁੰਮ ਹੋ ਜਾਂਦੇ। ਪਈ ਪਈ ਦੇ ਘੁੰਡ ਮੁੜ ਜਾਂਦੇ। ਡਰੀ ਡਰੀ ਰਹਿੰਦੀ। ਘਰੇ ਇਕੱਲੀ ਨਾ ਬੈਠਦੀ। ਉਸਨੂੰ ਰਾਤ ਵੇਲੇ ਮਾਂ ਬਿਨਾਂ ਨੀਂਦ ਨਾ ਆਉਂਦੀ। ਕਦੇ ਕਦੇ ਉਸ ਦੀ ਵਰਦੀ ਫਟੀ ਹੋਈ ਮਿਲਦੀ।

ਰਿਸ਼ਤੇਦਾਰਾਂ ਨੇ ਇੱਕ ਹੋਰ ਰਾਹ ਸੁਝਾਇਆ। ਉਨ੍ਹਾਂ ਦੇ ਕਹੇ ਮੁੰਡੇ ਨੂੰ ਪਰਿਵਾਰ ਤੋਂ ਅੱਡ ਕਰ ਦਿੱਤਾ। ਇਹ ਤਰੀਕਾ ਕਾਰ ਵੀ ਰਾਸ ਨਾ ਆਇਆ। ਨੂੰਹ ਰਾਣੀ ਦੇ ਕੱਪੜਿਆਂ ਮੱਚਣ ਲੱਗ ਪਏ। ਇੱਕ ਵਾਰ ਜਦ ਉਹ ਆਪਣੇ ਪੇਕੇ ਘਰ ਗਈ। ਮਗਰੋਂ ਉਸ ਦੇ ਕਮਰੇ ਵਿੱਚ ਅੱਗ ਲੱਗ ਗਈ। ਅਜਿਹੀਆਂ ਘਟਨਾਵਾਂ ਅਕਸਰ ਵਾਪਰਨ ਲੱਗੀਆਂ। ਇੱਕ ਰਾਤ ਨੂੰ ਟਰੈਕਟਰ ਆਪਣੇ ਆਪ ਸਟਾਰਟ ਹੋ ਗਿਆ। ਪਰਿਵਾਰ ਤੋਂ ਵੱਖ ਹੋ ਕੇ ਨੂੰਹ ਪੁੱਤ ਹੋਰ ਔਖੇ ਹੋ ਗਏ। ਪਰਿਵਾਰ ਨੇ ਹਰ ਢੰਗ ਤਰੀਕਾ ਵਰਤ ਕੇ ਵੇਖ਼ ਲਿਆ ਪਰ ਘਟਨਾਵਾਂ ਬੰਦ ਨਾ ਹੋਈਆਂ। ਸਾਰੇ ਚੇਲੇ, ਸਿਆਣੇ ਪਰਖ ਲਏ। ਕੋਈ ਵੀ ਘਰ ਦਾ ਮਸਲਾ ਨਾ ਹੱਲ ਕਰ ਸਕਿਆ। ਘਰਦਿਆਂ ਨੇ ਏਨਾ ਨੁਕਸਾਨ ਤਾਂ ਝੱਲ ਲਿਆ ਸੀ। ਉਹ ਇਸ ਗੱਲੋਂ ਡਰਦੇ ਸਨ ਕਿ ਪਰਿਵਾਰ ਦੇ ਕਿਸੇ ਮੈਂਬਰ ਦਾ ਨੁਕਸਾਨ ਨਾ ਹੋ ਜਾਵੇ।

ਸਿਆਣੇ ਫੇਲ੍ਹ:

ਘਰ ਦਿਆਂ ਨੂੰ ਕੋਈ ਰਾਹ ਨਹੀਂ ਸੀ ਦਿਸਦਾ। ਰਿਸ਼ਤੇਦਾਰਾਂ ਵੱਲੋਂ ਦਬਾਅ ਪਾਉਣ 'ਤੇ ਡੱਬਵਾਲੀ ਤੋਂ ਮੰਨਿਆ ਪ੍ਰਮੰਨਿਆ ਸਿਆਣਾ ਲਿਆਂਦਾ। ਨਾਲ ਉਸਦੇ ਦੋ ਚੇਲੇ ਵੀ ਸਨ। ਅੱਧੀ ਰਾਤ ਤੱਕ ਉਨ੍ਹਾਂ ਚੌਂਕੀ ਲਗਾਈ। ਸਵੇਰ ਨੂੰ ਉੱਠੇ ਤਾਂ ਤਿੰਨਾਂ ਦੇ ਸਿਰਹਾਣੇ ਹੇਠ ਰੱਖੇ ਮੋਬਾਈਲ ਨਹੀਂ ਮਿਲ਼ੇ।

ਗੁੰਮ ਹੋ ਗਏ। ਉਨ੍ਹਾਂਦੇ ਭਾਅ ਦੀ ਬਣ ਗਈ। ਘਟਨਾਵਾਂ ਬੰਦ ਕਰਨ ਆਏ ਖੁਦ ਘਟਨਾ ਦੀ ਮਾਰ ਹੇਠ ਆ ਗਏ।ਆਖਰ ਤਿੰਨ੍ਹਾਂ ਦੇ ਮੋਬਾਈਲ ਮੋਟਰ ਵਾਲੇ ਖਾਲੇ ਵਿੱਚੋਂ ਮਿਲ਼ੇ। ਉਹ ਮਸਲਾ ਹੱਲ ਕਰਨ ਤੋਂ ਹੱਥ ਖੜ੍ਹੇ ਕਰ ਗਏ।ਉਨ੍ਹਾਂ ਮਸਾਂ ਖਹਿੜਾ ਛੁਡਾ ਕੇ ਵਾਪਸ ਪਰਤਣ ਨੂੰ ਪਹਿਲ ਦਿੱਤੀ।

ਰਹੱਸ ਦੀ ਚੂਲ :

ਸਾਰੀ ਪੁੱਛ ਪੜਤਾਲ ਮੁਕੰਮਲ ਹੋਈ। ਕੇਸ ਕਾਫ਼ੀ ਉਲਝਿਆ ਸੀ। ਜਿਸ ਦੀਆਂ ਤੰਦਾਂ ਕਈ ਪਾਸੇ ਉਲਝੀਆਂ ਸਨ। ਇਕੱਲੇ ਇਕੱਲੇ ਮੈਂਬਰਾਂ ਨਾਲ ਗੱਲਬਾਤ ਵੀ ਹੋਈ। ਰਾਹ ਸੁਖਾਲਾ ਨਹੀਂ ਸੀ।ਅਜਿਹੀ ਹਾਲਤ ਵਿੱਚ ਤਜਰਬੇ ਦੀ ਦੂਰ ਅੰਦੇਸ਼ੀ ਕੰਮ ਆਈ।ਅਖੀਰ ਵਿੱਚ ਸੋਚ ਵਿਚਾਰ ਕੇ ਵੱਡੀ ਲੜਕੀ ਨਾਲ਼ ਮੁੜ ਗੱਲਬਾਤ ਕੀਤੀ। ਮੈਨੂੰ ਘਟਨਾਵਾਂ ਦੀ ਸੂਤਰਧਾਰ ਉਹੋ ਲਗਦੀ ਸੀ। ਕਾਰਨ ਲੁਕਵੇਂ ਸਨ ਤੇ ਉਸੇ ਰਾਹੀਂ ਪਤਾ ਲੱਗਣੇ ਸਨ। ਦੂਜੀ ਵਾਰ ਬੁਲਾਉਣ ’ਤੇ ਮੁੜ ਗੱਲਬਾਤ ਚਲਾਉਣ ’ਤੇ ਉਸਨੂੰ ਵੀ ਖੁੜਕ ਗਈ। ਉਹ ਪੁੱਛੇ ਗਏ ਸੁਆਲਾਂ ਦੇ ਜੁਆਬ ਰੁਕ ਰੁਕ ਕੇ ਦੇਣ ਲੱਗੀ। ਕਈ ਵਾਰ ਚੁੱਪ ਕਰ ਜਾਂਦੀ। ਮੈਂ ਵਾਰ ਵਾਰ ਉਸਨੂੰ ਅਹਿਸਾਸ ਕਰਵਾਇਆ ਕਿ ਤੁਹਾਡਾ ਮਸਲਾ ਅਸੀਂ ਹੱਲ ਕਰ ਦਿਆਂਗੇ। ਪਰ ਸੱਚ ਸਾਹਮਣੇ ਆਉਣਾ ਜਰੂਰੀ ਹੈ। ਘਟਨਾਵਾਂ ਕਰਨ ਵਾਲੇ ਦੀ ਪਤਾ ਨੀਂ ਕੀ ਮਜਬੂਰੀ ਹੈ!

ਮਨ ਦੀ ਗੱਲ:

ਵਿਸ਼ਵਾਸ਼ ਵਿੱਚ ਆਉਣ ’ਤੇ ਉਹ ਦੱਸਣ ਲੱਗੀ, “ਬਿਲਕੁਲ ਠੀਕ ਕਿਹਾ ਤੁਸੀਂ ਅੰਕਲ ਜੀ। ਮਜਬੂਰੀ ਤੋਂ ਬਿਨਾ ਅਗਲਾ ਏਡਾ ਰਿਸਕ ਕਿਵੇਂ ਲੈ ਸਕਦਾ। ਅਸਲ ਵਿੱਚ ਇਹ ਸੁਪਨਿਆਂ ਦੇ ਟੁੱਟਣ ਦੀ ਕਹਾਣੀ ਹੈ। ਮੈਂ ਆਪਣੇ ਮਨ ਹੀ ਮਨ ਪੜ੍ਹ ਲਿਖ ਕੇ ਕੁਝ ਬਣਨ ਤੇ ਜ਼ਿੰਦਗੀ ਵਿੱਚ ਤਰੱਕੀ ਕਰਨ ਦਾ ਸੁਪਨਾ ਬੁਣਿਆ। ਦਿਨ ਰਾਤ ਮਿਹਨਤ ਕਰਨ ਲੱਗੀ। ਸਕੂਲੋਂ ਅਧਿਆਪਕਾਂ ਦਾ ਵੀ ਸਾਥ ਮਿਲਿਆ। ਸਹੇਲੀਆਂ ਨੇ ਵੀ ਹੱਲਾਸ਼ੇਰੀ ਦਿੱਤੀ। ਭਰਾ ਦਾ ਵਿਆਹ ਹੋਇਆ। ਘਰ ਦਾ ਕੰਮ ਧੰਦਾ ਵਧਣਾ ਸੁਭਾਵਿਕ ਸੀ। ਬੀਬੀ ’ਤੇ ਕੰਮ ਦਾ ਹੋਰ ਬੋਝ ਪੈ ਗਿਆ। ਇੱਕ ਦਿਨ ਪਾਪਾ ਮੈਨੂੰ ਕਹਿਣ ਲੱਗੇ, ਧੀਏ ਆਪਣੇ ਘਰ ਦਾ ਕੰਮ ਨੀਂ ਚਲਦਾ ਹੁਣ। ਤੈਨੂੰ ਤਾਂ ਬਾਰਾਂ ਜਮਾਤਾਂ ਹੀ ਪੜ੍ਹਾਵਾਂਗੇ। ਫਿਰ ਤੂੰ ਘਰ ਦਾ ਕੰਮ ਸਾਂਭ ਲਵੀਂ। ਤੇਰੀ ਬੀਬੀ ਹੁਣ ਬਹੁਤਾ ਕੰਮ ਨੀਂ ਕਰ ਸਕਦੀ। ਛੋਟੀ ਨੂੰ ਅੱਗੇ ਹੋਰ ਜਮਾਤਾਂ ਪੜ੍ਹਾ ਲਵਾਂਗੇ। ਇਹ ਸੁਣ ਕੇ ਮੈਨੂੰ ਆਵਦੀ ਜ਼ਿੰਦਗੀ ਹਨੇਰ ਨਜ਼ਰ ਆਉਂਦੀ ਦਿਸੀ। ਜ਼ਿੰਦਗੀ ਬਾਰੇ ਲਿਆ ਸੁਪਨਾ ਟੁਟਦਾ ਨਜ਼ਰ ਆਇਆ। ਗੁੱਸੇ, ਉਦਾਸੀ ਤੇ ਵਿਰੋਧ ਵਿੱਚੋਂ ਘਟਨਾਵਾਂ ਹੋਣ ਲੱਗੀਆਂ। ਮੈਨੂੰ ਪਤਾ ਮੇਰੀ ਗਲਤੀ ਵੱਡੀ ਹੈ। ਅੱਗੇ ਤੋਂ ਘਰ ਵਿੱਚ ਕਿਸੇ ਕਿਸਮ ਦੀ ਕੋਈ ਘਟਨਾ ਨਹੀਂ ਹੋਵੇਗੀ। ਤੁਸੀਂ ਮੇਰੀ ਮੱਦਦ ਕਰੋ ਤਾਂ ਮੇਰਾ ਜ਼ਿੰਦਗੀ ਵਿੱਚ ਅੱਗੇ ਵਧਣ ਦਾ ਸੁਪਨਾ ਜਿਉਂਦਾ ਰਹਿ ਸਕਦਾ ਹੈ।”

ਸੁਪਨਾ ਜਿਉਂਦਾ ਰਿਹਾ:

ਸਾਰੇ ਪਰਿਵਾਰ ਨੂੰ ਮੁੜ ਬੁਲਾਇਆ। ਸੁਖਾਵੇਂ ਮਾਹੌਲ ਵਿੱਚ ਗੱਲ ਹੋਈ। ਅੱਗੇ ਤੋਂ ਘਰ ਵਿੱਚ ਕਿਸੇ ਕਿਸਮ ਦੀ ਘਟਨਾ ਨਾ ਹੋਣ ਬਾਰੇ ਦੱਸਿਆ। ਮਿਲ ਕੇ ਰਹਿਣ, ਇੱਕ ਦੂਸਰੇ ਨਾਲ ਸਹਿਯੋਗ ਕਰਨ ਤੇ ਭਾਵਨਾਵਾਂ ਦੀ ਕਦਰ ਕਰਨ ਦੇ ਸੁਝਾਅ ਪਰਿਵਾਰ ਵੱਲੋਂ ਪ੍ਰਵਾਨ ਹੋਏ। ਘਰ ਦੇ ਵਧੇ ਕੰਮ ਲਈ ਬਾਹਰੋਂ ਕਿਸੇ ਲੋੜਵੰਦ ਨੂੰ ਕੰਮ ’ਤੇ ਰੱਖਣ ’ਤੇ ਵੀ ਸਹਿਮਤੀ ਬਣੀ। ਨਾਲ ਹੀ ਦੋਵਾਂ ਕੁੜੀਆਂ ਨੂੰ ਜਿੰਨਾ ਪੜ੍ਹਨਾ ਚਾਹੁਣ, ਪੜ੍ਹਾਉਣ ਦਾ ਸੁਝਾਅ ਵੀ ਪ੍ਰਵਾਨ ਚੜ੍ਹਿਆ। ਕਦੇ ਕਦਾਈਂ ਉਸ ਪਰਿਵਾਰ ਵੱਲੋਂ ਬਰਗਾੜੀ ਕੇਂਦਰ ’ਤੇ ਭੇਜਿਆ ਕੇਸ ਆਉਣ ਤੇ ਉਨ੍ਹਾਂ ਦੀ ਸੁੱਖ ਸਾਂਦ ਦਾ ਪਤਾ ਚਲਦਾ ਰਹਿੰਦਾ ਹੈ। ਪਰਿਵਾਰ ਰਾਜੀ ਖੁਸ਼ ਵਸ ਰਿਹਾ ਹੈ। ਦੋਵੇਂ ਕੁੜੀਆਂ ਉਚੇਰੀ ਪੜ੍ਹਾਈ ਮੁਕੰਮਲ ਕਰਨ ਦੇ ਨੇੜੇ ਹਨ। ਸਹੀ ਸਮਝ, ਸਹਿਯੋਗ ਤੇ ਤਰਕਸ਼ੀਲ ਦ੍ਰਿਸ਼ਟੀਕੋਣ ਸਦਕਾ ਸੁਪਨਾ ਜਿਉਂਦਾ ਰਹਿ ਸਕਿਆ। **98143 37522**

ਪੰਨਾ 3 ਦਾ ਬਾਕੀ ਉਸਦੇ ਪਤੀ ਨੂੰ ਸਾਰੀ ਗੱਲ ਸਮਝਾ ਦਿੱਤੀ ਗਈ। ਜਿਹੜੇ ਸੁਝਾਅ ਅਸੀਂ ਦੇ ਰਹੇ ਹਾਂ। ਇਸਦੀ ਕਿਸੇ ਨਾਲ਼ ਚਰਚਾ ਕਰਨ ਦੀ ਬਜਾਏ ਜੇਕਰ ਇੰਨ੍ਹਾਂ ਨੂੰ ਅਮਲੀ ਰੂਪ ਚ ਲਾਗੂ ਕਰਨਾ ਸ਼ੁਰੂ ਕਰ ਦਿਓ ਤਾਂ ਅੱਜ ਤੋਂ ਬਾਅਦ ਤੇਰੀ ਘਰ ਵਾਲ਼ੀ ਨੂੰ ਕੋਈ ਦੌਰਾ ਨਹੀਂ ਪਏਗਾ। ਉਹ ਬਹੁਤ ਸਮਝਦਾਰ ਤੇ ਸਿਆਣੀ ਔਰਤ ਹੈ। ਪਤੀ ਪੜ੍ਹਿਆ ਲਿਖਿਆ ਹੋਣ ਕਰਕੇ ਸਾਰੀ ਗੱਲ ਛੇਤੀ ਸਮਝ ਗਿਆ। ਉਸਨੇ ਆਪਣੀ ਸਹਿਮਤੀ ਦਿੱਤੀ। ਐਨੇ ਨੂੰ ਉਸਦੇ ਨਾਲ਼ ਆਏ ਸਾਰੇ ਅੰਦਰ ਬੁਲਾ ਲਏ ਗਏ। ਜਾਦੂ ਦੇ ਟ੍ਰਿਕ ਵਿਖਾ ਕੇ ਸਾਰਿਆਂ ਨੂੰ ਸੌਖੇ ਢੰਗ ਨਾਲ ਸਮਝਾਇਆ। ਅੱਜ ਤੋਂ ਬਾਅਦ ਸਭ ਠੀਕ ਹੋ ਜਾਏਗਾ। ਪੀੜਿਤ ਔਰਤ ਨੂੰ ਦੋ ਤਰਕਸ਼ੀਲ ਕਿਤਾਬਾਂ ਪੜ੍ਹਨ ਲਈ ਦਿੱਤੀਆਂ ਗਈਆਂ। ਦੋ ਘੰਟਿਆਂ ਦੀ ਗੱਲਬਾਤ ਤੋਂ ਬਾਅਦ ਉਹ ਸਾਰੇ ਖੁਸ਼ੀ ਖੁਸ਼ੀ ਰਵਾਨਾ ਹੋ ਗਏ। ਸਾਰਿਆਂ ਦੇ ਚਿਹਰਿਆਂ ਤੇ ਖੁਸ਼ੀ ਤੇ ਸਕੂਨ ਦੇ ਭਾਵ ਸਨ। ਡੇਢ ਮਹੀਨੇ ਤੋਂ ਉਸ ਔਰਤ ਨੂੰ ਕੋਈ ਦੌਰਾ ਨਹੀਂ ਪਿਆ। ਇਹ ਤਰਕਸ਼ੀਲ ਦ੍ਰਿਸ਼ਟੀਕੋਣ ਸਦਕਾ ਪਰਿਵਾਰ ਦੇ ਸਹਿਯੋਗ ਨਾਲ ਪੁੱਟੀ ਗਈ ਚਾਨਣ ਵੱਲ ਪੁਲਾਂਘ ਸੀ। 87087 70327

ਤਾਂਤ੍ਰਿਕ ਦੇ ਕਹਿਣ 'ਤੇ ਅਮੀਰ ਬਨਣ ਲਈ ਔਰਤ ਦੀ ਬਲੀ ਦੀ ਕੋਸ਼ਿਸ਼ 'ਚ ਦੋ ਗ੍ਰਿਫ਼ਤਾਰ

ਪੰਜਾਬ ਪੁਲਿਸ ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਇੱਕ ਅੱਧਖੜ ਉਮਰ ਦੀ ਮਹਿਲਾ ਦੀ 'ਮਨੁੱਖੀ ਬਲੀ' ਦੀ ਕੋਸ਼ਿਸ ਸੰਬੰਧੀ ਸਨਸਨੀਖੇਜ ਮਾਮਲੇ ਨੂੰ ਸੁਲਝਾ ਲਿਆ। ਮੁਲਜ਼ਮਾਂ ਵੱਲੋਂ ਅਮੀਰ ਬਣਨ ਦੀ ਇੱਛਾ ਰੱਖਦਿਆਂ ਜਾਦੂ-ਟੂਣੇ ਦੇ ਹਿੱਸੇ ਵਜੋਂ ਪੀੜਤ ਮਹਿਲਾ ਦਾ ਕਤਲ ਕਰਨ ਦੀ ਕੋਸ਼ਿਸ ਕੀਤੀ ਗਈ ਸੀ। ਰੋਪੜ ਰੇਂਜ ਦੇ ਆਈ ਜੀ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਫੜ੍ਹੇ ਗਏ ਦੋਵੇਂ ਮੁਲਜ਼ਮਾਂ ਦੀ ਪਛਾਣ ਕੁਲਦੀਪ ਸਿੰਘ ਉਰਫ ਕੀਪਾ ਅਤੇ ਜਸਵੀਰ ਸਿੰਘ ਉਰਫ ਜੱਸੀ ਦੋਵੇਂ ਵਾਸੀ ਪਿੰਡ ਫਿਰੋਜ਼ਪੁਰ (ਫਤਿਹਗੜ੍ਹ ਸਾਹਿਬ) ਵਜੋਂ ਹੋਈ ਹੈ। ਇਹਨਾਂ ਦੇ ਕਬਜੇ ਵਿੱਚੋਂ ਜੁਰਮ ਵਿੱਚ ਵਰਤਿਆ ਇੱਕ ਹੀਰੋ ਡੀਲਕਸ ਮੋਟਰਸਾਈਕਲ ਅਤੇ ਦਾਤਰੀ ਵੀ ਬਰਾਮਦ ਕੀਤੀ ਹੈ। ਫਤਿਹਗੜ੍ਹ ਸਾਹਿਬ ਦੇ ਪਿੰਡ ਫਰੌਰ ਦੀ 50 ਸਾਲਾਂ ਬਲਵੀਰ ਕੌਰ ਫਿਰੋਜ਼ਪੁਰ ਵਿਖੇ ਨਹਿਰ ਦੇ ਨੇੜੇ ਖੇਤਾਂ ਵਿੱਚ ਬੁਰੀ ਤਰ੍ਹਾਂ ਜ਼ਖਮੀ ਹਾਲਤ ਵਿੱਚ ਪਈ ਮਿਲੀ ਸੀ। ਪੀੜਤ ਹੁਣ ਖਤਰੇ ਤੋਂ ਬਾਹਰ ਹੈ ਅਤੇ ਉਹ ਪੀ ਜੀ ਆਈ ਚੰਡੀਗੜ੍ਹ ਵਿਖੇ ਜੇਰੇ ਇਲਾਜ ਹੈ। ਪੁਲਿਸ ਨੇ ਦੱਸਿਆ ਕਿ ਦੋਵੇਂ ਦੋਸ਼ੀ ਸਰਕਸ ਦੇ ਕਲਾਕਾਰ ਹਨ ਅਤੇ ਵੱਖ-ਵੱਖ ਪਿੰਡਾਂ ਚ ਜਾ ਕੇ-ਸਾਈਕਲ ਸ਼ੋਅ ਕਰਦੇ ਸਨ। ਮੁਲਜ਼ਮ ਕੀਪਾ ਅਤੇ ਜੱਸੀ ਦੀ ਮੁਲਾਕਾਤ ਬਲਵੀਰ ਕੌਰ ਨਾਲ ਉਸ ਦੇ ਲੜਕੇ ਧਰਮਪ੍ਰੀਤ ਰਾਹੀਂ ਹੋਈ, ਜਿਸ ਦੀ ਕਰੀਬ ਅੱਠ ਮਹੀਨੇ ਪਹਿਲਾਂ ਪਿੰਡ ਫਰੌਰ ਵਿਖੇ ਸ਼ੋਅ ਦੌਰਾਨ ਇਨ੍ਹਾਂ ਨਾਲ ਦੋਸਤੀ ਹੋਈ ਸੀ। ਐੱਸ ਐੱਸ ਪੀ ਫਤਿਹਗੜ੍ਹ ਸਾਹਿਬ ਡਾ. ਰਵਜੋਤ ਕੌਰ ਗਰੇਵਾਲ ਨੇ ਦੱਸਿਆ ਕਿ ਮੁਲਜਮ ਅਮੀਰ ਬਣਨ ਦੇ ਇੱਛੁਕ ਸਨ ਅਤੇ ਇੱਕ ਤਾਂਤਰਿਕ ਦੇ ਸੰਪਰਕ ਵਿੱਚ ਆਏ, ਜਿਸਨੇ ਉਨ੍ਹਾਂ ਨੂੰ ਇੱਕ ਔਰਤ ਦੀ 'ਮਨੁੱਖੀ ਬਲੀ' ਕਰਨ ਲਈ ਉਕਸਾਇਆ। ਉਹਨਾਂ ਦੱਸਿਆ ਕਿ ਕੀਪਾ ਅਤੇ ਜੱਸੀ ਨੇ ਬਲਵੀਰ ਕੌਰ ਨੂੰ ਤਾਂਤਰਿਕ ਕੋਲ 'ਮੱਥਾ ਟੇਕਣ' ਦੇ ਬਹਾਨੇ ਬੁਲਾਇਆ ਅਤੇ ਉਸ ਦਾ ਕਤਲ ਕਰਨ ਲਈ ਪਿੰਡ ਫਿਰੋਜ਼ਪੁਰ ਦੀ ਇਕ ਸੁੰਨਸਾਨ ਜਗ੍ਹਾ 'ਤੇ ਲੈ ਗਏ, ਜਿੱਥੇ ਉਨ੍ਹਾਂ ਦਾਤਰੀ ਨਾਲ ਮਹਿਲਾ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਦੀ ਗਰਦਨ ਅਤੇ ਸਰੀਰ ਦੇ ਹੋਰ ਅੰਗਾਂ 'ਤੇ ਗੰਭੀਰ ਸੱਟਾਂ ਲੱਗੀਆਂ। ਪਿੰਡ ਵਾਸੀਆਂ ਤੋਂ ਮਿਲੀ ਜਾਣਕਾਰੀ ਉਪਰੰਤ ਪੁਲਸ ਨੇ ਤੁਰੰਤ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਅਤੇ ਮੁਲਜਮਾਂ ਨੂੰ ਗ੍ਰਿਫ਼ਤਾਰ ਕਰ ਲਿਆ। **- ਗੁਰਜੀਤ ਬਿੱਲਾ**

ਨਵਾਂ - ਜ਼ਮਾਨਾ (21 ਅਪ੍ਰੈਲ 2023)

ਡੇਰਾ ਕ੍ਰਿਸ਼ਨ ਦੇਵ (ਜਟਾਂ ਵਾਲੇ) ਦੇ ਸੰਚਾਲਕ 'ਬਾਬਾ' ਤੁਲਸੀ ਦਾਸ ਦੀ ਪਤਨੀ ਤੇ ਰਿਸ਼ਤੇਦਾਰਾਂ 'ਤੇ ਸੈਕਸ ਰਾਕੇਟ ਅਧੀਨ ਲੋਕਾਂ ਨੂੰ ਬਲੈਕ ਮੇਲ ਕਰਨ 'ਤੇ ਪਰਚਾ ਦਰਜ (F.I.R. No. 0051, 19/05/2023)

ਜਿਲ੍ਹਾ ਸੰਗਰੂਰ- ਥਾਣਾ ਦਿੜ੍ਹਬਾ ਅੰਦਰ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਬਲੈਕਮੇਲ ਕਰਨ ਵਾਲੇ ਪੰਜ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਡੇਰਾ ਕ੍ਰਿਸ਼ਨ ਦੇਵ (ਜਟਾਂ ਵਾਲੇ) ਦੇ ਸੰਚਾਲਕ 'ਬਾਬਾ' ਤੁਲਸੀ ਦਾਸ ਦੀ ਪਤਨੀ ਕੁਲਦੀਪ ਕੌਰ ਮਹਿਲਾ ਚੌਂਕ, ਉਸ ਦੀ ਨੂੰਹ ਕਮਲਜੀਤ ਕੌਰ ਉਰਫ਼ ਕਮਲ ਬਾਵਾ ਮਹਿਲਾ ਚੌਂਕ, ਕੁਲਦੀਪ ਬਾਵਾ ਉਰਫ਼ ਪ੍ਰੀਤ ਵਾਸੀ ਖੇੜੀ ਜੱਟਾਂ, ਸੁਖਦੇਵ ਸਿੰਘ ਪੁੱਤਰ ਜੋਰਾ ਸਿੰਘ ਵਾਸੀ ਸੂਲਰ ਦੇ ਨਾਮ ਸ਼ਾਮਲ ਹਨ, ਖਿਲਾਫ਼ ਥਾਣਾ ਦਿੜ੍ਹਬਾ ਵਿਖੇ ਪਰਚਾ ਦਰਜ ਕਰਕੇ ਸੰਗਰੂਰ ਜੇਲ੍ਹ ਭੇਜ ਦਿੱਤਾ ਹੈ। ਪਿੰਡ ਵਾਸੀਆਂ ਨੇ ਡੇਰਾ ਸੰਚਾਲਕ ਤੇ ਉਸਦੇ ਪਰਿਵਾਰ ਨੂੰ ਡੇਰੇ 'ਚੋਂ ਬਾਹਰ ਕੱਢਣ ਲਈ ਇੱਕ 11 ਮੈਂਬਰੀ ਸੰਘਰਸ਼ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ। ਕਮੇਟੀ ਮੈਂਬਰਾਂ ਨੇ ਕਿਹਾ ਕਿ ਇਹ ਬਲੈਕਮੇਲ ਦਾ ਧੰਦਾ ਉਨ੍ਹਾਂ ਦੇ ਪਿੰਡ ਦੇ ਮੱਥੇ 'ਤੇ ਕਲੰਕ ਹੈ। ਪਹਿਲਾਂ ਵੀ ਸੰਚਾਲਕ ਦੇ ਪਰਿਵਾਰ ਨੂੰ ਇਸ ਸਬੰਧੀ ਤਾੜਨਾ ਕੀਤੀ ਗਈ ਸੀ। ਸੰਚਾਲਕ ਦੀ ਪਤਨੀ ਤੇ ਉਸ ਦੇ ਪਰਿਵਾਰਕ ਮੈਂਬਰਾਂ ਦੁਆਰਾ ਸੈਕਸ ਰਾਕੇਟ ਬਣਾ ਕੇ ਲੋਕਾਂ ਨੂੰ ਫਸਾ ਕੇ ਬਲੈਕਮੇਲ ਕਰਕੇ ਮੋਟੀ ਰਕਮ ਵਸੂਲ ਕੀਤੀ ਜਾਂਦੀ ਸੀ। ਕਮੇਟੀ ਮੈਂਬਰਾਂ ਨੇ ਇਸ ਬਲੈਕਮੇਲ ਦੇ ਧੰਦੇ ਖਿਲਾਫ਼ ਸੰਘਰਸ਼ ਦਾ ਐਲਾਨ ਕੀਤਾ ਹੈ। ਇਸ ਮੌਕੇ ਜਸਵੀਰ ਸਿੰਘ ਜੇਜੀ, ਜਸਵੀਰ ਸਰਪੰਚ, ਕਾਕਾ ਸਿਬੀਆ, ਪ੍ਰਭਦਿਆਲ ਸਿੰਘ ਗਿੱਲ, ਹਰਬੰਸ ਸਿੰਘ ਮਾਨ, ਨਿਰਮਲ ਸਿੰਘ ਖਰਾ, ਚਮਕੌਰ ਸਿੰਘ (ਤਰਕਸ਼ੀਲ ਆਗੂ), ਬੇਅੰਤ ਸਿੰਘ ਜੇਜੀ, ਮਦਨ ਦਾਸ ਮਹੰਤ, ਬਿੰਦਰੀ ਦੁਲੱਟ, ਹਰਜੀਤ ਸਿੰਘ ਫੌਜੀ, ਅਮਨਦੀਪ ਸਿੰਘ ਸੋਹੀ, ਜਗਜੀਤ ਸਿੰਘ ਸੇਖੋਂ, ਚਾਨਣ ਸਿੰਘ, ਕੁਰਦੀਪ ਸਿਬੀਆ, ਲਛਮਣ ਸਿੰਘ ਬੜੇਵਾਲ, ਹਰਜਿੰਦਰ ਸਿੰਘ ਪੰਚ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ। ਇਸ ਮੌਕੇ ਇੱਕਠੇ ਹੋਏ ਪਿੰਡ ਵਾਸੀਆਂ ਨੇ ਬਲੈਕਮੇਲਿੰਗ ਦੇ ਇਸ ਧੰਦੇ ਦੀ ਨਿੰਦਿਆ ਕੀਤੀ ਅਤੇ ਲੋਕਾਂ ਨੂੰ ਡੇਰਾਵਾਦ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਕਿਉਂਕਿ ਇਸ ਤਰ੍ਹਾਂ ਦੇ ਲੋਕ ਧਰਮ ਦਾ ਬਾਣਾ ਪਾ ਕੇ ਲੋਕਾਂ ਨੂੰ ਮੂਰਖ ਬਣਾਉਂਦੇ ਹਨ। ਪਰ ਇਹ ਸਭ ... **ਬਾਕੀ ਪੰਨਾ 35 'ਤੇ**

ਲੋਕ ਨਾਟਕਕਾਰ ਗੁਰਸ਼ਰਨ ਭਾਅ ਜੀ ਦੀ ਵਿਰਾਸਤ ਦਾ ਅਗਲਾ ਕਦਮ - ਡਾ. ਨਵਸ਼ਰਨ

- ਸਵਰਾਜਬੀਰ

ਪੰਜਾਬ ਦੀ ਪ੍ਰਮੁੱਖ ਸਮਾਜਿਕ ਕਾਰਕੁੰਨ ਤੇ ਚਿੰਤਕ ਨਵਸ਼ਰਨ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਪਿਛਲੇ ਦਿਨੀਂ ਪੁੱਛਗਿੱਛ ਲਈ ਬੁਲਾਇਆ। ਨਵਸ਼ਰਨ ਨੇ ਰਿਆਸਤ/ਸਟੇਟ ਦੇ ਦਮਨ ਵਿਰੁੱਧ ਵਚਨਬੱਧੀ ਲੱਕ ਬੰਨ੍ਹ ਕੇ ਕੰਮ ਕੀਤਾ ਹੈ। ਉਸ ਦੁਆਰਾ ਸੰਪਾਦਿਤ ਪੁਸਤਕ “ਭੈਅ ਦੇ ਦ੍ਰਿਸ਼” (Landscapes of Fear) ਰਿਆਸਤੀ ਦਮਨ ਅਤੇ ਉਸ ਵਿਰੁੱਧ ਹੋਏ ਸੰਘਰਸ਼ ਦੀ ਦਸਤਾਵੇਜ ਹੈ। ਨਵਸ਼ਰਨ ਨੇ ਔਰਤਾਂ ’ਤੇ ਹੁੰਦੇ ਜ਼ਬਰ ਅਤੇ ਕਿਸਾਨਾਂ ਤੇ ਮਜਦੂਰਾਂ ਦੇ ਸੰਘਰਸ਼ ਬਾਰੇ ਨਾ ਸਿਰਫ ਹੋਰ ਕਿਤਾਬਾਂ ਤੇ ਵਿਦਵਤਾਪੂਰਨ ਲੇਖ ਲਿਖੇ ਹਨ ਸਗੋਂ ਉਹ ਇਨ੍ਹਾਂ ਸੰਘਰਸ਼ਾਂ ਵਿਚ ਸ਼ਾਮਲ ਵੀ ਹੋਈ ਹੈ। ਕਸ਼ਮੀਰ ਤੋਂ ਅਸਾਮ ਤੇ ਦੱਖਣੀ ਭਾਰਤ ਤੱਕ ਉਸ ਨੇ ਥਾਂ ਥਾਂ ’ਤੇ ਜਾ ਕੇ ਲੋਕਾਂ ਨੂੰ ਹੱਕ-ਵਿਹੂਣੇ ਕਰਨ ਦੇ ਯਤਨਾਂ ਦਾ ਵਿਰੋਧ ਕੀਤਾ ਹੈ। ਉਸ ਨੇ 2020-21 ਦੇ ਕਿਸਾਨ ਸੰਘਰਸ਼ ਵਿਚ ਮੋਹਰੀ ਭੂਮਿਕਾ ਨਿਭਾਈ। ਉਸ ਨੇ ਦਲਿਤ ਔਰਤਾਂ ਦੇ ਹੱਕਾਂ ਲਈ ਆਵਾਜ ਉਠਾਈ ਤੇ ਉਨ੍ਹਾਂ ਦੇ ਦੁੱਖਾਂ-ਦੁਸ਼ਵਾਰੀਆਂ ਨੂੰ ਕਲਮਬੰਦ ਕੀਤਾ ਹੈ। ਸ਼ਾਹੀਨ ਬਾਗ ਹੋਵੇ ਜਾਂ ਲਖੀਮਪੁਰ ਖੀਰੀ ਜਾਂ ਦਿੱਲੀ ਵਿਚ ਹੋ ਰਹੀ ਫ਼ਿਰਕੂ ਹਿੰਸਾ, ਉਹ ਹਰ ਥਾਂ ’ਤੇ ਅਨਿਆਂ ਤੇ ਹਿੰਸਾ ਵਿਰੁੱਧ ਲੋਕਾਂ ਦੇ ਨਾਲ ਖੜ੍ਹੀ ਹੋਈ ਹੈ। ਨਵਸ਼ਰਨ 1984 ਦੇ ਕਤਲੇਆਮ (ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਸਿੱਖਾਂ ਦੇ ਕਤਲੇਆਮ) ਵਿਚ ਪ੍ਰਭਾਵਿਤ ਹੋਈਆਂ ਔਰਤਾਂ ਨੂੰ ਨਿਆਂ ਦਿਵਾਉਣ ਲਈ ਵੀ ਕਾਰਜਸ਼ੀਲ ਰਹੀ ਹੈ। ਉਸ ਦਾ ਹਮਸਫ਼ਰ ਅਤੁੱਲ ਸੂਦ ਵੀ ਅਜਿਹੇ ਸਫ਼ਰਾਂ ਦਾ ਪਾਂਧੀ ਹੈ, ਅਨਿਆਂ ਵਿਰੁੱਧ ਲੜਨ ਵਾਲਾ ਚਿੰਤਕ। ਨਵਸ਼ਰਨ ਪੰਜਾਬੀ ਦੇ ਉੱਘੇ ਨਾਟਕਕਾਰ ਅਤੇ ਨਾਟਕ ਨੂੰ ਪਿੰਡਾਂ ਤੱਕ ਲੈ ਕੇ ਜਾਣ ਵਾਲੇ ਰੰਗਕਰਮੀ ਭਾਅ ਜੀ ਗੁਰਸ਼ਰਨ ਸਿੰਘ ਦੀ ਵੱਡੀ ਧੀ ਹੈ।



ਨਵਸ਼ਰਨ ਨੇ ਭਾਈਚਾਰਕ ਸਾਂਝ ਬਣਾਉਣ ਲਈ ਸਕਾਰਾਤਮਕ ਕੰਮ ਕੀਤਾ ਹੈ। ਉਹ ਉੱਘੇ ਸਮਾਜਿਕ ਕਾਰਕੁੰਨ ਹਰਸ਼ ਮੰਦਰ ਦੇ ਅਮਨ ਬਰਾਦਰੀ ਟਰੱਸਟ ਦੀ ਟਰੱਸਟੀ ਹੈ। ਇਹ ਟਰੱਸਟ ਭਾਈਚਾਰਕ ਸਾਂਝ ਵਧਾਉਣ ਅਤੇ ਇਸ ਕਾਰਜ ਵਿਚ ਨੌਜਵਾਨਾਂ ਅਤੇ ਔਰਤਾਂ ਨੂੰ ਉਤਸ਼ਾਹਿਤ ਕਰਨ ਦਾ ਕੰਮ ਕਰਦਾ ਹੈ। ਹਰਸ਼ ਮੰਦਰ 2002 ਵਿਚ ਆਈ.ਏ.ਐੱਸ. ਤੋਂ ਅਸਤੀਫਾ ਦੇਣ ਤੋਂ ਬਾਅਦ ਦਲਿਤਾਂ, ਆਦਿਵਾਸੀਆਂ, ਘੱਟਗਿਣਤੀ ਫ਼ਿਰਕੇ ਦੇ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੇ ਹੱਕਾਂ ਲਈ ਕੰਮ ਕਰਦਾ ਰਿਹਾ ਹੈ। ਉਹ ਕਈ ਕਾਰਨਾਂ ਕਰਕੇ ਕੇਂਦਰ ਸਰਕਾਰ ਦੇ ਨਿਸ਼ਾਨੇ ’ਤੇ ਹੈ। ਕੇਂਦਰ ਸਰਕਾਰ ਦੀਆਂ ਏਜੰਸੀਆਂ ਉਸ ਦੇ ਟਰੱਸਟਾਂ ਜਿਨ੍ਹਾਂ ਵਿਚ ‘ਅਮਨ ਬਿਰਾਦਰੀ’ ਵੀ ਸ਼ਾਮਲ ਹੈ, ਬਾਰੇ ਪੜਤਾਲ ਕਰ ਰਹੀਆਂ ਹਨ। ਈ.ਡੀ. ਨੇ ਨਵਸ਼ਰਨ ਨੂੰ ਆਪਣੇ ਦਫ਼ਤਰ ਬੁਲਾ ਕੇ ਪੁੱਛਗਿੱਛ ਕੀਤੀ।

ਟਰੱਸਟ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਤਾਂ ਨਵਸ਼ਰਨ ਨੇ ਦੇਣੇ ਹੀ ਸਨ, ਪਰ ਉਸ ਨੂੰ ਕੁਝ ਅਨੋਖੇ ਪ੍ਰਸ਼ਨ ਵੀ ਪੁੱਛੇ ਗਏ, ਤੁਸੀਂ ਔਰਤਾਂ ਬਾਰੇ ਕਿਉਂ ਲਿਖਦੇ ਹੋ? ਤੁਸੀਂ ਕਿਸਾਨਾਂ ਬਾਰੇ ਕਿਉਂ ਲਿਖਦੇ ਹੋ? ਪੰਜਾਬ ਦੇ ਇਕ ਬਹੁਤ ਸੀਨੀਅਰ ਨਾਗਰਿਕ ਨੇ ਇਸ ਬਾਰੇ ਟਿੱਪਣੀ ਕੀਤੀ ਕਿ ਅਧਿਕਾਰੀਆਂ ਨੂੰ ਸ਼ਾਇਦ ਨਵਸ਼ਰਨ ਦੇ ਪਿਤਾ ਬਾਰੇ ਕੁਝ ਪਤਾ ਨਹੀਂ, ਨਹੀਂ ਤਾਂ ਉਹ ਇਹ ਸਵਾਲ ਵੀ ਪੁੱਛ ਸਕਦੇ ਸਨ ਕਿ ਤੁਹਾਡੇ ਪਿਤਾ ਜੀ ਕਿਉਂ ਲਿਖਦੇ ਸਨ।

ਰਿਆਸਤ/ਸਟੇਟ, ਕਾਰਪੋਰੇਟ ਅਦਾਰਿਆਂ, ਤਾਨਾਸ਼ਾਹਾਂ ਤੇ ਜ਼ੋਰਾਵਰਾਂ ਦਾ ਲਿਖਾਰੀਆਂ, ਵਿਦਵਾਨਾਂ, ਪੱਤਰਕਾਰਾਂ, ਚਿੰਤਕਾਂ ਆਦਿ ਨੂੰ ਇਹ ਸਵਾਲ ਪੁੱਛਣਾ ਵਾਜਬ ਹੈ ਕਿ ਤੁਸੀਂ ਲੋਕਾਂ ਦੇ ਹੱਕਾਂ ਬਾਰੇ ਕਿਉਂ ਲਿਖਦੇ ਹੋ; ਫੈਸ਼ਨ, ਬਾਜ਼ਾਰੀ ਚਮਕ, ਗਗਨ-ਚੁੰਬੀ ਇਮਾਰਤਾਂ, ਕਾਰਾਂ, ਟੈਲੀਵਿਜ਼ਨਾਂ, ਬਾਜ਼ਾਰ ਤੇ ਸਰਕਾਰ ਦੀਆਂ ਬਰਕਤਾਂ, ਅਜਿਹੇ ਵਿਸ਼ਿਆਂ ਬਾਰੇ ਕਿਉਂ ਨਹੀਂ ਲਿਖਦੇ। ਉਹ ਇਸ ਦਾ ਕੀ ਜਵਾਬ ਦੇ ਸਕਦੇ ਹਨ? ਉਹ ਸੱਤਾ ਦੇ ਤਰਕ ਵਿੱਚ ਗ੍ਰਸੇ ਅਧਿਕਾਰੀਆਂ ਨੂੰ ਕਿਵੇਂ ਦੱਸ ਸਕਦੇ ਹਨ ਕਿ ਲੋਕ-ਪੱਖੀ ਚਿੰਤਕਾਂ, ਕਲਾਕਾਰਾਂ, ਲੇਖਕਾਂ, ਸਮਾਜਿਕ ਕਾਰਕੁਨਾਂ ਤੇ ਵਿਦਵਾਨਾਂ ਨੇ ਹਮੇਸ਼ਾਂ ਹੱਕ ਸੱਚ ਲਈ ਆਵਾਜ ਉਠਾਈ ਹੈ, ਖ਼ਤਰੇ ਸਹੇੜੇ, ਮੁਸ਼ਕਲਾਂ ਸਹੀਆਂ ਅਤੇ ਕੁਰਬਾਨੀਆਂ ਦਿੱਤੀਆਂ ਹਨ। ਉੱਨੀਵੀਂ ਸਦੀ ਦੀ ਪੰਜਾਬੀ ਸ਼ਾਇਰਾ ਨਾਰੁੰਗ ਦੇਵੀ ਦੇ ਸ਼ਬਦ ਸ਼ਾਇਦ ਇਸ ਭਾਵਨਾ ਨੂੰ ਪਕੜ ਸਕਦੇ ਹਨ, **“ਸੱਚ ਵੱਲੋਂ ਹਟਜੇ ਜੇ ਜੱਗ ਸਾਰਾ, ਤਾਂ ਭੀ ਸੱਚ ਵੰਨੀ ਹੋਵਸਾਂ ਮੈਂ।”**

ਰਵਾਇਤੀ ਤੌਰ ’ਤੇ ਜਮਹੂਰੀਅਤ ਦੇ ਚਾਰ ਥੰਮ੍ਹ ਗਿਣਾਏ ਗਏ ਹਨ। ਹੁਣ ਦਾਨਿਸ਼ਵਰ ਕਹਿ ਰਹੇ ਹਨ ਕਿ ਜਮਹੂਰੀਅਤ ਕਈ ਥੰਮ੍ਹਾਂ ’ਤੇ ਖੜ੍ਹੀ ਹੁੰਦੀ ਹੈ,

... ਬਾਕੀ ਪੰਨਾ 44 ’ਤੇ


ਕੇਂਦਰੀ ਜੇਲ੍ਹ ਲਾਹੌਰ

– ਅਮਰ ਸਿੰਘ ਤੇਗ

ਜੇਲ੍ਹ ਦੀਆਂ ਸਜ਼ਾਵਾਂ ਤੇ ਸਖ਼ਤੀਆਂ

ਅੰਗਰੇਜ਼ਾਂ ਨੇ ਜਦੋਂ ਜੇਲ੍ਹ ਮੈਨੂਅਲ (ਕਾਨੂੰਨ) ਬਣਾਇਆ ਤਾਂ ਉਹਨਾਂ ਦੇ ਮਨ ਵਿੱਚ ਭਾਰਤੀਆਂ ਲਈ ਉੱਕਾ ਕੋਈ ਹਮਦਰਦੀ ਨਹੀਂ ਸੀ। ਉਹ ਕਾਨੂੰਨ ਅਜਿਹੇ ਸਨ ਜਿਨ੍ਹਾਂ ਨੂੰ ਰਹਿਮ ਦਿਲ ਇਨਸਾਨ ਪਸ਼ੂਆਂ ਉੱਤੇ ਵੀ ਨਹੀਂ ਵਰਤ ਸਕਦਾ। ਹੇਠ ਲਿਖੀਆਂ ਸਜ਼ਾਵਾਂ ਨੂੰ ਪੜ੍ਹ ਕੇ ਪਾਠਕ ਆਪ ਹੀ ਅਨੁਮਾਨ ਲਾ ਸਕਦੇ ਹਨ:

ਕੈਦੀ ਦੀ ਖ਼ੁਰਾਕ : ਰੋਟੀ ਜੋ ਛੋਲਿਆਂ ਦੇ ਆਟੇ ਦੀ ਅੱਧ ਕੱਚੀ ਜੇਹੀ ਹੁੰਦੀ ਸੀ, ਜੋ ਕੈਦੀ ਨੂੰ ਇੱਕ ਸਮੇਂ ਦੋ ਦਿੱਤੀਆਂ ਜਾਂਦੀਆਂ ਸਨ। ਰੋਟੀ ਵਿੱਚ ਸੁਸਰੀ ਢੋਰਾ ਆਮ ਦਿਸਦਾ ਸੀ। ਜੇ ਇਹ ਹੱਥੋਂ ਡਿੱਗ ਪੈਂਦੀ ਤਾਂ ਕਈ ਟੁਕੜੇ ਹੋ ਜਾਂਦੇ ਸਨ। ਦਾਲ ਨਿਰਾ ਪਾਣੀ ।ਉਸ ਵਿੱਚ ਵੀ ਕੀੜੇ ਮਕੌੜੇ ਤੇ ਹੰਮਾੜ ਮਾਰਦੀ ਸੀ। ਕਈ ਕੈਦੀ ਇਸ ਨੂੰ ਖਾ ਨਹੀਂ ਸਕਦੇ ਸਨ। ਉਨ੍ਹਾਂ ਦੇ ਵਾਰਸ ਜੇਲ੍ਹ ਕਰਮਚਾਰੀਆਂ ਨੂੰ ਰਿਸ਼ਵਤ ਦੇ ਕੇ ਬਾਹਰੋਂ ਚੰਗੀ ਖੁਰਾਕ ਭੇਜ ਦਿਆਂ ਕਰਦੇ ਸਨ। ਇਸ ਵਿੱਚ ਵੀ ਕੈਦੀ ਨੂੰ ਘਾਟਾ ਸੀ। ਉਦਾਹਰਣ ਵਜੋਂ ਇੱਕ ਕੈਦੀ ਸੋਢੀਆਂ ਦੇ ਅਮੀਰ ਘਰਾਣੇ ਵਿੱਚੋਂ ਸੀ। ਉਸ ਦੇ ਵਾਰਸਾਂ ਨੇ ਫਿਰੋਜ਼ਪੁਰ ਜੇਲ੍ਹ ਦੇ ਦਰੋਗੇ ਗੁਰਦਿਤਾ ਮੱਲ ਨਾਲ 200 ਰੁ. ਮਹੀਨਾ ਰਿਸ਼ਵਤ ਤਹਿ ਕਰ ਲਈ। ਕਿਸੇ ਕਾਰਨ ਉਨ੍ਹਾਂ ਤੋਂ ਦੋ ਮਹੀਨੇ ਇਹ ਰਿਸ਼ਵਤ ਨਾ ਭੇਜੀ ਗਈ ਤਾਂ ਦਰੋਗੇ ਨੇ ਨੰਬਰਦਾਰ ਰਾਹੀਂ ਉਸ ਕੈਦੀ ਦੀ ਮੁਸ਼ੱਕਤ ਤੰਦੂਰ 'ਤੇ ਰੋਟੀਆਂ ਪਕਾਉਣ 'ਤੇ ਲੁਆ ਕੇ ਉਸ ਨੂੰ ਤੰਦੂਰ ਵਿੱਚ ਸੁਟਵਾ ਕੇ ਮਰਵਾ ਦਿੱਤਾ। ਰਿਪੋਰਟ ਇਹ ਕੀਤੀ ਕਿ ਕੈਦੀ ਕਿਸੇ ਗਲਤੀ ਨਾਲ ਆਪ ਤੰਦੂਰ ਵਿੱਚ ਡਿੱਗ ਪਿਆ ਤੇ ਸੜ ਗਿਆ।



ਫਰੰਗੀ ਦੀਆਂ ਜੇਲ੍ਹਾਂ ਵਿੱਚ ਦੇਸ਼ ਭਗਤ

ਗਿੱਦੜ ਕੁੱਟ : ਕਿਸੇ ਕੈਦੀ ਨੂੰ ਜ਼ਿਆਦਾ ਤੰਗ ਕਰਨਾ ਹੁੰਦਾ ਤਾਂ ਉਸ ਨੂੰ ਕੰਬਲ ਵਿੱਚ ਲਪੇਟ ਕੇ, ਡੰਡੇ ਤੇ ਜੁੱਤੀਆਂ ਨਾਲ ਕੁੱਟਿਆ ਜਾਂਦਾ। ਇਸ ਨੂੰ ਜ਼ੇਲ੍ਹ ਦੀ ਬੋਲੀ ਵਿੱਚ 'ਗਿੱਦੜ ਕੁੱਟ' ਕਹਿੰਦੇ ਸਨ।

ਬੰਬਾ : ਮੁਲਤਾਨ, ਮਿੰਟਗੁਮਰੀ ਤੇ ਲਾਹੌਰ ਸੈਂਟਰਲ ਜ਼ੇਲ੍ਹਾਂ ਵਿੱਚ ਕਈ ਵਾਰ ਚਾਰ ਚਾਰ, ਪੰਜ ਪੰਜ ਹਜ਼ਾਰ ਕੈਦੀ ਹੋ ਜਾਂਦੇ ਸਨ। ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਮੁਸ਼ੱਕਤਾਂ ਦਿੱਤੀਆਂ ਜਾਂਦੀਆਂ ਤਾਂ ਜੋ ਉਹ ਨਿਢਾਲ ਹੋ ਕੇ ਪਏ ਰਹਿਣ। ਇਨ੍ਹਾਂ ਵਿੱਚੋਂ ਇਕ 'ਬੰਬਾ' ਸੀ। ਬੰਬੇ ਨੂੰ ਚਲਾ ਕੇ ਧਰਤੀ ਵਿੱਚੋਂ ਪਾਣੀ ਕੱਢਿਆ ਜਾਂਦਾ ਸੀ, ਜੋ ਜੇਲ੍ਹ ਦੇ ਲੰਗਰ, ਬਾਗੀਚੇ ਤੇ ਸਫਾਈ ਆਦਿ ਲਈ ਵਰਤਿਆ ਜਾਂਦਾ ਸੀ। ਬੰਬਾ ਖੂਹ ਵਿੱਚ ਬੋਰ ਕਰ ਕੇ ਇੱਕ ਫੁੱਟ ਚੌੜੀ ਨਾਲ ਫਿੱਟ ਕਰਕੇ ਬਣਾਇਆ ਜਾਂਦਾ। ਉਸ ਉੱਤੇ ਹਰਟ ਵਾਂਗ ਗਾਹਦੀ ਬਣਾ ਕੇ, ਉਸ ਨੂੰ ਚਾਰ ਪੰਜ ਹੱਥੀਆਂ ਲਾਈਆ ਜਾਂਦੀਆ ਸਨ। ਇਨ੍ਹਾਂ ਹੱਥੀਆਂ ਨੂੰ ਫੜ੍ਹ ਕੇ ਕੈਦੀ ਪਸ਼ੂਆਂ ਵਾਂਗ ਕਈ ਘੰਟੇ ਬੰਬਾ ਗੇੜਦੇ ਰਹਿੰਦੇ।

ਖਰਾਸ : ਆਟਾ ਪੀਹਣ ਲਈ ਖਰਾਸ ਹੁੰਦਾ, ਜਿਸ ਨੂੰ ਬੈਲਾਂ ਦੀ ਥਾਂ ਕੈਦੀ ਖਿੱਚਦੇ ਸਨ। ਕੈਦੀ ਤੋਂ ਇਹ ਮੁਸ਼ੱਕਤ ਕਈ ਘੰਟੇ ਲਈ ਜਾਂਦੀ ਸੀ।

ਖੜੀ ਚੱਕੀ : 8×8 ਦੀ ਕੋਠੜੀ ਵਿੱਚ ਖੜੀ ਚੱਕੀ ਲਾਈ ਹੁੰਦੀ। ਕੈਦੀ ਨੂੰ ਉਸ ਵਿੱਚ ਬੰਦ ਕਰ ਕੇ 18 ਸ਼ੇਰ ਪੱਕਾ ਆਟਾ ਪੀਹਣ ਨੂੰ ਦਿੱਤਾ ਜਾਂਦਾ। ਜੇ ਕੋਈ ਕਮਜ਼ੋਰ ਕੈਦੀ ਘੱਟ ਪੀਂਹਦਾ ਤਾਂ ਉਸ ਦੀ ਪੇਸ਼ੀ ਹੁੰਦੀ ਤੇ ਉਸ ਨੂੰ ਹੋਰ ਸਜ਼ਾ ਮਿਲਦੀ ਸੀ।

ਕੋਹਲੂ : ਇਹ ਦੋ ਕਿਸਮ ਦੇ ਸਨ। ਇਕ ਆਮ ਕੋਹਲੂਆਂ ਵਰਗਾ ਤੇ ਦੂਜਾ ਤਨਹਾਈ ਦੀ ਕੋਠੜੀ ਵਿੱਚ ਇਕੱਲੇ ਕੈਦੀ ਲਈ ਹੁੰਦਾ ਸੀ। 15 ਸੇਰ ਪੱਕਾ ਸਰ੍ਹੋਂ ਦਾ ਤੇਲ ਕਢਵਾਉਂਦੇ ਸਨ। ਇਕੱਲਾ ਕੋਹਲੂ ਤਾਕਤਵਰ ਕੈਦੀ ਹੀ ਗੇੜ ਸਕਦਾ ਸੀ। ਦੂਜੇ ਕੋਹਲੂ ਨੂੰ ਚਾਰ ਪੰਜ ਕੈਦੀ ਬੰਬੇ ਵਾਂਗ ਗੇੜਦੇ ਰਹਿੰਦੇ।

ਜ਼ੇਲ੍ਹ ਦੀ ਵਰਦੀ : ਕੈਦੀ ਨੂੰ ਜ਼ੇਲ੍ਹ ਵੜ੍ਹਦਿਆਂ ਆਪਣੇ ਕੱਪੜੇ ਲਾਹ ਕੇ ਜ਼ੇਲ੍ਹ ਦੀ ਵਰਦੀ ਪਾਉਣੀ ਪੈਂਦੀ। ਝੱਗਾ ਜਾਂ ਕੁੜਤਾ ਗੋਡਿਆਂ ਤੱਕ ਲੰਬਾ ਖੱਦਰ ਦਾ ਖੁੱਲੇ ਗਲਾਵੇਂ ਵਾਲਾ ਹੁੰਦਾ ਜਿਸ ਦੀਆਂ ਅੱਧੀਆਂ ਬਾਹਾਂ ਸਨ। ਸਿਰ ਉੱਤੇ ਖੱਦਰ ਦਾ ਕੰਨਾ ਤੋੜ ਟੋਪਾ, ਗਲ ਵਿਚ ਤੌਂਕ ਜਿਸ ਉੱਤੇ ਕੈਦੀ ਦਾ ਨੰਬਰ, ਸਜ਼ਾ ਤੇ ਜ਼ੁਰਮ ਆਦਿ ਲਿਖਿਆ ਹੁੰਦਾ। ਤੇੜ ਜਾਂਘੀਆ।

ਟਾਟ ਵਰਦੀ: ਇਹ ਸਜ਼ਾ ਵਜੋਂ ਤੰਗ ਕਰਨ ਲਈ ਟਾਟ ਦੇ

ਕੱਪੜੇ ਦੀ ਵਰਦੀ ਸੀ ਜਿਸ ਦੀ ਬਣਤਰ ਪਹਿਲੇ ਖੱਦਰ ਦੀ ਵਰਦੀ ਵਾਂਗ ਸੀ। ਟਾਟ ਗਰਮੀਆਂ ਵਿੱਚ ਤਪ ਜਾਂਦਾ ਤੇ ਸਰਦੀਆਂ ਵਿਚ ਠਰ ਜਾਂਦਾ ਸੀ। ਕੈਦੀ ਨੂੰ ਦੋਹਾਂ ਰੁੱਤਾਂ ਵਿਚ ਤਕਲੀਫ਼ ਦੇਂਦਾ।

ਜੇਲ੍ਹ ਦੀਆਂ ਮੁਸ਼ੱਕਤਾਂ : ਜੇਲ੍ਹ ਦੀਆਂ ਆਮ ਮੁਸ਼ੱਕਤਾਂ, ਮੁੰਜ ਕੁੱਟਣੀ ਤੇ ਵਾਣ ਵੱਟਣਾ, ਕਾਗਜ਼ਾਂ ਨੂੰ ਪੈਰਾਂ ਨਾਲ ਮਲਣ ਨੂੰ ਘੋਟਾ ਕਹਿੰਦੇ ਸਨ। ਬੋਰੀ ਦੇ ਦੋਹਾਂ ਸਿਰਿਆਂ ਨੂੰ ਰੱਸੀਆਂ ਨਾਲ ਬੰਨ੍ਹ ਕੇ ਪਿੱਛੇ ਪੰਜ ਫੁੱਟ ਲੱਕੜੀ ਦਾ ਡੰਡਾ ਲਾਇਆ ਜਾਂਦਾ। ਇੱਕ ਕੈਦੀ ਅੱਗੇ ਅੱਗੇ ਪਾਣੀ ਡੋਲ੍ਹਦਾ ਜਾਂਦਾ, ਦੂਜਾ ਇਸ ਨਾਲ ਪਿੱਛੇ ਪਿੱਛੇ ਪੋਚਾ ਦੇਂਦਾ ਜਾਂਦਾ ਸੀ। ਇਹ ਮੁਸ਼ੱਕਤ ਤੋਂ ਵਾਧੂ ਕੰਮ ਸੀ ਜੋ ਕੋਠੜੀ ਬੰਦ ਹਰ ਕੈਦੀ ਨੂੰ ਦੇਣਾ ਪੈਂਦਾ। ਬੰਬੇ ਅਤੇ ਕੋਹਲੂ ਦਾ ਜ਼ਿਕਰ ਉੱਪਰ ਹੋ ਚੁੱਕਾ ਹੈ। ਇਹ ਮੁਸ਼ੱਕਤਾਂ ਕੈਦੀ ਦਾ ਨਿੱਤ ਦਾ ਜੀਵਨ ਸੀ।

ਜੇਲ੍ਹਾਂ ਦੀਆਂ ਸਜ਼ਾਵਾਂ : ਇਕ ਤਰ੍ਹਾਂ ਮੁਸ਼ੱਕਤਾਂ ਵੀ ਕੈਦੀ ਲਈ ਸਜ਼ਾਵਾਂ ਹੀ ਹਨ ਪਰ ਇਸ ਨਾਲੋਂ ਵੀ ਭੈੜੀਆਂ ਸਜ਼ਾਵਾਂ ਜੁਰਮ ਕਰਨ ਵਾਲੇ ਕੈਦੀਆਂ ਨੂੰ ਦਿੱਤੀਆਂ ਜਾਂਦੀਆਂ ਹਨ:

ਪੀਨੀਅਲ ਡਾਈਟ : ਇਹ ਅੰਗਰੇਜ਼ੀ ਸ਼ਬਦ ਹੈ ਜਿਸ ਦਾ ਮਤਲਬ ਘੱਟ ਖੁਰਾਕ ਦੇਣਾ ਹੈ। ਤਿੰਨ ਛਟਾਂਕ ਆਟਾ ਪਾਣੀ ਵਿਚ ਉਬਾਲ ਕੇ, ਉਸ ਵਿਚ ਲੂਣ ਮਿਲਾ ਕੇ ਕੈਦੀ ਨੂੰ ਪਿਲਾਇਆ ਜਾਂਦਾ ਅਤੇ ਫੇਰ ਉਸ ਪਾਸੋਂ ਖੜ੍ਹੀ ਚੱਕੀ ਉੱਤੇ 18 ਸੇਰ ਆਟਾ ਪਿਹਾਇਆ ਜਾਂਦਾ ਸੀ।

ਖੜ੍ਹੀ ਹੱਥਕੜੀ : ਕੈਦੀ ਦੇ ਦੋਵੇਂ ਹੱਥਾਂ ਨੂੰ, ਹੱਥਕੜੀ ਲਾ ਕੇ, ਉਸ ਨੂੰ ਮੋਢਿਆਂ ਦੇ ਬਰਾਬਰ ਲੈ ਜਾ ਕੇ, ਕੋਠੜੀ ਦੇ ਦਰਵਾਜ਼ੇ ਦੇ ਉੱਪਰਲੇ ਟੀ ਆਰ ਨਾਲ ਬੰਨ੍ਹ ਕੇ ਲਟਕਾਇਆ ਜਾਂਦਾ। ਇਹ ਸਜ਼ਾ ਗਰਮੀ ਸਰਦੀ ਖਿਆਲ ਰੱਖ ਕੇ ਨਹੀਂ ਦਿੱਤੀ ਜਾਂਦੀ ਸੀ। ਕਈ ਵਾਰ ਸਰਦੀਆਂ ਵਿੱਚ ਕੈਦੀ ਠੰਡ ਨਾਲ ਆਕੜ ਜਾਂਦਾ ਸੀ।

ਬੇੜੀ : ਦੋ ਲੋਹੇ ਦੇ ਕੜਿਆਂ ਵਿੱਚ, ਅੰਗੂਠੇ ਵਰਗੇ ਦੋ ਸਰੀਏ ਵੈਲਡ ਕਰ ਕੇ ਦੋਵੇਂ ਕੜੇ ਕੈਦੀ ਦੀਆਂ ਦੋਹਾਂ ਲੱਤਾਂ ਵਿੱਚ ਪਾਏ ਜਾਂਦੇ ਸਨ। ਕੜਿਆਂ ਨੂੰ ਰਿਪਟ ਲਾ ਕੇ ਝੰਡ ਕੀਤੀ ਜਾਂਦੀ। ਸਰੀਏ ਦੋ ਫੁੱਟ ਤੋਂ ਢਾਈ ਫੁੱਟ ਤੱਕ ਹੁੰਦੇ। ਉਨ੍ਹਾਂ ਦਾ ਉਪਰਲਾ ਹਿੱਸਾ ਗੋਲ ਕੀਤਾ ਜਾਂਦਾ। ਰੱਸੀ ਪਾ ਕੇ ਇਹ ਕੈਦੀ ਦੇ ਲੱਕ ਨਾਲ ਬੰਨ੍ਹੀ ਜਾਂਦੀ ਸੀ। ਇਸ ਨਾਲ ਕੈਦੀ ਦੇ ਗਿੱਟੇ ਛਿੱਲੇ ਜਾਂਦੇ ਸਨ। ਉਹ ਵਿਚਾਰੇ ਗਿੱਟਿਆਂ ਨੂੰ ਕੱਪੜਾ ਲਪੇਟ ਕੇ ਬਚਾ ਕਰ ਲੈਂਦੇ।

ਡੰਡਾ ਬੇੜੀ : ਇਹ ਬੇੜੀ ਦੀ ਸਜ਼ਾ ਨੂੰ ਹੋਰ ਭਿਆਨਕ ਕੀਤਾ ਸੀ। ਬਾਕੀ ਸਭ ਉੱਪਰ ਦੱਸੀ ਬੇੜੀ ਵਾਂਗ ਹੈ ਪਰ ਇਸ ਵਿਚ ਡੇਢ ਫੁੱਟ ਦਾ ਮੋਟਾ ਡੰਡਾ ਪਾਇਆ ਜਾਂਦਾ। ਇਸ ਨਾਲ ਕੈਦੀ ਤੁਰਨ ਵੇਲੇ ਬਹੁਤ ਔਖਾ ਹੁੰਦਾ। ਉਸ ਨੂੰ ਹੌਲੀ ਤੁਰਨਾ ਪੈਂਦਾ ਤੇ ਇੱਕ ਲੱਤ ਘੁਮਾ ਕੇ ਕਦਮ ਪੁੱਟਣਾ ਪੈਂਦਾ ਸੀ। ਉਸ ਦੀਆਂ ਦੋਵੇ ਲੱਤਾਂ ਇਕੱਠੀਆਂ ਨਹੀਂ ਸਨ ਹੋ ਸਕਦੀਆਂ।

ਬੈਂਤ ਦੀ ਸਜ਼ਾ : ਲੋਹੇ ਦੀ ਗਊ ਦੁਮ, ਤਿਕੋਨੀ ਬਲੈਕ ਬੋਰਡ ਵਰਗੀ, ਟਿਕਟਿਕੀ ਜ਼ਮੀਨ ਵਿੱਚ ਗੱਡੀ ਜਾਂਦੀ। ਕੈਦੀ ਦੇ ਦੋਵੇਂ ਹੱਥ ਕੜਿਆਂ ਵਿੱਚ ਫਸਾ ਕੇ ਉਤਾਹ ਕਰ ਕੇ ਬੰਨ੍ਹ ਦਿੱਤੇ ਜਾਂਦੇ। ਉਸ ਦੇ ਸਾਰੇ ਕਪੜੇ ਲੁਹਾ ਕੇ, ਹੇਠਾਂ ਪੈਰਾਂ ਵਿੱਚ ਵੀ ਕੜੇ ਕਸ ਦਿੱਤੇ ਜਾਂਦੇ। ਕੱਛੇ ਦੀ ਥਾਂ ਇਕ ਪਤਲੀ ਰੁਮਾਲੀ ਭਿਉਂ ਕੇ ਪੁਆਈ ਜਾਂਦੀ ਸੀ। ਤਿੰਨ ਚਾਰ ਫੁੱਟ ਲੰਬੀਆਂ, ਅੰਗੂਠੇ ਵਰਗੀਆਂ ਮੋਟੀਆਂ ਬੈਂਤਾਂ, ਟਿਕਟਿਕੀ ਦੇ ਫ਼ਰਮੇ ਵਿਚ ਕਸੇ ਕੈਦੀ ਦੀ ਪਿੱਠ ਉੱਤੇ ਕਸ ਕਸ ਕੇ ਮਾਰੀਆਂ ਜਾਂਦੀਆਂ ਸਨ। ਇਹ ਬੈਂਤਾਂ ਪਹਿਲਾਂ ਕਈ ਕਈ ਘੰਟੇ ਪਾਣੀ ਵਿਚ ਭਿਉਂ ਕੇ ਰੱਖੀਆਂ ਹੁੰਦੀਆਂ ਸਨ। ਜਦੋਂ ਜਲਾਦ ਬੈਂਤ ਨੂੰ ਸੂਤ ਕੇ ਜ਼ਖਮ ਵਿੱਚੋਂ ਕੱਢਦਾ ਤਾਂ ਬੇਬਸ ਕੈਦੀ ਦੀਆਂ ਲੇਰਾਂ ਨਿਕਲ ਜਾਂਦੀਆਂ। ਉਹ ਇਸ ਤਰ੍ਹਾਂ ਬੰਨ੍ਹਿਆ ਹੁੰਦਾ ਕਿ ਕਿਸੇ ਪਾਸੇ ਹਿੱਲ ਜੁਲ ਵੀ ਨਹੀਂ ਸਕਦਾ ਸੀ। ਇਸ ਨਾਲੋਂ ਵੱਡਾ ਜ਼ੁਲਮ ਕੀ ਹੋ ਸਕਦਾ ਹੈ ? ਸਿਆਸੀ ਕੈਦੀਆਂ ਨੂੰ 30-30 ਬੈਂਤਾਂ ਦੀ ਸਜ਼ਾ ਦਿੱਤੀ ਗਈ।

ਕੈਦ ਤਨਹਾਈ : ਕੈਦ ਤਨਹਾਈ ਵਾਲੇ ਕੈਦੀ ਨੂੰ 24 ਘੰਟੇ, ਉਸ ਲਈ ਬਣੀ ਇਕੱਲੀ ਕੋਠੜੀ ਵਿਚ ਰੱਖਿਆ ਜਾਂਦਾ ਸੀ। ਉੱਥੇਂ ਹੀ ਉਸ ਤੋਂ ਵਾਣ ਵੱਟਣ ਜਾਂ ਚੱਕੀ ਪੀਹਣ ਦੀ ਮੁਸ਼ੱਕਤ ਵੀ ਲਈ ਜਾਂਦੀ । ਇਹ ਸਜ਼ਾ ਕਈ ਵਾਰ ਅਦਾਲਤ ਵਿੱਚੋਂ ਹੀ ਲਿਖੀ ਆਉਂਦੀ ਕਿ ਇਸ ਨੂੰ 3, 4, 6 ਜਾਂ 9 ਮਹੀਨੇ ਕੈਦ ਤਨਹਾਈ ਹੈ।

ਪਿੰਜਰੇ : ਲਾਹੌਰ, ਮੁਲਤਾਨ ਤੇ ਮਿੰਟਗੁਮਰੀ ਆਦਿ ਵੱਡੀਆਂ ਜੇਲ੍ਹਾਂ ਵਿਚ ਲੋਹੇ ਦੇ ਪਿੰਜਰੇ ਸਨ। ਇਨ੍ਹਾਂ ਪਿੰਜਰਿਆਂ ਨੂੰ ਲੰਬੀ ਬੈਰਕ ਵਿਚ ਇੱਕ ਕਤਾਰ ਵਿੱਚ ਖੜ੍ਹਾ ਕੀਤਾ ਹੁੰਦਾ ਤੇ ਸਾਰਿਆਂ ਨੂੰ ਸੰਗਲ ਪਾ ਕੇ ਇਕ ਦੂਜੇ ਨਾਲ ਜੋੜਿਆ ਹੁੰਦਾ ਸੀ। ਪਿੰਜਰਾ ਤਿੰਨ ਫੁੱਟ ਚੌੜਾ, 6 ਫੁੱਟ ਲੰਬਾ, ਪੰਜ ਫੁੱਟ ਉੱਚਾ ਹੁੰਦਾ ਸੀ, ਜਿਸ ਵਿੱਚ ਕੈਦੀ ਸਿੱਧਾ ਖੜ੍ਹਾ ਵੀ ਨਹੀਂ ਹੋ ਸਕਦਾ ਸੀ। ਇਸੇ ਵਿੱਚ ਹੀ ਇੱਕ ਨੁੱਕਰੇ ਟੱਟੀ ਪਿਸ਼ਾਬ ਕਰਦਾ। ਉੱਪਰ ਲਿਖੀਆਂ ਸਜ਼ਾਵਾਂ ਜੇਲ੍ਹ ਮੈਨੂਅਲ ਅਨੁਸਾਰ ਜਾਇਜ ਸਨ। ਇਥੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਅੰਗਰੇਜ਼ ਭਾਰਤੀਆਂ ਨੂੰ ਬੰਦੇ ਨਹੀਂ ਪਸ਼ੂ ਸਮਝਦਾ ਸੀ। ਉਸ ਦੀਆਂ ਜੇਲ੍ਹਾਂ ਜਲਾਦ ਘਰ ਸਨ, ਜਿਨ੍ਹਾਂ ਵਿਚ ਲੱਖਾਂ ਸਜੀਲੇ ਨੌਜਵਾਨਾਂ ਨੇ ਆਪਣੀਆਂ ਸੁਹਲ ਜ਼ਿੰਦੜੀਆਂ ਜ਼ਾਲਮ ਫਰੰਗੀ ਦੀ ਭੇਟ ਕੀਤੀਆਂ।

ਰੋਨੇ ਕੀ ਇਜ਼ਾਜਤ ਹੈ ਨਾ ਫਰਿਆਦ ਕੀ ਹੈ।
ਘੁਟ ਘੁਟ ਕੇ ਮਰ ਜਾਊਂ ਮਰਜ਼ੀ ਮਿਰੇ ਸਯਾਦ ਕੀ ਹੈ।

ਲਾਹੌਰ ਸੈਂਟਰਲ ਜੇਲ੍ਹ ਕਤਲਗਾਹ ਕਿ ਸਤਿਕਾਰਤ ਥਾਂ ?

ਲਾਹੌਰ ਸੈਂਟਰਲ ਜੇਲ੍ਹ ਵਿੱਚ ਜਿੰਨੇ ਦੇਸ਼-ਭਗਤ ਭੁੱਖ ਹੜਤਾਲਾਂ, ਨੌਕਰਸ਼ਾਹੀ ਦੀਆਂ ਸਖ਼ਤੀਆਂ ਅਤੇ ਫਾਂਸੀ ਦਾ ਸ਼ਿਕਾਰ ਹੋਏ, ਹੋਰ ਕਿਸੇ ਜੇਲ੍ਹ ਵਿਚ ਇੰਨੇ ਨਹੀਂ ਹੋਏ। ਲਾਹੌਰ ਸੈਂਟਰਲ ਜੇਲ੍ਹ ਨੂੰ ਕਤਲਗਾਹ ਆਖਾਂ ਜਾਂ ਸਤਿਕਾਰਤ ਥਾਂ, ਮੈਨੂੰ ਸਮਝ ਨਹੀਂ ਆਉਂਦੀ। ਜਿਨ੍ਹਾਂ ਕੋਠੜੀਆਂ ਵਿੱਚ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਸੁਖਦੇਵ, ਰਾਜਗੁਰੂ, ਬੱਬਰ ਅਕਾਲੀ ਸੂਰਮੇ ਅਤੇ ਹੋਰ ਰਣਬੀਰ ਤੇ ਉਹਨਾਂ ਦੇ ਸਾਥੀ ਜ਼ਿੰਦਾ ਸ਼ਹੀਦ ਭਾਰਤ ਦੀ ਆਜ਼ਾਦੀ ਲਈ ਕੁਰਬਾਨ ਹੁੰਦੇ ਰਹੇ ਹਨ, ਉਹ ਥਾਵਾਂ ਸਤਿਕਾਰਤ ਹਨ ਜਿਨ੍ਹਾਂ ਦੀ ਮਿੱਟੀ ਚੁੰਮ ਕੇ ਦੇਸ਼-ਪਿਆਰ ਦੀ ਲੋਰ ਚੜ੍ਹ ਜਾਂਦੀ ਹੈ।

(**ਸ੍ਰੋਤ : ਕਿਤਾਬ "ਫਰੰਗੀ ਦੀਆਂ ਜੇਲ੍ਹਾਂ ਵਿਚ ਦੇਸ਼ ਭਗਤ"**)

ਪੇਸ਼ਕਸ਼-ਰਾਕੇਸ਼ ਕੁਮਾਰ (ਪ੍ਰਸਿੱਧ ਇਤਿਹਾਸਕਾਰ)

ਪੰਨਾ 1 ਦਾ ਬਾਕੀ ਔਰਤ ਨੂੰ ਇੱਕ ਉਪਭੋਗ ਦੀ ਵਸਤੂ, ਮਰਦਾਂ ਦੀ ਸੇਵਾਦਾਰ, ਵੰਸ਼ ਚਲਾਉਣ ਵਾਲੀ ਭਾਵ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਮੰਨਦੀ ਹੈ। ਇਸ ਲਈ ਇਹ ਲੜਾਈ ਸਿਰਫ਼ ਕਾਨੂੰਨੀ/ਨਿਆ ਦੀ ਪ੍ਰਾਪਤੀ ਦੀ ਹੀ ਨਹੀਂ, ਸਗੋਂ ਵਿਚਾਰਧਾਰਕ-ਰਾਜਨੀਤਕ ਅਤੇ ਸਮਾਜਿਕ ਵੀ ਹੈ। ਔਰਤ ਨੂੰ ਅਜਿਹੇ ਧੱਕਿਆਂ ਦੇ ਖਿਲਾਫ਼ ਮੈਦਾਨ ਵਿੱਚ ਆਉਣਾ ਹੀ ਪਵੇਗਾ, ਕੋਈ ਦੈਵੀ ਸ਼ਕਤੀ ਉਹਨਾਂ ਦੀ ਰੱਖਿਆ ਨਹੀਂ ਕਰੇਗੀ, ਉਹਨਾਂ ਨੂੰ ਆਪ ਇੱਕ ਹਥਿਆਰ ਬਨਣਾ ਪਵੇਗਾ। ਵਿਨੇਸ਼ ਫੋਗਾਟ ਵੱਲੋ ਸ਼ੋਸ਼ਲ ਮੀਡੀਆ 'ਤੇ ਪੁਸ਼ਯਮਿਤਰ ਉਪਾਧਿਆਏ ਦੀ ਸ਼ੇਅਰ ਕੀਤੀ ਕਵਿਤਾ-'ਸੁਣੋ ਦਰੋਪਦੀ ਸ਼ਸਤਰ ਉਠਾ ਲੋ, ਅਬ ਗੋਬਿੰਦ ਨਾ ਆਏਂਗੇ, ਛੋੜੋ ਮੇਂਹਦੀ, ਖੜਗ ਸੰਭਾਲੋ, ਖ਼ੁਦ ਹੀ ਆਪਨਾ ਚੀਰ ਬਚਾ ਲੋ..' ਮਨਾਂ ਵਿੱਚ ਵਸਾਉਣੀ ਪਵੇਗੀ ਉਹਨਾਂ ਨੂੰ ਜੋ ਅਖੌਤੀ ਰੱਬ ਦੀ ਹੋਂਦ ਮੰਨਦੇ ਹਨ। ਇਹ ਸੰਘਰਸ਼ ਅਜੇ ਮੁੱਕਿਆ ਨਹੀ, ਨਾ ਹੀ ਮੁੱਕੇਗਾ, ਲੜਾਈ ਜਾਰੀ ਹੈ .... ਜਾਰੀ ਰਹੇਗੀ।

ਪੰਨਾ 2 ਦਾ ਬਾਕੀ ਕਾਫ਼ੀ ਨੁਕਸਾਨ ਹੋ ਗਿਆ। ਬਹੁਤ ਮਾੜਾ ਵਾਪਰਿਆ। ਹਰ ਪਾਸੇ ਹਾਹਾਕਾਰ ਮੱਚੀ ਹੋਈ ਸੀ। ਬਾਬਿਆਂ ਦੇ ਬੰਨ੍ਹੇ ਹੋਏ ਗੜੇ ਕੰਮ ਨਹੀਂ ਆਏ। ਵਿਗਿਆਨ ਦੇ ਗੂਗਲ ਨੇ ਪਹਿਲਾਂ ਹੀ ਚੇਤਾਵਨੀ ਦੇ ਦਿੱਤੀ ਸੀ। ਹੁਣ ਵੀ ਗੂਗਲ ਕਹਿ ਰਿਹਾ ਸੀ ਅਗਲੇ ਦੋ ਦਿਨ ਮੌਸਮ ਖ਼ਰਾਬ ਹੈ, ਲੋਕ ਮੋਬਾਇਲ 'ਤੇ ਦੇਖ ਰਹੇ ਸੀ। ਡੇਰੇ ਵਾਲੇ ਬਾਬੇ ਆਪਣਾ ਸਮਾਨ ਇਕੱਠਾ ਕਰ ਰਹੇ ਸਨ। ਉਨ੍ਹਾਂ ਕੋਲ੍ਹ ਉਨ੍ਹਾਂ ਦਾ ਕੋਈ ਸ਼ਰਧਾਲੂ ਨਾ ਪਹੁੰਚਿਆ। 98143 98762

ਨਿੱਕੇ-ਨਿੱਕੇ 'ਈਸਾ'

"ਸ਼ਿੰਦਰੋ ! ਕੱਲ੍ਹ ਕਿਉਂ ਨਾ ਆਈ ?"
"ਜੀ ਕੱਲ੍ਹ ਨਾ, ਮੇਰੀ ਬੀਬੀ ਬਾਹਲੀ ਢਿੱਲੀ ਹੋ ਗਈ ਸੀ।"
"ਕਿਉਂ ? ਕੀ ਹੋਇਆ ਤੇਰੀ ਬੀਬੀ ਨੂੰ ?"
"ਜੀ ਉਹਦੀ ਨਾ ਬੱਖੀ 'ਚੋਂ ਨਾੜ ਭਰਦੀ ਐ। ਕੱਲ੍ਹ ਮਾਨਸਾ ਦਿਖਾਉਣ ਜਾਣਾ ਸੀ।"



"ਦਿਖਾ ਆਏ ਫੇਰ ?"
" ਨਾ ਜੀ..."
"ਕਿਉਂ ?"
"ਜੀ ਕੱਲ੍ਹ ਪੈਸੇ ਨੀ ਹੈਗੇ ਸੀ....।"
"ਫੇਰ ?"
"ਜੀ ਅੱਜ ਲੈ ਕੇ ਜਾਊ ਮੇਰਾ ਬਾਪੂ...।"

- ਜਸਵੀਰ ਢੰਡ

"ਅੱਜ ਕਿੱਥੋਂ ਆ ਗਏ ਪੈਸੇ ?"
"ਜੀ ਸੀਰ ਆਲਿਆਂ ਦਿਓਂ ਲਿਆਇਐ... ਦਾਹਰੇ।"

ਪਹਿਲੀ ਜਮਾਤ ਵਿੱਚ ਪੜ੍ਹਦੀ ਸ਼ਿੰਦਰ ਆਪਣੇ ਅਧਿਆਪਕ ਨਾਲ ਸਿਆਣਿਆਂ ਵਾਂਗ ਗੱਲਾਂ ਕਰਦੀ ਹੈ। ਪੱਕਾ ਸਾਂਵਲਾ ਰੰਗ ਪਰ ਨੈਣ-ਨਕਸ਼ ਸੁਹਣੇ। ਆਪਣੀ ਉਮਰ ਦੇ ਬੱਚਿਆਂ ਨਾਲੋਂ ਦੋ ਤਿੰਨ ਸਾਲ ਵੱਡੀ ਤੇ ਸਮਝਦਾਰ...ਆਪ ਔਖੀ ਹੋ ਕੇ ਵੀ ਮਾਂ ਨੇ ਪੜ੍ਹਨ ਲਾਈ ਹੈ ਕਿ ਧੀ ਚਾਰ ਅੱਖਰ ਉਠਾਉਣ ਜੋਗੀ ਹੋ ਜਾਵੇ।

ਅਗਲੇ ਦਿਨ ਉਹ ਘੰਟਾ ਕੁ ਲੇਟ ਆਉਂਦੀ ਹੈ।
"ਲੇਟ ਹੋ ਗੀ ਅੱਜ ?"
"ਜੀ ਅੱਜ ਬੀਬੀ ਫੇਰ ਬਾਹਲੀ ਔਖੀ ਸੀ... ਰੋਟੀਆਂ ਪਕਾ ਕੇ ਆਈ ਆਂ... ਨਾਲੇ ਜੀ ਪਹਿਲਾਂ ਸਾਰਾ ਘਰ ਸੰਭਰਿਆ।"
"ਤੂੰ ਰੋਟੀਆਂ ਪਕਾ ਲੈਨੀ ਐਂ ?"
"ਹਾਂ ਜੀ, ਦਾਲ ਵੀ, ਮੇਰੀ ਬੀਬੀ ਪਈ ਪਈ ਦੱਸ ਦਿੰਦੀ ਐ... ਮੈਂ ਧਰ ਲੈਨੀ ਆਂ।"


ਸ਼ਿੰਦਰ ਦੇ ਚਿਹਰੇ 'ਤੇ ਆਤਮ ਵਿਸ਼ਵਾਸ ਦਾ ਜਲੌਅ ਵਿਖਾਈ ਦਿੰਦਾ ਹੈ।

"ਅੱਜ ਫੇਰ ਤੇਰੀ ਬੀਬੀ ਨੇ ਤੈਨੂੰ ਘਰੇ ਰਹਿਣ ਨੂੰ ਨੀ ਆਖਿਆ ?" ਅਧਿਆਪਕ ਦਾ ਜੀਅ ਕਰਦਾ ਹੈ ਕਿ ਉਸ ਨੂੰ ਛੁੱਟੀ ਦੇ ਦੇਵੇ।

"ਨਾ... ਜੀ.. ਅੱਜ ਤਾਂ ਬੀਬੀ ਮੇਰੇ ਬਾਪੂ ਨੂੰ ਕਹੀ ਜਾਂਦੀ ਸੀ... ਜੇ ਮੈਂ ਮਰ ਵੀ ਗਈ ਤਾਂ ਸ਼ਿੰਦਰ ਨੂੰ ਪੜ੍ਹਨੋਂ ਨਾ ਹਟਾਈਂ।"

ਜਮਾਤ ਵਿੱਚ ਚਾਲੀ ਪੰਜਾਹ ਬੱਚਿਆਂ ਦੇ ਸ਼ੋਰ ਦੇ ਬਾਵਜੂਦ ਅਧਿਆਪਕ ਦੇ ਅੰਦਰ ਇੱਕ ਚੁੱਪ ਪਸਰ ਜਾਂਦੀ ਹੈ। ਸੁੰਨ ਜਿਹਾ ਹੋਇਆ ਉਹ ਕੁੜੀ ਦੇ ਮੂੰਹ ਵੱਲ ਵੇਖਦਾ ਹੈ। ਕਿੰਨੇ ਹੀ ਨਿੱਕੇ-ਨਿੱਕੇ 'ਈਸਾ' ਸੂਲੀ 'ਤੇ ਲਟਕ ਰਹੇ ਹਨ।

ਸਿਹਤਮੰਦ ਜ਼ਿੰਦਗੀ ਦੇ ਤਿੰਨ ਸਬਕ



ਡਾ. ਸੁਰੇਸ਼ ਰਤਨ

ਡਾਕਟਰ ਸੁਰੇਸ਼ ਰਤਨ ਇਕ ਜੀਵ-ਵਿਗਿਆਨੀ ਹਨ ਜੋ ਮਨੁੱਖੀ ਉਮਰ ਤੇ ਬੁਢਾਪੇ ਬਾਰੇ ਆਪਣੀਆਂ ਵਿਗਿਆਨਕ ਖੋਜਾਂ ਕਰਕੇ ਸੰਸਾਰ ਪ੍ਰਸਿੱਧ ਹਨ। ਉਹ ਅੱਜਕੱਲ੍ਹ ਡੈਨਮਾਰਕ ਵਿਖੇ ਰਹਿ ਰਹੇ ਹਨ। ਇਹ ਲੇਖ ਉਨ੍ਹਾਂ ਦੇ ਕਰੋਨਾ ਵਾਇਰਸ ਕਰਕੇ ਲੌਕ-ਡਾਊਨ ਦਰਮਿਆਨ ਅਪ੍ਰੈਲ-ਮਈ 2020 ਵਿਚ ਕੀਤੀ ਹੋਈ ਇਕ ਅਠੱਤੀ ਗੱਲਾਂਬਾਤਾਂ ਦੀ ਫੇਸਬੁੱਕ ਦੀ ਲੜੀ ਜੋ ਯੂਟਿਊਬ 'ਤੇ ਵੀ ਸੁਣੀ ਜਾ ਸਕਦੀ ਹੈ, ਦਾ ਲਿਖਤੀ ਰੂਪਾਂਤਰਣ ਹੈ, ਜਿਸਨੂੰ ਅਸੀਂ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਵਾਰ ਪੇਸ਼ ਹੈ ਲੜੀ ਨੰਬਰ 32-34 ।

ਉਮਰ ਤੇ ਬੁਢਾਪੇ ਦੇ ਸੰਦਰਭ 'ਚ ਗੱਲਬਾਤ ਕਰਦਿਆਂ ਅਸੀਂ ਅਮਰ ਹੋ ਜਾਣ ਦਾ ਸੁਪਨਾ ਪੂਰਾ ਕਰਨ ਲਈ, ਸਿਧਾਂਤਕ ਤੌਰ 'ਤੇ ਸਮੀਕਰਨ $E=Gmc*C$ ਬਣਾਈ ਸੀ। ਇਸ ਸਮੀਕਰਨ ਵਿੱਚ E ਉਮਰ ਹੈ। ਉਮਰ ਨੂੰ ਜਿਹੜੇ ਫੈਕਟਰ ਪ੍ਰਭਾਵਿਤ ਕਰਦੇ ਹਨ ਉਹ ਹਨ- G ਜੀਨਜ਼, m ਮਹੌਲ ਤੇ c ਚਾਂਸ। ਇਸ ਵਿੱਚ m (ਯਾਨੀ ਮਾਹੌਲ) ਕਾਰਕ ਦੀ ਕਈ ਪੱਧਰਾਂ 'ਤੇ ਵਿਆਖਿਆ ਕਰ ਚੁੱਕੇ ਹਾਂ। ਆਪਾਂ ਹਾਰਮੇਟਿਕ ਤਰੀਕੇ ਅਧੀਨ ਭੋਜਨ, ਸਰੀਰਕ ਕਸਰਤ, ਸਮਾਜਿਕ ਅਤੇ ਮਾਨਸਿਕ ਪੱਧਰ 'ਤੇ ਆਪਣੇ ਆਪ ਨੂੰ ਰੁਝਾਈ ਰੱਖਣ ਬਾਰੇ ਪਹਿਲਾਂ ਗਲਬਾਤ ਕਰ ਚੁੱਕੇ ਹਾਂ। ਇਸੇ ਲੜੀ ਨੂੰ ਅੱਗੇ ਤੋਰਦਿਆਂ ਮੈਂ ਜਿਉਂਦੇ ਰਹਿਣ ਲਈ, ਇੱਕ ਹੋਰ ਲੋੜੀਂਦੇ ਕਾਰਨ ਦਾ ਜ਼ਿਕਰ ਕਰਨਾ ਜਰੂਰੀ ਸਮਝਦਾ ਹਾਂ ਕਿ ਸਾਨੂੰ ਇੱਕ ਦੂਜੇ 'ਤੇ ਵਿਸ਼ਵਾਸ ਬਨਾਉਣਾ ਵੀ ਬੜਾ ਜਰੂਰੀ ਹੁੰਦਾ ਹੈ। ਸਮਾਜ ਸ਼ਾਸਤਰੀਆਂ ਦੇ ਅਨੁਭਵਾਂ ਮੁਤਾਬਿਕ ਇਹ ਦੇਖਣ ਵਿੱਚ ਆਇਆ ਹੈ ਕਿ ਜਿਹੜੇ ਮੁਲਕਾਂ ਦੇ ਲੋਕ ਇੱਕ ਦੂਜੇ 'ਤੇ ਯਕੀਨ ਨਹੀਂ ਕਰਦੇ (ਭਾਵੇਂ ਇਸ ਬੇਵਿਸ਼ਵਾਸੀ ਦੇ ਕਈ ਕਾਰਨ ਹੋ ਸਕਦੇ ਹਨ) ਉੱਥੇ ਉਨ੍ਹਾਂ ਵਿੱਚ ਕਿਸੇ ਅਸੀਮ ਅਧਿਕਾਰਾਂ ਵਾਲੇ ਬੰਦੇ, ਜਾਂ ਕਿਸੇ ਅਦਿੱਖ ਸ਼ਕਤੀ ਜਾਂ ਕਿਸੇ 'ਗੁਰੂ' (Absolute Authority) 'ਤੇ ਯਕੀਨ ਕਰਨ ਦੀ ਭਾਵਨਾ ਪੈਦਾ ਹੋ ਜਾਂਦੀ ਹੈ ਜਾਂ ਇਹ ਭਾਵਨਾ ਪੈਦਾ ਕਰ ਦਿੱਤੀ ਜਾਂਦੀ ਹੈ। ਮੁੜ ਕੇ ਇਸ ਯਕੀਨ 'ਤੇ ਕੋਈ ਕਿੰਤੂ ਪਰੰਤੂ ਕਰਨ ਦੀ ਸੰਭਾਵਨਾ ਨਹੀਂ ਰਹਿੰਦੀ, ਭਾਵੇਂ ਤੁਹਾਡਾ ਯਕੀਨ ਹਜ਼ਾਰਾਂ ਵਾਰੀ ਟੁੱਟੇ। ਅਜਿਹੇ ਸਮਾਜ ਵਿੱਚ ਮਨੁੱਖਾਂ ਦਾ ਆਪਸੀ ਵਿਸ਼ਵਾਸ਼ ਨਹੀਂ ਹੁੰਦਾ। ਵਿਸ਼ਵਾਸ਼ ਨਾ ਹੋਣ ਕਰਕੇ ਲੋਕ ਇੱਕ ਬੇਯਕੀਨੀ ਤੇ ਚਿੰਤਾ ਵਿੱਚੋਂ ਵਧੇਰੇ ਗੁਜਰਦੇ ਹਨ। ਵਿਗਿਆਨ ਸਾਰੇ ਦਾ ਸਾਰਾ ਵਿਸ਼ਵਾਸ 'ਤੇ ਟਿਕਿਆ ਹੁੰਦਾ ਹੈ। ਕੋਈ ਕਿਸੇ ਦੇ ਖੋਜ ਡਾਟਾ, ਪ੍ਰਯੋਗਾਂ ਅਤੇ ਸਿੱਟਿਆਂ 'ਤੇ ਸ਼ੱਕ ਨਹੀਂ ਕਰਦਾ। ਵਿਸ਼ਵਾਸ ਕਰਕੇ ਅੱਗੇ ਤੁਰ ਪੈਂਦਾ ਹੈ। ਪਰ ਇਸ ਡਾਟੇ ਵਿੱਚ ਜੇ ਕੋਈ ਗ਼ਲਤੀ ਜਾਂ ਹੇਰਾ-ਫੇਰੀ ਹੋਵੇਗੀ, ਜਲਦੀ ਹੀ ਸਾਹਮਣੇ ਆ ਜਾਂਦੀ ਹੈ। ਪਰ ਇਹ ਗ਼ਲਤ ਬਿਆਨੀ ਸਬੰਧਤ ਖੋਜੀ ਨੂੰ ਬੜਾ ਪਿਛਾਂਹ ਧੱਕ ਦਿਆ ਕਰਦੀ ਹੈ।

ਇੱਥੇ ਉਪਰੋਕਤ ਵਿਸਥਾਰ ਦੇ ਨਾਲ ਮੈਂ ਅਗਲਾ ਇੱਕ ਹੋਰ ਕਾਰਕ ਹਾਸੇ-ਠੱਠੇ ਜਾਂ ਮਜਾਕ (ਹਿਊਮਰ) ਦਾ ਜੋੜਦਾ ਹਾਂ। ਦੇਖਣਾ ਇਹ ਵੀ ਪੈਣਾ ਕਿ ਹਿਊਮਰ ਦੀ (ਯਾਨਿ ਮਜ਼ਾਕ ਸਹਿਣ ਦੀ) ਸੀਮਾ ਕਿਸ ਕਿਸ ਲਈ ਕਿੰਨ੍ਹੀ ਕੁ ਹੁੰਦੀ ਹੈ ? ਹਾਸੇ-ਠੱਠੇ ਅਤੇ ਵਿਸ਼ਵਾਸ ਦਾ ਬੜਾ ਨੇੜੇ ਦਾ ਰਿਸ਼ਤਾ ਹੁੰਦਾ ਹੈ। ਦੁਨੀਆਂ ਵਿੱਚ ਮਜ਼ਾਕ ਸਹਿਣ ਦੀਆਂ ਲੋਕਾਂ ਦੀਆਂ ਆਪੋ ਆਪਣੀਆਂ ਹੱਦਾਂ ਹੁੰਦੀਆਂ ਹਨ। ਕਿਤੇ ਲੋਕ ਕਿਸੇ ਦੇ ਭੋਰਾ ਹਾਸੀ ਮਜਾਕ 'ਤੇ ਬੁਰਾ ਮਨਾ ਜਾਂਦੇ ਹਨ। ਵਿਅੰਗ ਨਾ ਸਹਿਣ ਵਾਲੇ ਤਾਂ ਇੱਕ ਰਸਾਲੇ ਵਿੱਚ ਛਪੇ ਕਾਰਟੂਨ 'ਤੇ ਰੋਸ ਦਿਖਾਉਂਦੇ ਬੰਦੇ ਮਾਰ ਦਿੰਦੇ ਹਨ। ਕਈਆਂ 'ਤੇ ਕੇਸ ਦਰਜ ਹੋ ਜਾਂਦੇ ਹਨ। ਜਿੱਥੇ ਇਸ ਤਰ੍ਹਾਂ ਦਾ ਮਹੌਲ ਹੋਵੇ ਸਮਝੋ ਕਿ ਇਸ ਸਮਾਜ ਦੀ ਮਾਨਸਿਕ ਸਿਹਤ ਚੰਗੀ ਨਹੀਂ ਹੈ। ਪਰ ਮਜਾਕ/ ਹਿਊਮਰ ਸਾਡੇ ਵਤੀਰੇ ਵਿੱਚ ਸ਼ਾਮਿਲ ਰਹਿੰਦਾ ਹੈ ਤੇ ਹੋਣਾ ਚਾਹੀਦਾ ਹੈ।

ਪਿਛਲੀ ਗੱਲਬਾਤ ਦੌਰਾਨ ਤੁਹਾਨੂੰ ਪੁੱਛਿਆ ਸੀ ਕਿ ਤੁਸੀਂ ਆਪਣੇ ਸਰੀਰ ਦੇ ਕਿਹੜੇ ਅੰਗ ਨੂੰ ਵੱਧ ਤੰਦਰੁਸਤ ਰੱਖਣਾ ਚਾਹੋਗੇ ? ਅਲੱਗ ਅਲੱਗ ਜੁਆਬ ਆਏ ਹਨ-ਕੋਈ ਆਪਣਾ ਹਾਜਮਾ ਠੀਕ ਰੱਖਣਾ ਚਾਹੁੰਦਾ। ਇੱਕ ਨੇ ਜੁਆਬ ਦਿੱਤਾ ਹੈ ਕਿ ਉਹ ਆਪਣੀਆਂ ਲੱਤਾਂ ਨੂੰ ਠੀਕ ਰੱਖਣਾ ਚਾਹੁੰਦਾ ਹੈ ਤਾਂ ਕਿ ਉਹ ਸਾਈਕਲਿੰਗ ਕਰ ਸਕੇ। ਪਹਿਲੀ ਵਾਰ ਕਿਸੇ ਨੇ ਕਿਹਾ ਹੈ ਕਿ ਉਹ ਆਪਣੀ ਜ਼ੁਬਾਨ ਨੂੰ ਤੰਦਰੁਸਤ ਰੱਖਣਾ ਚਾਹੁੰਦਾ ਹੈ। ਮੈਂ ਜਦੋਂ ਕਦੇ ਪਹਿਲਾਂ ਵੀ ਇਹ ਸੁਆਲ ਪੁੱਛਿਆ ਹੈ ਤੇ ਹੁਣ ਵੀ ਬਹੁਤੇ ਜੁਆਬ ਇਹੀ ਆਏ ਹਨ ਕਿ ਉਹ ਆਪਣੇ ਦਿਮਾਗ ਨੂੰ ਤੰਦਰੁਸਤ ਰੱਖਣਾ ਚਾਹੁੰਦੇ ਹਨ। ਉਹ ਸ਼ਾਇਦ ਇਸ ਲਈ ਕਿ ਸਾਨੂੰ ਲੱਗਦਾ ਹੈ ਕਿ ਦਿਮਾਗ

ਵਿੱਚ ਮੇਰਾ ਆਪਾ ਹੈ, ਮੇਰੀਆਂ ਯਾਦਾਂ ਦਿਮਾਗ ਵਿੱਚ ਸਾਂਭੀਆਂ ਹੋਈਆਂ ਹਨ।

ਪਹਿਲਾਂ ਲੋਕ ਦਿਮਾਗ ਨੂੰ ਵੱਧ ਤਰਜੀਹ ਨਹੀਂ ਸੀ ਦਿੰਦੇ। ਮਿਸਰ ਦੇ ਲੋਕ ਮੰਮੀਆਂ ਸਾਂਭਣ ਸਮੇਂ ਦਿਮਾਗ ਨੂੰ ਫਾਲਤੂ ਚੀਜ ਮੰਨ ਕੇ ਬਾਹਰ ਕੱਢ ਦਿੰਦੇ ਸਨ। ਆਮ ਲੋਕਾਂ ’ਤੇ ਹੋਏ ਵੱਖ-ਵੱਖ ਸਰਵੇਖਣਾਂ ਮੁਤਾਬਕ ਜੇ ਦੇਖੀਏ ਕਿ ਉਹ ਸਭ ਤੋਂ ਵੱਧ ਕਿਸ ਅੰਗ/ ਸਰੀਰਕ ਲੋੜ ਨੂੰ ਤਰਜੀਹ ਦਿੰਦੇ ਹਨ ਤਾਂ ਉਹ ਇਹ ਹੈ ਕਿ ਮਨੁੱਖ ਦੀ ਤੁਰਨ ਫਿਰਨ ਦੀ ਸਮਰੱਥਾ (ਮੋਬਿਲਿਟੀ) ਕਾਇਮ ਰਵ੍ਹੇ। ਦੂਜੇ ਨੰਬਰ ’ਤੇ ਸਾਡਾ ਆਪਣੇ ਮਲ-ਮੂਤਰ ਉੱਪਰ ਕੰਟਰੋਲ। ਤੀਜੇ ਨੰਬਰ ’ਤੇ ਸਰਵੇ ਵਿੱਚ ਆਇਆ ਖਾਧਾ ਪੀਤਾ ਭੋਜਨ ਹਜਮ ਹੋਣਾ ਜਰੂਰੀ ਹੈ। ਫਿਰ ਆਇਆ ਕਿ ਭੁੱਖ ਲੱਗਣੀ, ਨੱਕ ਦੀ ਸੁੰਘਣ ਸਕਤੀ ਅਤੇ ਅੱਖਾਂ ਦੀ ਜੋਤੀ ਬਰਕਰਾਰ ਰਹਿਣੀ ਜਰੂਰੀ ਹੈ। ਦਿਮਾਗ ਦਾ ਨੰਬਰ ਤਾਂ ਕਿਤੇ ਪਿੱਛੇ ਆਇਆ, ਸੱਤਵੇਂ ਅੱਠਵੇਂ ਨੰਬਰ ’ਤੇ। ਪਰ ਵਿਗਿਆਨੀਆਂ ਵੱਲੋਂ ਜਿੰਨੇਂ ਪੈਸੇ ਦਿਮਾਗ ਦੀ ਖੋਜ ’ਤੇ ਖਰਚੇ ਜਾ ਰਹੇ ਹਨ, ਉਸ ਹਿਸਾਬ ਨਾਲ ਰਿਜ਼ਲਟ ਬਹੁਤ ਘੱਟ ਮਿਲ ਰਹੇ ਹਨ। ਅਲਜ਼ਾਈਮਰ ਦੇ 50 ਤੋਂ ਵੱਧ ਟਰਾਇਲ ਫੇਲ੍ਹ ਹੋ ਚੁੱਕੇ ਹਨ। ਮੇਰੀ ਹੁਣ ਤੱਕ ਦੀ ਗੱਲਬਾਤ ਤੋਂ ਤੁਸੀਂ ਸਮਝ ਗਏ ਹੋਵੋਗੇ ਕਿ ਮੈਂ ਕਿਸੇ ਇੱਕ ਅੰਗ ਨੂੰ ਬਾਕੀ ਤੋਂ ਵੱਖ ਕਰਕੇ ਨਹੀਂ ਦੇਖਦਾ। ਮੈਂ ਸਰੀਰ ਦੀ ਸਮੁੱਚਤਾ ਦੀ ਗੱਲ ਕਰਦਾ ਹਾਂ।

ਕੱਲ੍ਹ ਅਸੀਂ ਗੱਲਾਂ ਕੀਤੀਆਂ ਸਨ ਕੁੱਝ ਹਾਸੇ-ਠੱਠੇ (ਹਿਊਮਰ) ਦੀਆਂ। ਜ਼ਿੰਦਗੀ ਦੇ ਸਮਾਜਿਕ ਅਤੇ ਮਾਨਸਿਕ ਰੁਝੇਵੇਂ ਵਿੱਚ ਹਾਸੇ ਮਜਾਕ ਦੀ ਕੀ ਭੂਮਿਕਾ ਹੈ ? ਅਸੀਂ ਹਾਸੇ ਮਜਾਕ ਨੂੰ ਗਿਆਨ ਵਧਾਉਣ ਲਈ ਵੀ ਵਰਤ ਸਕਦੇ ਹਾਂ। ਇੱਕ ਵਾਰ ਅਸੀਂ ਪੰਜਾਬ ਦੇ ਇੱਕ ਵੱਡੇ ਮਨੋਵਿਗਿਆਨੀ ਡਾ. ਜਸਵੰਤ ਸਿੰਘ ਨੇਕੀ ਦੇ ਨਵੀਂ ਦਿੱਲੀ ਵਾਲੇ ਘਰੇ ਮਿਲਣ ਚਲੇ ਗਏ। ਮੇਰੇ ਨਾਲ ਸਾਡਾ ਸਾਰਾ ਪਰਿਵਾਰ ਸੀ। ਮੇਰੀ ਭੈਣ ਸੀ, ਭਰਾ ਸਨ, ਮੇਰਾ ਬਾਰਾਂ ਸਾਲਾਂ ਦਾ ਬੇਟਾ ਸੀ। ਮਿਲ ਬੈਠੇ ਤਾਂ ਸਾਰੇ ਆਪਣੀਆਂ ਬੌਧਿਕ ਗੱਲਾਂ ਕਰਨ ਵਿੱਚ ਰੁੱਝ ਗਏ। ਮੈਂ ਤੇ ਮੇਰੇ ਬੇਟੇ ਨੇ ਦੋ ਤਿੰਨ ਸੌ ਚੁਟਕਲਾ ’ਕੱਠਾ ਕੀਤਾ ਹੋਇਆ ਸੀ। ਅਸੀਂ ਇੱਕ ਪਾਸੇ ਵੱਖਰੇ ਬੈਠੇ ਆਪੋ ਵਿੱਚੀਂ ਚੁਟਕਲੇ ਸੁਣਾਉਣ ਲੱਗੇ। ਸਾਨੂੰ ਸਾਰੇ ਚੁਟਕਲੇ ਉਨ੍ਹਾਂ ਦੇ ਨੰਬਰ ਸਮੇਤ ਯਾਦ ਸਨ, ਇਸ ਲਈ ਅਸੀਂ ਚੁਟਕਲਾ ਨਹੀਂ ਸਾਂ ਸੁਣਾਉਂਦੇ, ਸਿਰਫ ਚੁਟਕਲੇ ਦਾ ਨੰਬਰ ਬੋਲਦੇ ਸਾਂ। ਇਸ ਤਰ੍ਹਾਂ ਸਿਰਫ ਨੰਬਰ ਬੋਲ ਬੋਲ ਕੇ ਸੁਣਾਏ ਚੁਟਕਲਿਆਂ ਤੋਂ ਅਸੀਂ ਖੂਬ ਹੱਸ ਰਹੇ ਸਾਂ। ਕਿਸੇ ਚਟਕੀਲੇ ਚੁਟਕਲੇ ’ਤੇ ਕਈ ਵਾਰ ਮੇਰਾ ਬੇਟਾ ਮੇਰੇ ਕੋਲ ਆਕੇ ਹੌਲੀ ਦੇਣੀ ਕਹਿੰਦਾ-ਪਾਪਾ ਇਹ ਚੁਟਕਲਾ ਤੁਸੀਂ ਕਹਿੰਦੇ ਸੀ ਕਿ ਸਭ ਦੇ ਸਾਮ੍ਹਣੇ ਨਹੀਂ ਸੁਣਾਉਣਾ।

ਸਾਨੂੰ ਹੱਸਦੇ ਦੇਖ ਕੇ ਨੇਕੀ ਸਾਹਿਬ ਕਹਿਣ ਲੱਗੇ, “ਸੁਰੇਸ਼ ਜੀ ਸਾਨੂੰ ਵੀ ਆਪਣੇ ਹਾਸੇ ਵਿੱਚ ਸ਼ਾਮਲ ਕਰ ਲਓ। ਕਿਹੜੀਆਂ ਗੱਲਾਂ ਵਿੱਚ ਪਏ ਹੋ ਤੁਸੀਂ”?

ਮੈਂ ਕਿਹਾ- ਅਸੀਂ ਤਾਂ ਇਕ ਦੂਜੇ ਨੂੰ ਚੁਟਕਲੇ ਸੁਣਾ ਰਹੇ ਹਾਂ। ਨੇਕੀ ਸਾਹਿਬ ਮੇਰੇ ਬੇਟੇ ਨੂੰ ਕਹਿੰਦੇ - ਬੇਟਾ ਮੈਨੂੰ ਵੀ ਇਕ ਚੁਟਕਲਾ ਸੁਣਾ।

ਮੇਰਾ ਬੇਟਾ ਬੋਲਿਆ - ਅੰਕਲ ਜੀ ਸਾਡੇ ਘਰ ਇਕ ਕੁੱਤਾ ਹੈ, ਅਸੀਂ ਉਸ ਨੂੰ ‘ਕੁੱਤੇ ਬਾਬਾ’ ਕਹਿੰਦੇ ਹਾਂ। ਸਾਡਾ ਕੁੱਤਾ ਬੜਾ ਖਾਸ ਹੈ। ਖਾਸ ਇਸ ਕਰਕੇ ਕਿ ਉਹ ਹਰ ਰੋਜ਼ ਸਵੇਰੇ ਉੱਠ ਕੇ ਬਾਹਰੋਂ, ਸਾਡੇ ਲਈ ਮੂੰਹ ਵਿੱਚ ਅਖ਼ਬਾਰ ਚੁੱਕ ਕੇ ਲਿਆਉਂਦਾ ਹੈ।

ਨੇਕੀ ਸਾਬ੍ਹ ਬੋਲੇ-ਅਖ਼ਬਾਰ ਚੁੱਕ ਕੇ ਤਾਂ ਬਥੇਰੇ ਕੁੱਤੇ ਲੈ ਕੇ ਆਉਂਦੇ ਹਨ। ਇਹ ਕਿਹੜਾ ਕੋਈ ਵੱਡੀ ਗੱਲ ਹੈ ?

ਬੇਟਾ ਬੋਲਿਆ-ਵੱਡੀ ਗੱਲ ਤਾਂ ਇਹ ਹੈ ਅੰਕਲ ਜੀ ਕਿ ਅਖਬਾਰ ਤਾਂ ਅਸੀਂ ਲਵਾਈ ਵੀ ਨਹੀਂ ਹੋਈ।

ਨੇਕੀ ਸਾਬ੍ਹ ਬੜੇ ਖੁੱਲ੍ਹ ਕੇ ਹੱਸੇ ਕਿ ਕੁੱਤੇ ਨੂੰ ਵੀ ਮਨੁੱਖਾਂ ਵਾਂਗ ਹੇਰਾ-ਫੇਰੀ ਸਿਖਾ ਦਿੱਤੀ। ਮਾਲਕ ਨੂੰ ਖੁਸ਼ ਕਰਨ ਲਈ, ਜਿਹੜਾ ਕਿਸੇ ਗਵਾਂਢੀ ਦਾ ਅਖ਼ਬਾਰ ਹੀ ਚੁੱਕ ਲਿਆਉਂਦਾ ਸੀ। ਇਸ ਤਰ੍ਹਾਂ ਹਿਊਮਰ ਗਿਆਨ ਦਾ ਵਾਹਕ ਵੀ ਬਣ ਸਕਦਾ ਹੈ। ਨੇਕੀ ਸਾਬ੍ਹ ਨੇ ਵੀ ਹਾਸੇ ਠੱਠੇ ਰਾਹੀਂ ਗਿਆਨ ਦੇਣ ਲਈ ਕੁੱਝ ਸਾਹਿਤ ਦੀ ਸਿਰਜਨਾ ਕੀਤੀ ਸੀ। ਮੇਰੀ ਜ਼ਿੰਦਗੀ ਵਿੱਚ, ਖੋਜ ਅਧਿਐਨ ਕਰਦਿਆਂ ਹਾਸਾ ਮਜਾਕ ਮੇਰੇ ਅੰਗ ਸੰਗ ਰਿਹਾ ਹੈ। ਗਿਆਨ ਦੇ ਮਾਰਗ ’ਤੇ ਤੁਰਦਿਆਂ ਹਾਸਾ ਠੱਠਾ ਮੇਰੇ ਨਾਲ ਤੁਰਦਾ ਆ ਰਿਹਾ ਹੈ, ਇਕ ਸੰਗੀ ਬਣ ਕੇ।

ਅਗਲੀ ਗੱਲ ਮੈਂ ਕਰਾਂਗਾ ਕਿ ਜ਼ਿੰਦਗੀ ਦਾ ਸਫਰ ਘੱਟ ਭਾਰ ਨਾਲ ਕਰੋ। ਭਾਰ ਕਿਹੜਾ ? ਸਭ ਤੋਂ ਪਹਿਲਾਂ ਤਾਂ ਬੱਚੇ ’ਤੇ ਉਸ ਦੀ ਆਪਣੀ ਪਸੰਦ/ਚੋਣ ਤੋਂ ਬਿਨਾਂ ਹੀ ਸਭਿਆਚਾਰ ਤੇ ਧਰਮ ਦੀ ਮਰਿਆਦਾ ਦਾ ਭਾਰ ਪਾ ਦੇਣਾ। ਮਿਸਾਲ ਵਜੋਂ ਜੇ ਤੁਹਾਨੂੰ ਜਹਾਜ ਦੇ ਸਫਰ ਲਈ 20 ਕਿਲੋ ਭਾਰ ਦੀ ਇਜਾਜ਼ਤ ਹੋਵੇ ਤੇ ਤੁਹਾਡੇ ਦੋਸਤ ਰਿਸ਼ਤੇਦਾਰ ਆਪਣੇ ਸਮਾਨ ਦਾ 18 ਕਿਲੋ ਭਾਰ ਦੇ ਦੇਣ ਤਾਂ ਤੁਸੀਂ ਆਪਣੀ ਜ਼ਿੰਦਗੀ ਦੀਆਂ ਜ਼ਰੂਰੀ ਵਸਤਾਂ ਦਾ ਭਾਰ, ਆਪਣੀ ਅਜ਼ਾਦ ਚੋਣ/ਪਸੰਦ ਦਾ ਭਾਰ ਇਸ ਵਿਚ ਕਿਵੇਂ ਜੋੜੋਗੇ। ਬੇਲੋੜੀਆਂ ਪ੍ਰੰਪਰਾਵਾਂ ਦਾ, ਧਾਰਨਾਵਾਂ ਦਾ, ਵਿਸ਼ਵਾਸ਼ਾਂ ਦਾ ਭਾਰ ਸਾਡੇ ਚੇਤਨ ਹੋਣ ਤੋਂ ਪਹਿਲਾਂ ਹੀ ਸਾਡੇ ’ਤੇ ਪਾ ਦਿਤਾ ਜਾਂਦਾ ਹੈ। ਇਸੇ ਲਈ ਮੈਂ ਆਪਸੀ ਵਿਸ਼ਵਾਸ਼ **... ਬਾਕੀ ਪੰਨਾ 14 ’ਤੇ**

ਭਾਰਤ ਵਿੱਚ ਮਹੱਤਵਪੂਰਨ ਵਿਗਿਆਨਕ ਵਿਸ਼ੇ ਪੜ੍ਹਾਈ ਵਿਚੋਂ ਕੱਢਣ ਬਾਰੇ

ਪ੍ਰਸਿੱਧ ਵਿਗਿਆਨ ਰਸਾਲੇ 'Nature' ਦੀ ਸੰਪਾਦਕੀ ਟਿੱਪਣੀ

ਭਗਵੀਂ ਸਿਆਸਤ ਦੀਆਂ ਹਦਾਇਤਾਂ ਤਹਿਤ ਸਕੂਲ ਪੱਧਰ ਦੀਆਂ ਪੁਸਤਕਾਂ ਵਿਚੋਂ ਜੀਵ-ਵਿਕਾਸ, ਆਵਰਤੀ ਸਾਰਨੀ (Periodic Table) ਅਤੇ ਵਿਗਿਆਨ ਦੇ ਕੁਝ ਹੋਰ ਮਹੱਤਵਪੂਰਨ ਹਿੱਸੇ ਕੱਢੇ ਜਾਣ ਦਾ ਵਿਗਿਆਨਕ ਭਾਈਚਾਰੇ ਵੱਲੋਂ ਸੰਸਾਰ ਪੱਧਰ 'ਤੇ ਪ੍ਰਤੀਕਰਮ ਹੋਇਆ ਹੈ। ਲੰਡਨ ਤੋਂ ਪ੍ਰਕਾਸ਼ਿਤ ਹੁੰਦਾ 'ਨੇਚਰ' ਵਿਗਿਆਨ ਦਾ ਬਹੁਤ ਹੀ ਮਹੱਤਵਪੂਰਨ ਮੈਗਜ਼ੀਨ ਹੈ ਜਿਸ ਵਿੱਚ ਸੰਸਾਰ ਭਰ ਵਿੱਚ ਹੋ ਰਹੀਆਂ ਖੋਜਾਂ ਬਾਰੇ ਉੱਚ-ਪੱਧਰੀ ਪੇਪਰ ਛਪਦੇ ਹਨ। ਇਸ ਮੈਗਜ਼ੀਨ ਦੇ ਜੂਨ ਅੰਕ ਦੀ ਸੰਪਾਦਕੀ ਵਿੱਚ ਭਾਰਤ ਵਿੱਚ ਵਿਗਿਆਨ ਪ੍ਰਤੀ ਅਪਣਾਏ ਜਾ ਰਹੇ ਰਵੱਈਏ ਬਾਰੇ ਲਿਖਿਆ ਗਿਆ ਹੈ। ਪੇਸ਼ ਹੈ ਇਸ ਸੰਪਾਦਕੀ ਦਾ ਸੰਖੇਪ ਪੰਜਾਬੀ ਅਨੁਵਾਦ:

ਭਾਰਤ ਸਕੂਲੀ ਪੁਸਤਕਾਂ ਵਿਚੋਂ ਬੁਨਿਆਦੀ ਵਿਗਿਆਨਕ ਵਿਸ਼ੇ ਕਿਉਂ ਕੱਢ ਰਿਹਾ ਹੈ ?

ਭਾਰਤ ਦੇ ਸਕੂਲੀ ਸਿਲੇਬਸ ਨਿਰਧਾਰਿਤ ਕਰਨ ਵਾਲੀ ਕਮੇਟੀ ਨੂੰ ਦੱਸਣਾ ਚਾਹੀਦਾ ਹੈ ਕਿ ਜੀਵ ਵਿਕਾਸ ਅਤੇ ਆਵਰਤੀ ਸਾਰਨੀ ਵਰਗੇ ਵਿਸ਼ੇ ਸਿਲੇਬਸ ਵਿਚੋਂ ਕਿਉਂ ਕੱਢੇ ਗਏ ਹਨ।

"ਵਿਗਿਆਨਕ ਨਜ਼ਰੀਆ, ਮਾਨਵਵਾਦ ਅਤੇ ਜਾਂਚ-ਪੜਤਾਲ ਦੀ ਭਾਵਨਾ ਨੂੰ ਵਿਕਸਿਤ ਕਰਨਾ" ਭਾਰਤੀ ਸੰਵਿਧਾਨ ਵਿੱਚ ਇਹ ਸ਼ਬਦ 1976 ਵਿੱਚ ਇੱਕ ਸੋਧ ਰਾਹੀਂ ਸ਼ਾਮਲ ਕੀਤੇ ਗਏ। ਸੰਵਿਧਾਨ ਲੇਖਕਾਂ ਨੇ ਦਰੁੱਸਤ ਰਾਹ 'ਤੇ ਚਲਦਿਆਂ ਤੱਥਾਂ ਦੀ ਭਾਲ, ਤਰਕ ਅਤੇ ਮਾਨਵਤਾ ਨੂੰ ਭਾਰਤ ਦੇ ਹਰੇਕ ਨਾਗਰਿਕ ਦੀ ਜਿੰਮੇਂਵਾਰੀ ਕਰਾਰ ਦਿੱਤਾ।ਪਰ ਭਾਰਤ ਦੀਆਂ ਸਿੱਖਿਆ ਨੀਤੀਆਂ ਨੂੰ ਨਿਰਧਾਰਿਤ ਕਰਨ ਵਾਲਿਆਂ ਵੱਲੋਂ ਹੁਣ ਇਨ੍ਹਾਂ ਗੱਲਾਂ ਦੀ ਮਹੱਤਤਾ ਨੂੰ ਘਟਾ ਦਿੱਤਾ ਜਾਪਦਾ ਹੈ।ਲੜੀਵਾਰ ਤਬਦੀਲੀਆਂ ਤਹਿਤ ਸਕੂਲਾਂ ਦੀ ਵਿਗਿਆਨ ਸਿੱਖਿਆ ਵਿਚੋਂ ਤੱਤਾਂ ਦੀ ਆਵਰਤੀ ਸਾਰਨੀ (*Periodic Table*), ਜੀਵ-ਵਿਕਾਸ (Evolution), ਬਿਜਲ-ਚੁੰਬਕੀ ਖੇਤਰ ਦੀ ਵਿਆਖਿਆ ਅਤੇ ਕੁਦਰਤੀ ਸਾਧਨਾਂ ਦੀ ਵਰਤੋਂ ਬਾਰੇ ਵਿਚਾਰ-ਚਰਚਾ ਨੂੰ 14 ਤੋਂ 16 ਸਾਲ ਦੇ ਬੱਚਿਆਂ ਦੀਆਂ ਪਾਠ-ਪੁਸਤਕਾਂ ਵਿਚੋਂ ਖਾਰਜ ਕਰ ਦਿੱਤਾ ਗਿਆ ਹੈ।

ਪਿਛਲੇ ਸਾਲ ਇਹ ਅਤੇ ਕੁੱਝ ਹੋਰ ਮਜ਼ਮੂਨ ਕੋਵਿਡ ਦੌਰਾਨ ਵਿਦਿਆਰਥੀਆਂ ਦੇ ਬੋਝ ਨੂੰ ਹਲਕਾ ਕਰਨ ਲਈ ਛੱਡੇ ਗਏ ਸਨ ਪਰ ਹੁਣ ਇਹ ਪਾਠ-ਪੁਸਤਕਾਂ ਵਿਚੋਂ ਹੀ ਕੱਢ ਦਿੱਤੇ ਗਏ ਹਨ। ਸਰਕਾਰ ਦੇ ਫੰਡਾਂ ਨਾਲ ਚੱਲਣ ਵਾਲੀ NCERT (National Council for Educational Research and Training) ਸੰਸਥਾ, ਜੋ ਦੇਸ਼ ਦੀਆਂ ਸਕੂਲੀ ਪਾਠ ਪੁਸਤਕਾਂ ਤਿਆਰ ਕਰਨ ਦਾ ਕੰਮ ਕਰਦੀ ਹੈ, ਨੇ 3 ਕਰੋੜ 80 ਲੱਖ ਬੱਚਿਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਇਨ੍ਹਾਂ ਤਬਦੀਲੀਆਂ ਨੂੰ ਮਾਪਿਆਂ, ਅਧਿਆਪਕਾਂ ਜਾਂ ਸਿੱਖਿਆ ਖੋਜੀਆਂ ਨਾਲ ਬਿਲਕੁਲ ਨਹੀਂ ਵਿਚਾਰਿਆ। ਜਿਹੜੇ ਲੋਕ ਵਿਗਿਆਨ ਦੀ ਸਿੱਖਿਆ ਨਾਲ ਜੁੜੇ ਹੋਏ ਹਨ ਉਨ੍ਹਾਂ ਨੇ ਸਾਨੂੰ ਦੱਸਿਆ ਕਿ ਉਹ ਇਨ੍ਹਾਂ ਤਬਦੀਲੀਆਂ ਨਾਲ ਭੌਂਚੱਕੇ ਰਹਿ ਗਏ ਹਨ।

NCERT ਚਾਹੁੰਦੀ ਹੈ ਕਿ "ਲੋਕਾਂ ਨੂੰ ਭਾਰਤ ਦੇ ਅਮੀਰ, ਬਹੁਪੱਖੀ, ਪੁਰਾਤਨ ਅਤੇ ਆਧੁਨਿਕ ਸਭਿਆਚਾਰ ਅਤੇ ਗਿਆਨ ਪ੍ਰਣਾਲੀਆਂ ਅਤੇ ਪ੍ਰੰਪਰਾਵਾਂ ਉੱਤੇ ਮਾਣ ਹੋਵੇ।" ਕੁਝ ਲੋਕ ਇਸ ਦੀ ਵਿਆਖਿਆ ਕਰਦੇ ਹੋਏ ਕਹਿੰਦੇ ਹਨ ਕਿ ਚਾਰਲਸ ਡਾਰਵਿਨ ਅਤੇ ਮਾਈਕਲ ਫੈਰਾਡੇ ਵਰਗਿਆਂ ਨੂੰ ਹਟਾਉਣ ਪਿੱਛੇ ਇਹ ਕਾਰਣ ਵੀ ਹੈ ਕਿ ਬੱਚੇ ਇਸ ਸਮੇਂ ਨੂੰ ਭਾਰਤ ਦੇ (ਕਥਿਤ) ਵਿਗਿਆਨ ਦੇ ਇਤਿਹਾਸ ਬਾਰੇ ਪੜ੍ਹਨ ਲਈ ਲਗਾ ਸਕਣ।

ਸਾਮਰਾਜੀ ਗਲਬੇ ਤੋਂ ਆਜਾਦ ਹੋਏ ਦੇਸ਼ਾਂ ਵਿਚੋਂ ਸਿਰਫ਼ ਭਾਰਤ ਹੀ ਅਜਿਹਾ ਦੇਸ਼ ਨਹੀਂ ਜੋ ਸਕੂਲਾਂ ਵਿੱਚ ਆਪਣੇ ਸਥਾਨਕ ਗਿਆਨ ਨੂੰ ਮਾਨਤਾ ਦਿਵਾਉਣ ਦੇ ਮੁੱਦੇ ਨਾਲ ਘੌਂਜਲ ਰਿਹਾ ਹੈ। ਨਿਊਜ਼ੀਲੈਂਡ ਵੀ ਮਾਓਰੀ ਮੂਲ ਨਿਵਾਸੀਆਂ ਦੇ ਗਿਆਨ ਹਾਸਲ ਕਰਨ ਦੇ ਢੰਗਾਂ ਨੂੰ ਚੋਣਵੇਂ ਸਕੂਲਾਂ ਵਿੱਚ ਲਾਗੂ ਕਰ ਕੇ ਵੇਖ ਰਿਹਾ ਹੈ। ਪਰ ਉੱਥੇ ਚੰਗੀ ਗੱਲ ਹੈ ਕਿ ਇਹ ਨਵਾਂ ਕੁੱਝ ਸ਼ਾਮਲ ਕਰਨ ਲਈ ਮਹੱਤਵਪੂਰਨ ਵਿਗਿਆਨਕ ਚੀਜਾਂ ਨੂੰ ਖਾਰਜ ਨਹੀਂ ਕੀਤਾ ਜਾ ਰਿਹਾ।

ਕੁਦਰਤੀ ਚੋਣ ਰਾਹੀਂ ਜੀਵ-ਵਿਕਾਸ ਦਾ ਅਮਲ ਅਤੇ ਆਵਰਤੀ ਸਾਰਨੀ (Periodic Table) ਦੇ ਨਿਯਮ ਦੋਵੇਂ ਹੀ ਬੁਨਿਆਦੀ ਸੰਕਲਪ ਹਨ ਜੋ ਵਿਦਿਆਰਥੀਆਂ ਦੀ ਸੰਸਾਰ ਨੂੰ ਸਮਝਣ ਵਿੱਚ ਸਹਾਇਤਾ ਕਰਦੇ ਹਨ। ਜ਼ਿੰਦਗੀ ਆਪਣੇ ਸਾਰੇ ਸ਼ਾਨਦਾਰ ਵਿਭਿੰਨ ਰੂਪਾਂ ਵਿੱਚ ਜੀਵ-ਵਿਕਾਸ ਦਾ ਹੀ ਸਿੱਟਾ ਹੈ। ਇਸੇ ਤਰ੍ਹਾਂ ਕੁਝ ਕੁ ਮੂਲ ਰਸਾਇਣਕ ਤੱਤਾਂ ਤੋਂ ਸਾਡਾ ਸਾਰਾ ਭੌਤਿਕ ਸੰਸਾਰ ਬਣਿਆ ਹੈ। ਇਹ ਸਾਰਾ ਕੁੱਝ ਕਿਵੇਂ ਅਤੇ ਕਿਉਂ ਹੈ ਇਸ ਨੂੰ ਉਨ੍ਹਾਂ ਪਾਠਾਂ ਰਾਹੀਂ ਹੀ ਸਮਝਿਆ ਜਾ ਸਕਦਾ ਸੀ ਜਿਨ੍ਹਾਂ ਉੱਤੇ ਕੌਮੀ ਸਿੱਖਿਆ ਖੋਜ ਅਤੇ ਟਰੇਨਿੰਗ ਸੰਸਥਾ NCERT ਨੇ ਕੁਹਾੜਾ ਚਲਾ ਦਿੱਤਾ ਹੈ।

(NCERT ਵੱਲੋਂ ਇਹ ਵੀ ਦਲੀਲ ਦਿੱਤੀ ਗਈ ਹੈ ਕਿ 2020 ਦੀ ਸਿੱਖਿਆ ਨੀਤੀ ਵਿਦਿਆਰਥੀਆਂ ਨੂੰ ਸਮੱਸਿਆਵਾਂ ਨੂੰ ਹੱਲ ਕਰਨ ਵਾਲੇ ਬਨਾਉਣ ਲਈ ਕਹਿੰਦੀ ਹੈ ਇਸ ਲਈ ਅਸੀਂ ਯਾਦ ਕਰਨ ਵਾਲੀਆਂ ਚੀਜਾਂ ਘਟਾ ਕੇ ਐਕਟਿਵ ਸਿੱਖਿਆ ਵਧਾ ਰਹੇ ਹਾਂ। ਨੇਚਰ ਦੀ ਸੰਪਾਦਕੀ ਵਿੱਚ ਇਸਦਾ ਵੀ ਜਵਾਬ ਦਿੱਤਾ ਗਿਆ ਹੈ।)

ਬਦਲਵੇਂ ਢੰਗ-

ਸਿਖਾਉਣ ਦੀਆਂ ਬਹੁਤ ਸਾਰੀਆਂ ਵਿਧੀਆਂ ਹਨ ਜੋ ਦਸਦੀਆਂ ਹਨ ਕਿ ਵਿਗਿਆਨਕ ਸੰਕਲਪਾਂ ਨੂੰ ਰੱਟਾ ਲਗਾਉਣ ਦੀ ਬਜਾਏ ਕਿਵੇਂ ਵੀਡੀਓਜ਼ ਅਤੇ ਕਾਰਟੂਨ ਫਿਲਮਾਂ ਰਾਹੀਂ ਸਿਖਾਇਆ ਜਾ ਸਕਦਾ ਹੈ। ਇੱਕ ਹੋਰ ਬਦਲ ਵਿਗਿਆਨਕ ਸੰਕਲਪਾਂ ਨੂੰ ਕਹਾਣੀਆਂ ਰਾਹੀਂ ਪੇਸ਼ ਕਰਨ ਦਾ ਹੈ। ਆਵਰਤੀ ਸਾਰਨੀ ਦੇ ਮਾਮਲੇ ਵਿੱਚ ਇਹ ਕਹਾਣੀਆਂ ਸੁਣਾਈਆਂ ਜਾ ਸਕਦੀਆਂ ਹਨ ਕਿ ਵੱਖ ਵੱਖ ਤੱਤਾਂ ਨੇ ਇਸ ਸਾਰਨੀ ਵਿੱਚ ਆਪਣਾ ਸਥਾਨ ਕਿਵੇਂ ਕਿਵੇਂ ਹਾਸਲ ਕੀਤਾ। ਖੋਜੀਆਂ ਨੇ ਸੱਚਾਈਆਂ ਨੂੰ ਕਿਵੇਂ ਲੱਭਿਆ ਅਤੇ ਆਪਣੀਆਂ ਪ੍ਰਾਪਤੀਆਂ ਨੂੰ ਮਾਨਤਾ ਦਿਵਾਉਣ ਲਈ ਕਿਵੇਂ ਸੰਘਰਸ਼ ਕੀਤਾ।

ਬੁਨਿਆਦੀ ਵਿਗਿਆਨਕ ਸੰਕਲਪਾਂ ਨੂੰ ਸਮਝਣ, ਸਮੱਸਿਆਵਾਂ ਨੂੰ ਹੱਲ ਕਰਨ ਦਾ ਅਭਿਆਸ ਕਰਨ ਅਤੇ ਵਿਗਿਆਨ ਦੇ ਸਥਾਨਕ ਅਤੇ ਸੰਸਾਰ ਪੱਧਰੀ ਇਤਿਹਾਸ ਦਾ ਅਧਿਐਨ ਕਰਨ ਨੂੰ ਨਿਖੇੜ ਕੇ ਵੇਖਣ ਦੀ ਲੋੜ ਨਹੀਂ। ਵਿਗਿਆਨਕ ਨਜ਼ਰੀਆ ਪੈਦਾ ਕਰਨਾ ਅਤੇ ਵਿਰਾਸਤ ਉੱਤੇ ਮਾਣ ਕਰਨਾ-ਦੋਵੇਂ ਕੰਮ ਇਕੱਠੇ ਹੋ ਸਕਦੇ ਹਨ। ਜਿਵੇਂ ਅਸੀਂ ਇਨ੍ਹਾਂ ਕਾਲਮਾਂ ਵਿੱਚ ਪਹਿਲਾਂ ਲਿਖਦੇ ਆ ਰਹੇ ਹਾਂ, ਪਹਿਲਾਂ ਜੋ ਕੁਝ ਹੋ ਚੁੱਕਾ ਹੈ ਉਸ ਨੂੰ ਪੂਰੀ ਤਰ੍ਹਾਂ ਸਮਝੇ ਬਗੈਰ ਅੱਗੇ ਕੋਈ ਖੋਜ ਨਹੀਂ ਹੋ ਸਕਦੀ। ਦੂਜੇ ਸ਼ਬਦਾਂ ਵਿੱਚ ਵਿਗਿਆਨ ਅਤੇ ਇਤਿਹਾਸ ਨਾਲੋਂ ਨਾਲ ਚਲਦੇ ਹਨ।

ਜਿਹੜੇ ਵਿਦਵਾਨ ਭਾਰਤ ਦੀ ਸਿੱਖਿਆ ਨੀਤੀ ਦਾ ਅਧਿਐਨ ਕਰ ਰਹੇ ਹਨ ਉਨ੍ਹਾਂ ਨੇ 'ਨੇਚਰ' ਨੂੰ ਦੱਸਿਆ ਕਿ ਜਿਹੜੀਆਂ ਸੰਸਥਾਵਾਂ ਵਿਗਿਆਨ ਦੀਆਂ ਵਿਰੋਧੀ ਹਨ ਉਹ ਹੀ ਪਾਠ-ਪੁਸਤਕਾਂ ਵਿੱਚ ਇਸ ਤਬਦੀਲੀ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਇਸ ਸਬੰਧ ਵਿੱਚ ਉਹ ਰਾਸ਼ਟਰੀ ਸਵੈਮਸੇਵਕ ਸੰਘ ਵੱਲ ਉਂਗਲ ਕਰਦੇ ਹਨ, ਜੋ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਨਾਲ ਬਹੁਤ ਨੇੜੇ ਦਾ ਸਬੰਧ ਰਖਦੀ ਹੈ। ਜਦ ਕਿ ਅਸਲ ਵਿੱਚ ਕੌਮੀ ਸਿੱਖਿਆ ਖੋਜ ਅਤੇ ਟ੍ਰੇਨਿੰਗ ਸੰਸਥਾ ਨੂੰ ਸਾਰੇ ਲੋਕਾਂ ਤੋਂ ਵਿਚਾਰ ਸੁਣਨੇ ਚਾਹੀਦੇ ਹਨ ਅਤੇ ਫਿਰ ਇੱਕ ਅਜਾਦਾਨਾ ਸੰਸਥਾ ਵਜੋਂ ਸਹੀ ਤੱਥਾਂ ਦੇ ਆਧਾਰ 'ਤੇ ਫੈਸਲੇ ਲੈਣੇ ਚਾਹੀਦੇ ਹਨ। ਇਸ ਤਰ੍ਹਾਂ ਨਾ ਕਰਨਾ ਕਈ ਤਰ੍ਹਾਂ ਦੇ ਭਰਮ ਭੁਲੇਖਿਆਂ ਨੂੰ ਜਨਮ ਦਿੰਦਾ ਹੈ।

NCERT ਨੂੰ ਆਪਣੀ ਚੁੱਪੀ ਤੋੜਨੀ ਚਾਹੀਦੀ ਹੈ।

ਅਨੁਵਾਦ ਅਤੇ ਪੇਸ਼ਕਸ਼: ਰਾਜਪਾਲ ਸਿੰਘ

ਪੰਨਾ 12 ਦਾ ਬਾਕੀ.. ਤੇ ਹਾਸੇ ਮਜ਼ਾਕ ਤੋਂ ਬਾਅਦ ਤੀਜਾ ਸਬਕ ਜੋ ਜੋੜਿਆ ਹੈ ਉਹ ਹੈ ਕਿ ਫਾਲਤੂ ਬੋਝ ਲਾਹ ਕੇ ਜੀਓ। ਇਸੇ ਨੂੰ ਮੈਂ ਨਾਮ ਦਿੱਤਾ ਹੈ ਟਰੈਵਲ ਲਾਈਟ। ਇਹ ਗੱਲ ਰਿਸ਼ਤਿਆਂ 'ਤੇ ਵੀ ਲਾਗੂ ਹੁੰਦੀ ਹੈ। ਜੇਕਰ ਕਿਸੇ ਨਾਲ ਤੁਸੀਂ ਜ਼ਿਆਦਤੀ ਕੀਤੀ ਹੈ ਤੇ ਉਮਰ ਦੇ ਕਿਸੇ ਵੀ ਪੜਾਅ 'ਤੇ ਤੁਹਾਨੂੰ ਇਸਦਾ ਅਹਿਸਾਸ ਹੋ ਗਿਆ ਤਾਂ ਸੌਰੀ ਕਹਿ ਦੇਣਾ ਕਦੇ ਵੀ ਲੇਟ ਨਹੀਂ ਹੁੰਦਾ। ਇਹ ਕਹਿਕੇ ਕਿ ਬਈ "ਮੈਂ ਉਦੋਂ ਗਲਤ ਕੀਤਾ" ਆਪਣਾ ਭਾਰ ਹਲਕਾ ਕਰੋ। ਇਸੇ ਤਰ੍ਹਾਂ ਜੇ ਤੁਸੀਂ ਸਮਝਦੇ ਹੋ ਕਿ ਕਿਸੇ ਨੇ ਤੁਹਾਡੇ ਨਾਲ ਜ਼ਿਆਦਤੀ ਕੀਤੀ ਹੈ ਤਾਂ ਤੁਸੀਂ ਕੀ ਕਰੋ ? ਕੀ ਹਰ ਸਮੇਂ ਉਸ ਨੂੰ ਕੋਸਦੇ ਰਹੋ ? ਅਜਿਹਾ ਕਰਕੇ ਤੁਸੀਂ ਆਪਣੇ ਆਪ ਨੂੰ ਹੀ ਸਜ਼ਾ ਦੇ ਰਹੇ ਹੋ, ਦੂਜੇ ਨੂੰ ਕੋਈ ਫਰਕ ਨਹੀਂ ਪੈ ਰਿਹਾ ਹੁੰਦਾ।ਤੁਸੀਂ ਮਾਫ ਕਰਕੇ ਆਪਣੇ ਮਨ ਤੋਂ ਉਸ ਖਿਲਾਫ਼ ਖਿਝੀ ਜਾਣ ਦਾ ਬੋਝ ਲਾਹ ਦਿੰਦੇ ਹੋ, ਤਣਾਅ-ਮੁਕਤ ਹੋ ਜਾਂਦੇ ਹੋ। ਮਾਫ ਕਰਨ ਦਾ ਮਤਲਬ ਭੁੱਲ ਜਾਣਾ ਨਹੀਂ ਹੁੰਦਾ, ਭੁੱਲਣਾ ਚਾਹੀਦਾ ਵੀ ਨਹੀਂ। ਯਾਦ ਤੁਹਾਨੂੰ ਇਸ ਤੋਂ ਚੇਤੰਨ ਰੱਖਦੀ ਹੈ ਕਿ ਦੁਬਾਰਾ ਜ਼ਿਆਦਤੀ ਨਾ ਹੋਵੇ । ਇਹ ਤਿੰਨੇ ਸਬਕ ਕੋਈ ਫੁਰਮਾਨ ਨਹੀਂ, ਸਗੋਂ ਵਿਗਿਆਨਕ ਤੌਰ 'ਤੇ ਪਰਖੀ ਹੋਈ ਜੀਵਨ ਜਾਚ ਹਨ।

ਸਦਾ-ਸਦਾ ਜਿਉਂਦੇ ਰਹਿਣ ਲਈ ਬਣਾਈ ਸਾਡੀ ਉਪਰਲੀ ਸਮੀਕਰਨ ਵਿਚੋਂ ਅਸੀਂ ਜੀਨਜ਼ ਅਤੇ ਸਾਡੇ ਆਲੇ ਦੁਆਲੇ ਦੇ ਯੋਗਦਾਨ ਦੀ ਗੱਲ ਕਰ ਲਈ ਹੈ। ਹੁਣ ਅਸੀਂ ਗੱਲ ਕਰਾਂਗੇ C ਬਾਰੇ ਯਾਨੀ ਚਾਂਸ ਬਾਰੇ। ਜਿਵੇਂ ਜੇਕਰ ਮੈਂ ਭੀੜ ਵਾਲੀਆਂ ਥਾਂਵਾਂ 'ਤੇ ਬਾਹਰ ਜਾਵਾਂਗਾ ਤਾਂ ਮੈਨੂੰ ਕਰੋਨਾ ਹੋਣ ਦੇ ਚਾਂਸ ਵੱਧ ਹਨ। ਮਤਲਬ ਇਸ ਦੇ ਚਾਂਸ ਹਨ ਕਿ ਮੇਰਾ ਆਲਾ ਦੁਆਲਾ ਯਾਨੀ ਮੀਲੀਊ ਮੇਰੀ ਉਮਰ ਸੀਮਤ ਕਰ ਦੇਵੇ। ਦਰਅਸਲ ਜੀਨਜ਼ ਤੇ ਸਾਡਾ ਆਲਾ ਦੁਆਲਾ ਸੰਪੂਰਨ ਹੋ ਹੀ ਨਹੀਂ ਸਕਦੇ। ਇਸ ਲਈ ਸਾਡੀ ਉਮਰ ਵੀ ਸੀਮਤ ਹੋਏਗੀ ਪਰ ਅਸੀਂ ਇਸ ਨੂੰ ਵੱਧ ਤੋਂ ਵੱਧ ਬਿਹਤਰ ਬਣਾ ਸਕਦੇ ਹਾਂ ਤੇ ਸਾਇੰਸ ਇਹੀ ਕਰ ਰਹੀ ਹੈ। ਆਜ ਕੀ ਮੁਲਾਕਾਤ ਬਸ ਇਤਨੀ!

ਸ਼ਬਦੀ ਰੂਪ: ਹਰੀਕ੍ਰਿਸ਼ਨ ਮਾਇਰ/ ਜਸਵੰਤ ਮੋਹਾਲੀ

ਕੀ ਇਨਸਾਨ ਸਚਮੁੱਚ ਚੰਨ 'ਤੇ ਗਿਆ ਸੀ ?


ਹਰਜੀਤ ਸਿੰਘ



16 ਨਵੰਬਰ 2022 ਨੂੰ ਨਾਸਾ (N.A.S.A.) (National Aeronautics and Space Administration) ਨੇ ਆਪਣੇ ਨਵੇਂ ਮਿਸ਼ਨ ਆਰਟੀਮਿਸ ਦਾ ਪਹਿਲਾ ਲਾਂਚ ਕੀਤਾ। ਇਸ ਵਿੱਚ ਵਰਤਿਆ ਗਿਆ ਰਾਕੇਟ SLS (ਐੱਸ.ਐੱਲ.ਐੱਸ) ਦੁਨੀਆਂ ਦਾ ਸਭ ਤੋਂ ਤਕੜਾ ਰਾਕੇਟ ਹੈ। ਇਸ ਮਿਸ਼ਨ ਨਾਲ ਨਾਸਾ ਨੇ ਚੰਨ 'ਤੇ ਵਾਪਸ ਜਾਣ ਦੇ ਪ੍ਰੋਗਰਾਮ ਦੀ ਪਹਿਲੀ ਪੁਲਾਂਘ ਪੁੱਟ ਲਈ ਹੈ। ਬਿਨ੍ਹਾਂ ਇਨਸਾਨ ਤੋਂ ਚੰਨ ਤੱਕ ਜਾ ਕੇ ਮੁੜਨ ਵਾਲਾ ਇਹ ਮਿਸ਼ਨ ਅਸਲ ਵਿੱਚ ਇੱਕ ਪਰੀਖਣ ਸੀ। ਕੁੱਝ ਹੋਰ ਪਰੀਖਣ ਉਡਾਣਾਂ ਤੋਂ ਬਾਅਦ ਇਨਸਾਨ ਨੂੰ ਇਸੇ ਰਾਕੇਟ ਵਿੱਚ ਬਿਠਾ ਕੇ ਚੰਨ 'ਤੇ ਭੇਜਿਆ ਜਾਵੇਗਾ। ਇਸ ਪ੍ਰੋਗਰਾਮ ਵਿੱਚ ਪਹਿਲੀ ਔਰਤ ਨੂੰ ਵੀ ਚੰਨ 'ਤੇ ਭੇਜਣ ਦੀ ਯੋਜਨਾ ਹੈ।

ਇਹ ਲਾਂਚ ਸਾਨੂੰ 1960-70 ਦੇ ਦੌਰ ਦੀ ਯਾਦ ਤਾਜ਼ਾ ਕਰਵਾਉਂਦਾ ਹੈ ਜਦੋਂ ਚੰਨ ਵੱਲ ਤਾਬੜਤੋੜ ਮਿਸ਼ਨ ਭੇਜੇ ਗਏ ਸਨ। ਦੂਜੀ ਵਿਸ਼ਵ ਜੰਗ ਤੋਂ ਬਾਅਦ ਰੂਸ ਅਤੇ ਅਮਰੀਕਾ ਵਿੱਚ ਪੁਲਾੜ ਵਿੱਚ ਸਰਵੋਤਮਤਾ ਸਾਬਤ ਕਰਨ ਲਈ ਪੁਲਾੜ ਦੌੜ ਚਾਲੂ ਹੋ ਗਈ। ਇਸ ਜੰਗ ਵਿੱਚ ਰੂਸ ਨੇ ਪਹਿਲਾ ਮਸਨੂਈ ਉਪਗ੍ਰਹਿ ਭੇਜ ਕੇ ਅਤੇ ਪਹਿਲਾ ਇਨਸਾਨ ਪੁਲਾੜ ਵਿੱਚ ਭੇਜ ਕੇ ਕਾਫ਼ੀ ਲੀਡ ਲੈ ਲਈ ਸੀ। ਆਪਣੇ ਵੱਕਾਰ ਨੂੰ ਕਾਇਮ ਰੱਖਣ ਲਈ ਅਮਰੀਕਾ ਨੇ ਚੰਨ 'ਤੇ ਪਹਿਲਾ ਇਨਸਾਨ ਭੇਜਣ ਦਾ ਐਲਾਨ ਕੀਤਾ।

ਜਿੱਥੋਂ ਤੱਕ ਚੰਨ 'ਤੇ ਪਹੁੰਚਣ ਦਾ ਸਵਾਲ ਹੈ ਤਾਂ ਰੂਸ ਇਹ ਕੰਮ ਪਹਿਲਾਂ ਹੀ ਕਰ ਚੁੱਕਾ ਸੀ। ਹਾਲਾਂਕਿ ਚੰਨ ਤੱਕ ਪਹੁੰਚਣ ਦੀ ਪਹਿਲੀ ਕੋਸ਼ਿਸ਼ ਅਮਰੀਕਾ ਨੇ 1958 ਵਿੱਚ ਪਾਇਓਨੀਰ-0 ਰਾਹੀਂ ਕੀਤੀ ਸੀ, ਪਰ ਇਹ ਮਿਸ਼ਨ ਸਫਲ ਨਾ ਹੋ ਸਕਿਆ । ਰੂਸ ਅਤੇ ਅਮਰੀਕਾ ਦੀਆਂ ਕਈ ਅਸਫਲ ਕੋਸ਼ਿਸ਼ਾਂ ਤੋਂ ਬਾਅਦ ਰੂਸ ਨੇ ਆਪਣੇ ਮਿਸ਼ਨ ਲੂਨਾ-2 ਨੂੰ ਚੰਨ 'ਤੇ ਸਫਲਤਾ ਪੂਰਵਕ ਪਹੁੰਚਾਇਆ। ਇਹ ਇੱਕ ਸਖ਼ਤ ਉਤਰਾਈ ਸੀ ਜਿਸ ਵਿੱਚ ਉਪਗ੍ਰਹਿ ਨੂੰ ਜਾਣ ਬੁੱਝ ਕੇ ਚੰਨ ਦੀ ਜ਼ਮੀਨ 'ਤੇ ਤੇਜ਼ ਗਤੀ ਨਾਲ ਸੁੱਟਿਆ ਗਿਆ। ਇਸ ਤੋਂ ਬਾਅਦ ਲੂਨਾ-3 ਨੇ ਚੰਨ ਦੇ ਦੁਰੇਡੇ ਪਾਸੇ ਦੀਆਂ ਪਹਿਲੀਆਂ ਤਸਵੀਰਾਂ ਭੇਜੀਆਂ। ਅਮਰੀਕਾ ਦੀ ਚੰਨ 'ਤੇ ਜਾਣ ਦੇ ਪ੍ਰੋਗਰਾਮ ਦੀ ਸ਼ੁਰੂਆਤ ਬਹੁਤ ਮਾੜੀ ਰਹੀ ਅਤੇ ਪਹਿਲੇ 15 ਮਿਸ਼ਨ ਲਗਾਤਾਰ ਫੇਲ੍ਹ ਹੋਏ। ਉਸ ਤੋਂ ਅਗਲਾ ਰੇਂਜਰ-4 ਵੀ ਕੁਦਰਤੀ ਚੰਨ ਦੇ ਦੁਰੇਡੇ ਪਾਸੇ ਸਖ਼ਤ ਤਰੀਕੇ ਨਾਲ ਉਤਰਿਆ। 1958 ਵਿੱਚ ਸ਼ੁਰੂ ਕੀਤੇ ਅਮਰੀਕੀ ਪ੍ਰੋਗਰਾਮ ਦੀ ਪਹਿਲੀ ਸਫਲ ਉਡਾਣ 1964 ਵਿੱਚ ਰੇਂਜਰ-7 ਦੀ ਸਖ਼ਤ ਉਤਰਾਈ ਵਿੱਚ ਹੋਈ। ਇਸ ਤੋਂ ਬਾਅਦ ਰੂਸ ਨੇ 1966 ਵਿੱਚ ਲੂਨਾ-9 ਨੂੰ ਚੰਨ 'ਤੇ ਨਰਮ ਉਤਰਾਈ ਕਰਵਾ ਕੇ ਵਾਪਸ ਧਰਤੀ 'ਤੇ ਲੈ ਆਂਦਾ। ਨਰਮ ਉਤਰਾਈ ਦਾ ਮਤਲਬ ਹੈ ਕਿ ਉਲਟੇ ਲੱਗੇ ਰਾਕੇਟਾਂ ਦੀ ਮਦਦ ਨਾਲ ਉਪਗ੍ਰਹਿ ਦੀ ਗਤੀ ਘਟਾ ਕੇ ਹੌਲੇ ਜਿਹੇ ਉਤਾਰਨਾ ਤਾਂ ਕਿ ਉਪਗ੍ਰਹਿ ਨੂੰ ਕਿਸੇ ਕਿਸਮ ਦਾ ਨੁਕਸਾਨ ਨਾ ਹੋਵੇਂ।



ਚੰਨ 'ਤੇ ਨੀਲ ਆਰਮਸਟ੍ਰਾਂਗ

ਚੰਨ 'ਤੇ ਇਨਸਾਨ ਨੂੰ ਲਿਜਾਣ ਲਈ ਇੱਕ ਤਕੜੇ ਰਾਕੇਟ ਦੀ ਲੋੜ ਸੀ। ਇਸ ਦਾ ਇੱਕ ਕਾਰਨ ਤਾਂ ਇਹ ਹੈ ਕਿ ਇਨਸਾਨ ਦੇ ਇੰਨੇ ਦਿਨ ਪੁਲਾੜ ਵਿੱਚ ਰਹਿਣ ਲਈ ਜ਼ਰੂਰੀ ਹਵਾ ਅਤੇ ਭੋਜਨ ਆਦਿ ਨਾਲ ਲਿਜਾਣ ਕਰਕੇ ਭਾਰ ਬਹੁਤ ਵਧ ਜਾਂਦਾ ਹੈ। ਦੂਸਰਾ ਰਾਕੇਟ ਨੂੰ ਚੰਨ 'ਤੇ ਉੱਤਰ ਕੇ ਵਾਪਸ ਵੀ ਆਉਣਾ ਪੈਂਦਾ ਹੈ ਜਿਸ ਲਈ ਜ਼ਿਆਦਾ ਬਾਲਣ ਦੀ ਲੋੜ ਪੈਂਦੀ ਹੈ। ਤੀਜਾ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੁੰਦੇ ਸਮੇਂ ਰਾਕੇਟ ਦੀ ਬਾਹਰਲੀ ਸਤਹ ਦਾ ਤਾਪਮਾਨ ਬਹੁਤ ਵਧ ਜਾਂਦਾ ਹੈ ਅਤੇ ਅੰਦਰੂਨੀ ਤਾਪਮਾਨ ਨੂੰ ਘੱਟ ਰੱਖਣ ਲਈ ਮੋਟੀ ਤਾਪ-ਰੋਧੀ ਪਰਤ ਦਾ ਇਸਤੇਮਾਲ ਕਰਨਾ ਪੈਂਦਾ ਹੈ ਜੋ ਰਾਕੇਟ ਦੇ ਭਾਰ ਨੂੰ ਹੋਰ ਵਧਾਉਂਦੀ ਹੈ। ਉਸ ਸਮੇਂ ਦੇ ਕਿਸੇ ਵੀ ਰਾਕੇਟ ਕੋਲ ਇਹ ਸਮਰੱਥਾ ਨਹੀਂ ਸੀ ਕਿ ਇਹ ਸਭ ਸ਼ਰਤਾਂ ਪੂਰੀਆਂ ਕਰਦੇ ਹੋਏ ਇਨਸਾਨ ਨੂੰ ਚੰਨ ਤੱਕ ਲਿਜਾ ਸਕਣ। ਇਸ ਲਈ ਅਮਰੀਕਾ ਨੇ ਸੈਟਰਨ-V ਅਤੇ ਰੂਸ ਨੇ N1 ਰਾਕੇਟ ਦਾ ਨਿਰਮਾਣ ਸ਼ੁਰੂ ਕੀਤਾ। ਸੈਟਰਨ V ਰਾਕੇਟ ਵਿੱਚ ਬੈਠ ਕੇ ਹੀ ਅਮਰੀਕਾ ਦੇ ਤਿੰਨ ਪੁਲਾੜ ਯਾਤਰੀਆਂ: ਨੀਲ ਆਰਮਸਟ੍ਰਾਂਗ, ਬਜ਼ ਐਲਡ੍ਰਿਨ ਅਤੇ ਮਾਈਕਲ ਕੌਲਿਨਸ ਨੇ 21 ਦਸੰਬਰ 1969 ਨੂੰ ਚੰਨ ਵੱਲ ਉਡਾਣ ਭਰੀ। ਇਨ੍ਹਾਂ ਵਿੱਚੋ ਨੀਲ ਨੂੰ ਸਭ ਤੋਂ ਪਹਿਲਾਂ ਚੰਨ 'ਤੇ ਉਤਰਨ ਦਾ ਮੌਕਾ ਪ੍ਰਾਪਤ ਹੋਇਆ ਅਤੇ ਉਸ ਨੇ ਇਤਿਹਾਸਕ ਗੱਲ ਕਹੀ, "ਇਹ ਮਨੁੱਖ ਲਈ ਇੱਕ ਛੋਟਾ ਜਿਹਾ ਕਦਮ ਹੈ, ਮਨੁੱਖ ਜਾਤੀ ਲਈ ਵੱਡੀ

ਛਾਲ ਹੈ।" ਬਜ਼ ਉਸ ਤੋਂ ਬਾਅਦ ਉਤਰਿਆ। ਕੌਲਿਨਸ ਚੰਨ 'ਤੇ ਨਹੀਂ ਉਤਰਿਆ ਅਤੇ ਔਰਬਿਟਰ ਵਿੱਚ ਬੈਠਾ ਚੰਨ ਦੇ ਗੇੜੇ ਲਗਾਉਂਦਾ ਰਿਹਾ। ਰੂਸ ਦਾ N1 ਰਾਕੇਟ ਸਫਲ ਨਾ ਹੋ ਸਕਿਆ ਅਤੇ ਅਮਰੀਕਾ ਇਸ ਮਿਸ਼ਨ ਨਾਲ ਪੁਲਾੜ ਦੌੜ ਦਾ ਜੇਤੂ ਬਣ ਗਿਆ।

ਇਸ ਮਿਸ਼ਨ ਦੀ ਜਟਿਲਤਾ ਦੇ ਪੱਧਰ ਕਾਰਨ, ਉਸ ਸਮੇਂ ਕੁੱਝ ਲੋਕਾਂ ਨੇ ਇਸ ਇਤਿਹਾਸਕ ਪ੍ਰਾਪਤੀ ਨੂੰ ਨਕਾਰਿਆ ਅਤੇ ਕਿਹਾ ਕਿ ਅਮਰੀਕਾ ਨੇ ਨਮੋਸ਼ੀ ਤੋਂ ਬਚਣ ਲਈ ਇਹ ਸਭ ਇੱਕ ਸਟੂਡੀਓ ਵਿੱਚ ਫਿਲਮਾ ਕੇ ਦਿਖਾ ਦਿੱਤਾ। ਨਾਸਾ ਨੇ ਇਸ ਨੂੰ ਕਈ ਵਾਰ ਝੁਠਲਾਇਆ ਹੈ ਅਤੇ ਇੱਥੋਂ ਤੱਕ ਕੇ ਉਸਦੇ ਵਿਰੋਧੀ ਰੂਸ ਨੇ ਵੀ ਕਦੇ ਇਸ ਤਰ੍ਹਾਂ ਦਾ ਦਾਅਵਾ ਨਹੀਂ ਕੀਤਾ ਪਰ ਹਾਲੇ ਵੀ ਕੁੱਝ ਲੋਕ ਇਸ ਗੱਲ ਨੂੰ ਨਹੀਂ ਮੰਨਦੇ। ਉਹ ਲੋਕ ਆਪਣੇ ਦਾਅਵੇ ਦੇ ਹੱਕ ਵਿੱਚ ਕਈ ਦਲੀਲਾਂ ਵੀ ਦਿੰਦੇ ਹਨ।ਆਓ, ਉਨ੍ਹਾਂ ਵਿੱਚੋ ਕੁੱਝ ਨੂੰ ਜਾਣੀਏ।

1. ਨੀਲ ਆਰਮਸਟ੍ਰਾਂਗ ਦੇ ਪਿੱਛੇ ਦਿਸ ਰਹੇ ਅਸਮਾਨ ਵਿੱਚ ਇੱਕ ਵੀ ਤਾਰਾ ਕਿਉਂ ਨਹੀਂ ਦਿਸ ਰਿਹਾ ?

ਅਸਲ ਵਿੱਚ ਤਾਰਿਆਂ ਦੀ ਰੌਸ਼ਨੀ ਬਹੁਤ ਮੱਧਮ ਹੈ। ਸਾਡੀਆ ਅੱਖਾਂ ਨੂੰ ਇਹ ਰੌਸ਼ਨੀ ਦਿਸਦੀ ਹੈ ਪਰ ਸਾਡੀ ਅੱਖ ਕੈਮਰਿਆਂ ਤੋਂ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੈ। ਜੇਕਰ ਤੁਸੀਂ ਤਾਰਿਆਂ ਦੀ ਫੋਟੋ ਖਿੱਚਣਾ ਚਾਹੁੰਦੇ ਹੋ ਤਾਂ ਤੁਹਾਨੂੰ ਕੈਮਰੇ ਦਾ ਸ਼ਟਰ 5-10 ਜਾਂ 30 ਸੈਕਿੰਡ ਤੱਕ ਖੁੱਲ੍ਹਾ ਰੱਖਣਾ ਪਏਗਾ ਪਰ ਫਿਰ ਸਾਹਮਣੇ ਵਾਲੀਆਂ ਸਭ ਚੀਜ਼ਾਂ ਬਿਲਕੁਲ ਚਿੱਟੀਆਂ ਹੋ ਜਾਣਗੀਆਂ। ਇਸ ਕਰਕੇ ਕੈਮਰੇ ਨਾਲ ਬਿਨਾਂ ਐਡੀਟਿੰਗ ਦੇ, ਤਾਰੇ+ਇਨਸਾਨ ਦੀ ਫੋਟੋ ਲੈਣਾ ਸੰਭਵ ਨਹੀਂ ਹੈ। ਇਸ ਲਈ ਤੁਹਾਨੂੰ ਅਪੋਲੋ ਦੀਆਂ ਤਸਵੀਰਾਂ ਵਿੱਚ ਤਾਰੇ ਨਹੀਂ ਦਿਸਦੇ।

2. ਤਸਵੀਰ ਵਿੱਚ ਨੀਲ ਆਰਮਸਟ੍ਰਾਂਗ ਦਾ ਪਰਛਾਵਾਂ ਹੈ ਤਾਂ ਯੂ.ਐਸ.ਏ ਦੇ ਝੰਡੇ ਦਾ ਪਰਛਾਵਾਂ ਕਿਉਂ ਨਹੀਂ ਹੈ ?

ਉਹ ਸਿਰਫ਼ ਇੱਕ ਤਸਵੀਰ ਵਿੱਚ ਹੁੰਦਾ ਹੈ। ਉਹ ਵੀ ਇਸ ਕਰਕੇ ਕਿ ਝੰਡੇ ਦਾ ਪਰਛਾਵਾਂ ਨੀਲ ਦੇ ਪਿੱਛੇ ਰਹਿ ਜਾਂਦਾ ਹੈ ਅਤੇ ਨਹੀਂ ਦਿਖਦਾ। ਹੋਰ ਤਸਵੀਰਾਂ ਵਿੱਚ ਤੁਸੀਂ ਝੰਡੇ ਦਾ ਪਰਛਾਵਾਂ ਸਾਫ਼ ਦੇਖ ਸਕਦੇ ਹੋ।

3. ਚੰਨ 'ਤੇ ਹਵਾ ਨਹੀਂ ਹੈ, ਪਰ ਫਿਰ ਵੀ ਅਮਰੀਕੀ ਝੰਡਾ ਝੂਲਦਾ ਹੋਇਆ ਕਿਉਂ ਦਿਖਦਾ ਹੈ ?

ਅਸਲ ਵਿੱਚ ਇਹ ਝੰਡਾ ਆਮ ਝੰਡਾ ਨਹੀਂ ਹੈ। ਨਾਸਾ ਨੂੰ ਪਤਾ ਸੀ ਕਿ ਵਾਯੂਮੰਡਲ ਦੀ ਅਣਹੋਂਦ ਕਰਕੇ ਝੰਡਾ ਸਿਰ ਸੁੱਟ ਜਾਵੇਗਾ, ਭਾਵ ਝੂਲੇਗਾ ਨਹੀਂ। ਸੋ ਉਨ੍ਹਾਂ ਨੇ ਝੰਡੇ ਦੇ ਉੱਪਰ ਇੱਕ ਰਾਡ ਲਗਾਈ ਤਾਂ ਕਿ ਝੰਡਾ ਸਿੱਧਾ ਖੜ੍ਹਾ ਰਹੇ। ਝੰਡੇ ਦੇ ਵਿੱਚ ਜੋ ਵਲ਼ ਦਿਖ ਰਹੇ ਹਨ, ਜਿੰਨਾ ਕਰਕੇ ਝੰਡਾ ਝੂਲਦਾ ਪ੍ਰਤੀਤ ਹੁੰਦਾ ਹੈ, ਉਹ ਝੰਡੇ ਨੂੰ ਚੰਦਰਮਾ 'ਤੇ ਲਗਾਉਂਦੇ ਸਮੇਂ ਹੋਈ ਹਿਲਜੁਲ ਕਰਕੇ ਹਨ। ਇੱਕ ਵਾਰ ਲੱਗਣ ਤੋਂ ਬਾਅਦ ਵਲ ਜਿਵੇਂ ਦੇ ਤਿਵੇਂ ਰਹੇ, ਪਰ ਫੋਟੋ ਵਿੱਚ ਇਹ ਸਭ ਪਤਾ ਨਹੀਂ ਲੱਗ ਸਕਦਾ ਅਤੇ ਗਲਤਫ਼ਹਿਮੀ ਪੈਦਾ ਹੁੰਦੀ ਹੈ। ਇਹ ਗਲਤਫ਼ਹਿਮੀ ਵੀਡਿਓ ਦੇਖ ਕੇ ਦੂਰ ਹੋ ਜਾਂਦੀ ਹੈ। ਚੰਨ 'ਤੇ ਝੰਡਾ ਲਾਉਂਦਿਆਂ ਦੀ ਵੀਡਿਓ ਤੁਸੀਂ ਨਾਲ ਦਿੱਤੇ(QR) ਕੋਡ ਨੂੰ ਸਕੈਨ ਕਰਕੇ ਦੇਖ ਸਕਦੇ ਹੋ।

4. ਲੂਨਰ ਲੈਂਡਰ ਜਿੱਥੇ ਉਤਰਿਆ, ਉੱਥੇ ਕੋਈ ਖੱਡੇ ਦਾ ਨਿਸ਼ਾਨ ਨਹੀਂ ਪਿਆ, ਪਰ ਆਰਮਸਟ੍ਰਾਂਗ ਦੇ ਬੂਟ ਦੇ ਨਿਸ਼ਾਨ ਹਨ, ਕਿਉ ?

ਚੰਨ ਦੀ ਸਤ੍ਹਾ ਪਥਰੀਲੀ ਹੈ। ਉੱਥੇ ਧਰਤੀ ਵਾਂਗ ਮਿੱਟੀ ਨਹੀਂ ਹੈ। ਉਸ ਦੇ ਉੱਤੇ ਧੂੜ ਦੀ ਇੱਕ ਪਰਤ ਹੈ, ਪਰ ਉਸ ਪਰਤ ਦੇ ਥੱਲੇ ਸਖ਼ਤ ਪਥਰੀਲੀ ਜ਼ਮੀਨ ਹੈ। ਜਦੋ ਲੈਂਡਰ ਉਤਰਿਆ, ਉਸ ਦੀਆਂ ਗੈਸਾਂ ਨਾਲ ਮਿੱਟੀ ਤਾਂ ਉੱਡ ਗਈ, ਪਰ ਹੇਠਲੀ ਚਟਾਨ ਸਖ਼ਤ ਹੋਣ ਕਰਕੇ ਓਦਾਂ ਹੀ ਰਹੀਂ। ਇਸ ਕਰਕੇ ਕੋਈ ਖੱਡਾ ਨਹੀਂ ਬਣਿਆ। ਆਰਮਸਟ੍ਰਾਂਗ ਦੇ ਜ਼ਮੀਨ ਉੱਤੇ ਚੱਲਣ ਨਾਲ ਸਿਰਫ਼ ਉੱਪਰਲੀ ਪਰਤ ਹਿੱਲੀ ਅਤੇ ਬੂਟਾਂ ਦੇ ਨਿਸ਼ਾਨ ਬਣੇ। ਚਾਹੇ ਚੰਨ 'ਤੇ ਨਮੀ ਨਹੀਂ ਹੈ, ਪਰ ਧੂੜ ਦੇ ਕਣਾਂ ਦੀ ਆਪਸੀ ਰਗੜ ਉਨ੍ਹਾਂ ਨੂੰ ਆਪਣੇ ਸਥਾਨ 'ਤੇ ਬਣਾਈ ਰੱਖਣ ਲਈ ਕਾਫ਼ੀ ਹੈ। ਇਸ ਕਰਕੇ ਬੂਟਾਂ ਦੇ ਨਿਸ਼ਾਨ ਹਨ ਅਤੇ ਲੈਂਡਰ ਦਾ ਟੋਆ ਨਹੀਂ।



ਚੰਨ 'ਤੇ ਨੀਲ ਅਰਾਮਸਟ੍ਰਾਂਗ ਦੇ ਪੈਰ ਦੇ ਨਿਸ਼ਾਨ

5. ਵੈਨ ਐਲਨ ਬੈਲਟ ਦੀ ਖਤਰਨਾਕ ਰੇਡੀਏਸ਼ਨ ਨੂੰ ਚੰਨ ਯਾਤਰੀਆਂ ਨੇ ਕਿਵੇਂ ਝੱਲਿਆ ?

ਇਹ ਦਾਅਵਾ ਥੋੜ੍ਹਾ ਤਕਨੀਕੀ ਹੈ। ਵੈਨ ਐਲਨ ਬੈਲਟ ਇੱਕ ਉੱਚ ਉਰਜਾ ਕਣਾਂ ਦਾ ਬੱਦਲ ਹੈ ਜੋ ਧਰਤੀ ਦੇ ਦੁਆਲੇ ਲਗਪਗ 40,000 ਕਿਲੋਮੀਟਰ ਤੱਕ ਹੈ। ਇਸਦੀ ਸ਼ਕਲ ਵੜੇ ਜਾਂ ਡੋਨਟ ਵਰਗੀ ਹੈ। ਜੇਕਰ ਤੁਸੀਂ ਇਸ ਬੈਲਟ ਵਿੱਚ ਜ਼ਿਆਦਾ ਟਾਈਮ ਰਹੋ ਤਾਂ ਇਹ ਤੁਹਾਨੂੰ ਕਾਫ਼ੀ ਨੁਕਸਾਨ ਪਹੁੰਚਾ ਸਕਦੇ ਹਨ। ਰੇਡੀਏਸ਼ਨ ਦੀ ਤੀਬਰਤਾ ਰੈਡਜ਼ (rads) ਵਿੱਚ ਮਾਪੀ ਜਾਂਦੀ ਹੈ। ਵਿਗਿਆਨੀਆਂ ਅਨੁਸਾਰ ਜੇਕਰ 1 ਘੰਟੇ 'ਚ ਤੁਸੀਂ 300 ਰੈਡਜ਼ ਰੇਡੀਏਸ਼ਨ ਸੋਖਦੇ ਹੋ ਤਾਂ ਇਹ ਤੁਹਾਡੇ ਲਈ ਘਾਤਕ ਹੋ ਸਕਦੀ ਹੈ ਪਰ ਜੇ ਅਸੀਂ ਰਾਕੇਟ ਦੀ ਗਤੀ ਅਤੇ ਵੈਨ ਐਲਨ ਬੈਲਟ ਦੀ ਚੌੜਾਈ ਨਾਲ ਹਿਸਾਬ ਲਗਾਈਏ ਤਾਂ ਰੇਡੀਏਸ਼ਨ ਦੀ ਕੁੱਲ ਮਾਤਰਾ ਕਰੀਬ 11 ਰੈਡਜ਼ ਬਣਦੀ ਹੈ ਜੋ

300 ਰੈਡਜ਼ ਦੀ ਘਾਤਕ ਡੋਜ਼ ਤੋਂ ਕਿਤੇ ਥੱਲੇ ਹੈ। ਸੋ ਪੁਲਾੜ ਯਾਤਰੀਆਂ ਨੂੰ ਇਸ ਬੈਲਟ ਤੋਂ ਕੋਈ ਖਤਰਾ ਨਹੀਂ ਸੀ।

6. ਲੂਨਰ ਲੈਂਡਰ ਦੇ ਇੰਜਣ ਦੀ ਆਵਾਜ਼ ਬਹੁਤ ਜ਼ਿਆਦਾ ਹੁੰਦੀ ਹੈ। ਇੰਨੀ ਖੜਕੇ ਵਾਲੀ ਆਵਾਜ਼ ਵਿੱਚ ਪੁਲਾੜ ਯਾਤਰੀਆਂ ਦੀ ਆਵਾਜ਼ ਸਾਫ਼-ਸਾਫ਼ ਕਿਵੇਂ ਸੁਣ ਸਕਦੀ ਹੈ?

ਵੈਸੇ ਤਾਂ ਆਵਾਜ਼ ਏਨੀ ਸਾਫ਼ ਨਹੀਂ ਸੀ, ਪਰ ਫੇਰ ਵੀ, ਆਪਾਂ ਸਭ ਨੂੰ ਪਤਾ ਹੈ ਕਿ ਆਵਾਜ਼ ਇੱਕ ਲੰਬਕਾਰੀ (longitudinal) ਤਰੰਗ ਹੈ। ਇਸ ਨੂੰ ਚੱਲਣ ਲਈ ਕਿਸੇ ਮਾਧਿਅਮ ਦੀ ਲੋੜ ਹੁੰਦੀ ਹੈ। ਹੁਣ ਜਦੋ ਚੰਨ 'ਤੇ ਵਾਯੂਮੰਡਲ ਹੀ ਨਹੀਂ ਹੈ ਤਾਂ ਆਵਾਜ਼ ਕਿਵੇਂ ਆਏਗੀ? ਆਰਮਸਟ੍ਰਾਂਗ ਤੇ ਐਲਡ੍ਰਿਨ ਆਹਮੋ ਸਾਹਮਣੇ ਖੜ੍ਹੇ ਹੋਏ ਵੀ ਰੇਡੀਓ ਰਾਹੀ ਗੱਲ ਕਰਦੇ ਸੀ। ਇਸ ਲਈ ਇਸ ਦਾਅਵੇ ਵਿੱਚ ਵੀ ਕੋਈ ਦਮ ਨਹੀਂ ਹੈ।

7. 1972 ਤੋਂ ਲੈ ਕੇ ਹੁਣ ਤੱਕ ਵਿਗਿਆਨ ਬਹੁਤ ਤਰੱਕੀ ਕਰ ਚੁੱਕਿਆ ਹੈ। ਇਸ ਦੇ ਬਾਵਜੂਦ 1972 ਤੋਂ ਬਾਅਦ ਹੁਣ ਤੱਕ ਕੋਈ ਚੰਨ ਯਾਤਰਾ ਕਿਉਂ ਨਹੀਂ ਹੋਈ?

ਇਸ ਦਾ ਕਾਰਨ ਬਹੁਤ ਸਿੱਧਾ ਤੇ ਸਪਸ਼ੱਟ ਹੈ, ਪੈਸਾ। 1972 ਤੋਂ ਬਾਅਦ ਅਮਰੀਕਾ ਨੇ ਸੈਟਰਨ ਰਾਕੇਟ, ਜੋ ਅਪੋਲੋ ਵਰਗੀ ਭਾਰੀ ਚੀਜ਼ ਨੂੰ ਚੰਨ ਤੱਕ ਲਿਜਾਣ ਦੇ ਸਮਰੱਥ ਸੀ, ਨੂੰ ਸੇਵਾ ਮੁਕਤ ਕਰ ਦਿੱਤਾ। ਇਸ ਦਾ ਮੁੱਖ ਕਾਰਨ ਰਾਕੇਟ ਦਾ ਬਹੁਤ ਮਹਿੰਗਾ ਪੈਣਾ ਅਤੇ ਰੂਸ ਨਾਲ ਪੁਲਾੜ ਦੌੜ ਦਾ ਅੰਤ ਸੀ। ਉਸ ਤੋਂ ਬਾਅਦ ਕੋਈ ਐਨਾ ਤਕੜਾ ਰਾਕੇਟ ਨਹੀਂ ਬਣਿਆ ਜੋ ਚੰਨ ਤੱਕ ਲਿਜਾ ਸਕੇ। ਹੁਣ ਨਾਸਾ SLS ਰਾਕੇਟ ਨਾਲ ਚੰਨ 'ਤੇ ਵਾਪਸ ਜਾਣ ਦੀ ਤਿਆਰੀ ਕਰ ਰਿਹਾ ਹੈ। ਸੈਟਰਨ ਇੱਕ ਬਹੁਤ ਵੱਡ ਆਕਾਰੀ ਰਾਕੇਟ ਸੀ, ਅੱਜ ਤੱਕ ਦਾ ਸਭ ਤੋਂ ਵੱਡਾ। ਪਰ ਇਹ ਕਿਫ਼ਾਇਤੀ ਨਹੀਂ ਸੀ। ਜਦੋਂ ਤੱਕ ਪੁਲਾੜ ਦੌੜ ਚੱਲ ਰਹੀ ਸੀ, ਅਮਰੀਕਾ ਖ਼ਰਚਾ ਝੱਲੀ ਗਿਆ। ਪਰ ਉਸ ਤੋਂ ਬਾਅਦ ਇਸ ਨੂੰ ਬਹੁਤ ਮਹਿੰਗਾ ਹੋਣ ਕਰਕੇ ਬੰਦ ਕਰ ਦਿੱਤਾ ਗਿਆ। ਉਸ ਤੋਂ ਬਾਅਦ ਕੋਈ ਏਨਾ ਕਿਫ਼ਾਇਤੀ ਰਾਕੇਟ ਨਹੀਂ ਬਣਿਆ। SLS ਹੁਣ ਇਹ ਖਲਾਅ ਭਰਨ ਲਈ ਤਿਆਰ ਹੈ। ਪਹਿਲੀ ਸਫਲ ਉਡਾਨ ਨਾਲ ਨਾਸਾ ਦੇ ਵੀ ਹੌਸਲੇ ਬੁਲੰਦ ਹਨ ਅਤੇ 2024 ਤੱਕ ਇਨਸਾਨ ਦੇ ਕਦਮ ਚੰਨ 'ਤੇ ਦੁਬਾਰਾ ਪੈਣ ਦੇ ਆਸਾਰ ਹਨ।

ਵਿਗਿਆਨੀ ਇਸਰੋ (I.S.R.O.), ਤਿਰੁਵਨੰਤਪੁਰਮ
99957 65095

"ਜੋ ਤਰਕ ਦੀ ਸੁਣਦਾ ਨਹੀਂ, ਉਹ ਕੱਟੜ ਹੈ।
ਜੋ ਤਰਕ 'ਤੇ ਚੱਲ ਨਾ ਸਕੇ, ਉਹ ਮੂਰਖ ਹੈ।
ਅਤੇ ਜੋ ਤਰਕ ਵਾਲੀ ਗੱਲ ਕਰਨ ਦੀ ਹਿੰਮਤ ਨਾ ਕਰੇ
ਉਹ ਗੁਲਾਮ ਹੈ।"

-ਡਰਮੰਡ

ਦਿਨ ਜੋ ਇਤਿਹਾਸ ਬਣੇ

1 ਜੁਲਾਈ : ਸ਼ਹੀਦ ਮਦਨ ਲਾਲ ਢੀਂਗਰਾ ਵੱਲੋਂ ਕਰਜਨ ਵਾਇਲੀ ਦੀ ਲੰਡਨ ਵਿਚ ਗੋਲੀਆਂ ਮਾਰ ਕੇ ਹੱਤਿਆ (1909)

6 ਜੁਲਾਈ : ਲੂਈ ਪਾਸਚਰ ਵੱਲੋਂ ਹਲਕਾਅ ਤੋਂ ਬਚਾਅ ਦੇ ਟੀਕੇ ਦੀ ਈਜ਼ਾਦ(1885)

11 ਜੁਲਾਈ : ਵਿਸ਼ਵ ਜਨਸੰਖਿਆ ਦਿਵਸ

13 ਜੁਲਾਈ : ਸ਼ਹੀਦ ਜਤਿੰਦਰ ਨਾਥ ਦਾਸ ਨੇ ਆਪਣੀ ਇਤਿਹਾਸਕ ਭੁੱਖ ਹੜਤਾਲ ਸ਼ੁਰੂ ਕੀਤੀ (1929)

16 ਜੁਲਾਈ : ਚੰਦ 'ਤੇ ਪਹਿਲੀ ਵਾਰ ਮਨੁੱਖ ਨੂੰ ਲੈ ਕੇ ਜਾਣ ਵਾਲੇ ਰਾਕਟ ਅਪੋਲੋ 11 ਦੀ ਧਰਤੀ ਤੋਂ ਉਡਾਣ (1969)

17 ਜੁਲਾਈ : ਪੰਜਾਬ ਰਿਆਸਤੀ ਪਰਜਾਮੰਡਲ ਦੀ ਸਥਾਪਨਾ (1928)

18 ਜੁਲਾਈ : ਜੀਵ ਸੈੱਲ ਸਿਧਾਂਤ ਦੇ ਖੋਜੀ ਵਿਗਿਆਨੀ ਰਾਬਰਟ ਹੁੱਕ ਦਾ ਜਨਮ (1635)

20 ਜੁਲਾਈ : ਚੰਦ ਉੱਤੇ ਮਨੁੱਖ ਨੇ ਪਹਿਲੀ ਵਾਰ ਪੈਰ ਧਰੇ (1969)

23 ਜੁਲਾਈ : ਚੰਦਰ ਸ਼ੇਖਰ ਆਜ਼ਾਦ ਦਾ ਜਨਮ (1906)

31 ਜੁਲਾਈ : ਸ਼ਹੀਦ ਊਧਮ ਸਿੰਘ ਨੂੰ ਲੰਡਨ ਵਿੱਚ ਫਾਂਸੀ (1940)

5 ਅਗਸਤ : ਚੰਦ 'ਤੇ ਪਹਿਲਾ ਪੈਰ ਧਰਨ ਵਾਲੇ ਨੀਲ ਆਰਮਸਟਰੌਂਗ ਦਾ ਜਨਮ (1930)

6 ਅਗਸਤ : ਪ੍ਰਮਾਣੂ ਬੰਬ ਵਿਰੋਧੀ ਦਿਵਸ

11 ਅਗਸਤ : ਸ਼ਹੀਦ ਖੁਦੀ ਰਾਮ ਬੋਸ ਨੂੰ ਫਾਂਸੀ (1908)

13 ਅਗਸਤ : ਕਿਊਬਾ ਦੇ ਕ੍ਰਾਂਤੀਕਾਰੀ ਆਗੂ ਫੀਦਲ ਕਾਸਟਰੋ ਦਾ ਜਨਮ (1926)


17 ਅਗਸਤ : ਸ਼ਹੀਦ ਮਦਨ ਲਾਲ ਢੀਂਗਰਾ ਨੂੰ ਲੰਡਨ ਵਿਚ ਫਾਂਸੀ (1909)

18 ਅਗਸਤ : ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਹਵਾਈ ਹਾਦਸੇ ਵਿਚ ਸੰਭਾਵੀ ਮੌਤ (1945)

23 ਅਗਸਤ : ਪਥਰਾਟ ਵਿਗਿਆਨੀ ਜਾਰਜ ਕੂਵੀਅਰ ਦਾ ਜਨਮ (1769)

29 ਅਗਸਤ : ਕੌਮੀ ਖੇਡ ਦਿਵਸ

ਡਾਰਵਿਨ ਤੋਂ ਇੰਨਾ ਡਰ ਕਿਉਂ ?



ਹਰਚਰਨ ਸਿੰਘ ਚਹਿਲ

ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੀ ਨਿਗਰਾਨੀ ਹੇਠ ਕੰਮ ਕਰਨ ਵਾਲੇ ਅਦਾਰੇ ਐਨ.ਸੀ.ਈ.ਆਰ.ਟੀ ਨੇ ਡਾਰਵਿਨ ਦੇ ਜੀਵ-ਉਤਪਤੀ ਨਾਲ ਸਬੰਧਿਤ ਕਰਮ-ਵਿਕਾਸ ਸਿਧਾਂਤ ਨੂੰ ਸਕੂਲੀ ਸਿੱਖਿਆ ਦੇ ਸਿਲੇਬਸ ਵਿੱਚੋਂ ਬਾਹਰ ਕੱਢ ਦਿੱਤਾ ਹੈ। ਇਸ ਅਦਾਰੇ ਨੇ ਪਿਛਲੇ ਦਿਨੀਂ ਇਤਿਹਾਸ ਨਾਲ ਸਬੰਧਿਤ ਕਈ ਹਿੱਸੇ ਵੀ ਸਕੂਲੀ ਸਿਲੇਬਸ ਵਿੱਚੋਂ ਬਾਹਰ ਕੱਢੇ ਸਨ। ਹਾਲਾਂਕਿ ਇਤਿਹਾਸ ਦੇ ਇਨ੍ਹਾਂ ਹਿੱਸਿਆਂ ਦਾ ਸਿਲੇਬਸ ’ਚੋਂ ਹਟਾਇਆ ਜਾਣਾ ਵੀ ਚਿੰਤਾਜਨਕ ਵਰਤਾਰਾ ਹੈ ਪਰ ਡਾਰਵਿਨ ਦੇ ਸਿਧਾਂਤ ਨੂੰ ਹਟਾਏ ਜਾਣ ਦਾ ਮਾਮਲਾ ਉਸ ਨਾਲੋਂ ਅਲੱਗ ਕਿਸਮ ਦਾ ਹੈ ਅਤੇ ਕੁੱਝ ਪੱਖਾਂ ਤੋਂ ਵਧੇਰੇ ਖਤਰਨਾਕ ਤੇ ਖ਼ੌਫ਼ਨਾਕ ਵੀ ਹੈ। ਇਹ ਵਰਤਾਰਾ ਵਿਗਿਆਨਕ ਵਿਚਾਰਾਂ ਦੇ ਮੁਕਾਬਲੇ ਧਾਰਮਿਕ ਮਿੱਥਾਂ ਨੂੰ ਤਰਜ਼ੀਹ ਦੇਣ ਦੇ ਖਤਰਨਾਕ ਰੁਝਾਨ ਦਾ ਪ੍ਰਤੀਕ ਹੈ।

ਸੰਨ 1809 ਵਿੱਚ ਬਰਤਾਨੀਆ ਵਿੱਚ ਜਨਮੇ ਚਾਰਲਿਸ ਡਾਰਵਿਨ ਨੇ ਸੰਨ 1859 ਵਿੱਚ ਛਪ ਕੇ ਆਈ ਆਪਣੀ ਸ਼ਾਹਕਾਰ ਰਚਨਾ ‘ਆਨ ਦ ਓਰਿਜ਼ਨ ਆਫ਼ ਸਪੀਸ਼ੀਜ਼’ ਨਾਲ ਜੀਵ-ਉਤਪਤੀ ਨਾਲ ਸਬੰਧਿਤ ਵਿਚਾਰਾਂ ਵਿੱਚ ਇੱਕ ਤਰਥੱਲੀ ਮਚਾ ਦਿੱਤੀ। ਵਿਕਾਸਵਾਦ ਦਾ ਸਿਧਾਂਤ ਵਿਕਸਿਤ ਕਰਨ ਲਈ ਉਸ ਨੇ ਲਗਾਤਾਰ ਕਈ ਸਾਲ ਸਖਤ ਮਿਹਨਤ ਕੀਤੀ। ਸੰਨ 1831 ਤੋਂ 36 ਤੱਕ ਲਗਾਤਰ ਪੰਜ ਸਾਲ ਇੱਕ ਖੋਜੀ ਸਮੁੰਦਰੀ ਜਹਾਜ਼ ਐਚ.ਐਮ.ਐਸ. ਬੀਗਲ ਰਾਹੀਂ ਦੱਖਣੀ ਅਮਰੀਕੀ ਮਹਾਂਦੀਪ ਦੇ ਅਨੇਕਾਂ ਟਾਪੂਆਂ ਤੋਂ ਬਹੁਤ ਸਾਰੇ ਅੰਕੜੇ ਤੇ ਤੱਥ ਇਕੱਤਰ ਕੀਤੇ। ਉਸ ਦੇ ਖੋਜ-ਨਤੀਜੇ ਇੰਨੇ ਪੁਖਤਾ ਸਨ ਕਿ ਜੀਵ-ਉਤਪਤੀ ਬਾਰੇ ਤਤਕਾਲੀ ਪ੍ਰਚੱਲਿਤ ਵਿਚਾਰਾਂ ਦੇ ਸਮਰਥਕਾਂ ਵੱਲੋਂ ਤਿੱਖੇ ਵਿਰੋਧਾਂ ਤੇ ਲੱਖ ਕੋਸ਼ਿਸ਼ਾਂ ਦੇ ਬਾਵਜੂਦ, ਇਨ੍ਹਾਂ ਨੂੰ ਝੁਠਲਾਇਆ ਨਹੀਂ ਜਾ ਸਕਿਆ। ਹੋਰ ਵਿਗਿਆਨੀਆਂ ਦੀ ਅਗਲੇਰੀ ਖੋਜ ਨੇ ਇਸ ਸਿਧਾਂਤ ਦੀ ਪੁਸ਼ਟੀ ਕਰਦੇ ਹੋਏ ਇਸ ਨੂੰ ਹੋਰ ਪੁਖਤਾ ਕੀਤਾ।

ਵਿਗਿਆਨ ਵਿੱਚ ਥੋੜੀ ਜਿਹੀ ਦਿਲਚਸਪੀ ਰੱਖਣ ਵਾਲਾ ਆਮ ਸ਼ਖਸ ਵੀ, ਆਪਣੇ ਆਲੇ-ਦੁਆਲੇ ਡਾਰਵਿਨ ਦੇ ਵਿਕਾਸਵਾਦ ਦੇ ਸਿਧਾਂਤ ਦੇ ਅਨੇਕਾਂ ਸਬੂਤਾਂ ਨੂੰ ਆਸਾਨੀ ਨਾਲ ਦੇਖ ਸਕਦਾ ਹੈ। ਡਾਕਟਰੀ ਵਿਗਿਆਨ ਦਸਦਾ ਹੈ ਕਿ ਮਨੁੱਖੀ ਸਰੀਰ ਅੰਦਰ ਅਜਿਹੇ ਦਰਜਨਾਂ ਗੈਰ-ਸਰਗਰਮ ਤੇ ਅਵਸ਼ੇਸ਼ੀ ਅੰਗ ਹਨ ਜਿਹੜੇ ਮਨੁੱਖ ਦਾ, ਵਿਕਾਸਵਾਦ ਦੇ ਕਰਮ ਵਿੱਚ, ਇਸ ਦੀਆਂ ਪੂਰਵਜ-ਪ੍ਰਜਾਤੀਆਂ ਨਾਲ ਸਬੰਧ ਜੋੜਦੇ ਹਨ। ਸਾਡੀ ਰੀੜ੍ਹ ਦੀ ਹੱਡੀ ਦਾ ਸਭ ਤੋਂ ਹੇਠਲਾ ‘ਮਣਕਾ’ ਅਜਿਹਾ ਹੀ ਇੱਕ ਅਵਸ਼ੇਸ਼ੀ ਅੰਗ ਹੈ ਜਿਹੜਾ ਕਿਸੇ ਪਿਛਲੇਰੀ ਪ੍ਰਜਾਤੀ ਦੀ ਪੂਛ ਰਿਹਾ ਹੋਵੇਗਾ। ਮਨੁੱਖ ਆਪਣੇ ਵਿਕਸਿਤ ਹੋਏ ਹੱਥਾਂ ਤੋਂ ਪੂਛ ਵਾਲਾ ਕੰਮ ਲੈਣ ਲੱਗਿਆ, ਇਸ ਲਈ ਇਹ ਅੰਗ ਘਟ ਕੇ ਮੌਜੂਦਾ ਰੂਪ ਧਾਰਨ ਕਰ ਗਿਆ। ਡਾਰਵਿਨ ਦੇ ਵਿਕਾਸਵਾਦ ਦਾ ਇੱਕ ਹੋਰ ਅਟੁੱਟ ਸਬੂਤ ਹੈ, ਮਨੁੱਖ ਤੇ ਇਸ ਦੀਆਂ ਨਜ਼ਦੀਕੀ ਪ੍ਰਜਾਤੀਆਂ ਦਰਮਿਆਨ ਡੀ.ਐਨ.ਏ. ਦੀ ਸਾਂਝ। ਮਨੁੱਖ (ਵਿਗਿਆਨਕ ਨਾਮ: ਹੋਮੋ ਸੇਪੀਅਨ), ਵਣਮਾਨਸ, ਚਿਮਪੈਂਜੀ ਤੇ ਬੌਣਾ-ਚਿਮਪੈਂਜੀ (ਬੋਨੋਬੋ-ਵਾਨਰ) ਪ੍ਰਜਾਤੀਆਂ ਦਾ ਆਪਸ ਵਿੱਚ 98.8% ਡੀ ਐਨ ਏ ਸਾਂਝਾ ਹੈ। ਗੋਰੀਲਾ ਪ੍ਰਜਾਤੀ ਨਾਲ ਮਨੁੱਖ ਦਾ 98.4% ਅਤੇ ਬਾਂਦਰ ਨਾਲ 93% ਡੀ.ਐਨ.ਏ. ਮਿਲਦਾ ਹੈ। ਇਸ ਪੱਖ ਤੋਂ ਮਨੁੱਖ ਦੀ 90% ਰਿਸ਼ਤੇਦਾਰੀ ਤਾਂ ਚੂਹਿਆਂ ਨਾਲ ਵੀ ਹੈ।

ਵਿਕਾਸਵਾਦ ਦੇ ਅਮਲ ਵਿੱਚ ਮਨੁੱਖ ਤੇ ਬਾਂਦਰ ਵਿਚਾਲੇ, ਉਪਰੋਕਤ ਤੋਂ ਇਲਾਵਾ ਨੀਥਰਬਲ ਵਗੈਰਾ ਕਈ ਹੋਰ ਪ੍ਰਜਾਤੀਆਂ ਵੀ ਹਨ ਪਰ ਬੋਲਚਾਲ ਦੀ ਆਮ ਭਾਸ਼ਾ ਵਿੱਚ ਅਤੇ ਆਮ ਜਨ-ਸਧਾਰਨ ਨੂੰ ਸਮਝਾਉਣ ਲਈ ਕੀਤੀ ਗੱਲਬਾਤ ਵਿੱਚ ‘ਬਾਂਦਰ ਤੋਂ ਬੰਦਾ ਬਣਨ’ ਦੀ ਹੀ ਗੱਲ ਹੁੰਦੀ ਹੈ। ਅਜਿਹਾ ਸ਼ਾਇਦ ਸਾਡੇ ਆਸ-ਪਾਸ, ਦੂਸਰੀਆਂ ਪ੍ਰਜਾਤੀਆਂ ਦੇ ਮੁਕਾਬਲੇ, ਬਾਂਦਰ ਦੀ ਵਧੇਰੇ ਤੇ ਵਿਆਪਕ ਮੌਜੂਦਗੀ ਦਾ ਹੋਣਾ ਹੈ।

ਵਿਕਾਸਵਾਦ ਦੇ ਸਬੂਤਾਂ ਦੀ ਇੰਨੀ ਸਪੱਸ਼ਟ ਤੇ ਵਿਆਪਕ ਮੌਜੂਦਗੀ ਦੇ ਬਾਵਜੂਦ ਧਾਰਮਿਕ ਕੱਟੜਪੰਥੀ ਇਸ ਸਿਧਾਂਤ ਨੂੰ ਝੁਠਲਾਉਣਾ ਕਿਉਂ ਚਾਹੁੰਦੇ ਹਨ ? ਕਿਉਂਕਿ ਇਹ ਸਿਧਾਂਤ ਇਸ ਸੰਸਾਰ ਉਪਰ ਜੀਵ-ਉਤਪਤੀ ਬਾਰੇ, ਅਤੇ ਵਿਸ਼ੇਸ਼ ਤੌਰ ’ਤੇ ਮਨੁੱਖ-ਉਤਪਤੀ ਬਾਰੇ, ਉਨ੍ਹਾਂ ਦੇ ਧਾਰਮਿਕ ਅਕੀਦਿਆਂ ਨੂੰ ਡੂੰਘੀ ਚੋਟ ਪਹੁੰਚਾਉਂਦਾ ਹੈ। ਸਭ ਤੋਂ ਪਹਿਲਾਂ ਤੇ ਸਭ ਤੋਂ ਵੱਧ ਤਿੱਖਾ ਵਿਰੋਧ ਤਾਂ ਈਸਾਈ ਮੱਤ ਵਾਲਿਆਂ ਨੇ ਕੀਤਾ। ਉਨ੍ਹਾਂ ਦੇ ਧਾਰਮਿਕ ਗ੍ਰੰਥ ਬਾਈਬਲ ਅਨੁਸਾਰ ਪ੍ਰਮਾਤਮਾ ਨੇ ਸੱਤ ਦਿਨਾਂ ਵਿੱਚ ਹਰੇਕ ਜੀਵ-ਜੰਤੂ ਦੀ ਖ਼ੁਦ ਰਚਨਾ ਕੀਤੀ। ਅਜਿਹੇ ਧਾਰਮਿਕ ਅਕੀਦੇ ਵਾਲਾ ਵਿਅਕਤੀ ਡਾਰਵਿਨ ਦੇ ਸਿਧਾਂਤ ਨੂੰ ਕਿਵੇਂ ਸਵੀਕਾਰ ਕਰ ਸਕਦਾ ਹੈ ਜਿਸ ਸਿਧਾਂਤ ਅਨੁਸਾਰ ਪਹਿਲਾਂ ਤੋਂ ਮੌਜੂਦ ਪ੍ਰਜਾਤੀਆਂ ਵਿੱਚ ਹੌਲੀ ਹੌਲੀ ਹਜ਼ਾਰਾਂ/ਲੱਖਾਂ ਸਾਲਾਂ ਵਿੱਚ ਹੋਈਆਂ ਤਬਦੀਲੀਆਂ ਰਾਹੀਂ ਨਵੀਂਆਂ ਤੇ ਵੱਖਰੀਆਂ ਪ੍ਰਜਾਤੀਆਂ ਹੋਂਦ ਵਿੱਚ ਆਉਂਦੀਆਂ ਰਹਿੰਦੀਆਂ ਹਨ। ਅਮਰੀਕਾ ਦੇ ਵੱਖ ਵੱਖ ਪ੍ਰਾਂਤਾਂ ਵਿੱਚ, ਡਾਰਵਿਨ ਦੇ ਸਿਧਾਂਤ ਨੂੰ ਪੜ੍ਹਾਉਣ ਉਪਰ ਕਾਨੂੰਨੀ ਪਾਬੰਦੀ ਲਾਉਣ ਦੀ ਮੰਗ ਲਗਾਤਾਰ ਉਠਦੀ ਰਹਿੰਦੀ ਹੈ।

ਇਸਲਾਮ ਧਰਮ ਦੇ ਪੈਰੋਕਾਰਾਂ ਨੂੰ ਵੀ ਡਾਰਵਿਨ ਦਾ ਸਿਧਾਂਤ ਬਹੁਤ ਖਤਰਨਾਕ ਜਾਪਦਾ ਹੈ। ਇਸਲਾਮੀ ਧਾਰਮਿਕ ਗ੍ਰੰਥ ਅਤੇ ਡਾਰਵਿਨ ਦਾ ਸਿਧਾਂਤ ਜੀਵ-ਉਤਪਤੀ ਨੂੰ ਲੈ ਕੇ ਬਿਲਕੁਲ ਉਲਟ ਦਿਸ਼ਾ ਵਿੱਚ ਖੜ੍ਹੇ ਹਨ। ਇਸ ਲਈ ਸਾਊਦੀ ਅਰਬ, ਓਮਾਨ,ਅਲਜੀਰੀਆ, ਮਾਰੱਕੋ ਤੇ ਲੈਬਾਨਾਨ ਜਿਹੇ ਕਈ ਮੁਸਲਿਮ ਮੁਲਕਾਂ ਨੇ ਵਿਕਾਸਵਾਦ ਦਾ ਸਿਧਾਂਤ ਪੜ੍ਹਾਉਣ ’ਤੇ ਪਾਬੰਦੀ ਲਗਾ ਰੱਖੀ ਹੈ।

ਹੁਣ ਪਿਛਲੇ ਤਕਰੀਬਨ ਇੱਕ ਦਹਾਕੇ ਤੋਂ ਭਾਰਤ ਵਿੱਚ ਵੀ ਇਸ ਸਿਧਾਂਤ ਵਿਰੁੱਧ ਆਵਾਜ਼ਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਸਾਡੇ ਦੇਸ਼ ਵਿੱਚ ਧਾਰਮਿਕ ਅਕੀਦਿਆਂ ਤੇ ਵਿਗਿਆਨਕ ਵਿਚਾਰਾਂ ਦਰਮਿਆਨ ਅਜਿਹੀ ਤਿੱਖੀ ਵਿਰੋਧਤਾਈ, ਸਾਡੇ ਵਰਤਮਾਨ ਹਾਕਮਾਂ ਦੇ ਆਉਣ ਤੋਂ ਪਹਿਲਾਂ ਕਦੇ ਦਿਖਾਈ ਨਹੀਂ ਸੀ ਦਿੱਤੀ। ਡਾਰਵਿਨ ਦਾ ਇਹ ਸਿਧਾਂਤ ਵਰਤਮਾਨ ਭਾਰਤੀ ਸੱਤਾਧਾਰੀਆਂ ਦੇ ਵਿਚਾਰਧਾਰਕ ਚੌਖਟੇ ਵਿੱਚ ਬਿਲਕੁਲ ਵੀ ਫਿੱਟ ਨਹੀਂ ਬੈਠਦਾ। ਸਾਡੇ ਮੌਜੂਦਾ ਸ਼ਾਸਕਾਂ ਨੇ ਆਪਣੇ ਸਮਰਥਕਾਂ ਦੀ ਲਾਮਬੰਦੀ ਲਈ ਜਿਹੜਾ ਬਿਰਤਾਂਤ ਸਿਰਜ ਰੱਖਿਆ,ਅਤੇ ਬਹੁਗਿਣਤੀ ਸਮਰਥਕਾਂ ਨੂੰ ਪੱਕੀ ਤਰ੍ਹਾਂ ਜਚਾ ਵੀ ਰੱਖਿਆ ਹੈ, ਉਸ ਬਿਰਤਾਂਤ ਮੁਤਾਬਕ ਭਾਰਤ ਬੀਤੇ ਵਿੱਚ, ਗਿਆਨ ਸਮੇਤ ਹਰ ਪੱਖ ਤੋਂ ਵਿਸ਼ਵ-ਗੁਰੂ ਰਿਹਾ ਹੈ। ਇੱਕ ਹਸਪਤਾਲ ਦਾ ਉਦਘਾਟਨ ਕਰਦੇ ਵਕਤ ਪ੍ਰਧਾਨ ਮੰਤਰੀ ਫੁਰਮਾਉਂਦੇ ਹਨ ਕਿ ਗਣੇਸ਼ ਜੀ ਦਾ ਹਾਥੀ-ਨੱਕ, ਅਤੀਤ ਵਿੱਚ ਪਲਾਸਟਿਕ ਸਰਜਰੀ ਵਿੱਚ ਸਾਡੇ ਦੇਸ਼ ਦੀ ਮੁਹਾਰਤਾ ਦੇ ਸ਼ਿਖਰ ’ਤੇ ਪਹੁੰਚਣ ਦਾ ਪ੍ਰਤੀਕ ਹੈ। ਇੱਕ ਹੋਰ ਸੱਤਾਧਾਰੀ ਨੇਤਾ ਕੌਰਵ ਪੁੱਤਰਾਂ ਦੀ ਵੱਡੀ ਗਿਣਤੀ ਨੂੰ ਅਤੀਤ ਵਿੱਚ ਭਾਰਤ ਵਿੱਚ ਸਟੈਮ-ਸੈਲ ਟੈਕਨਾਲੋਜੀ ਦੇ ਅਤਿ-ਵਿਕਸਿਤ ਹੋਣ ਦੇ ਸਬੂਤ ਵਜੋਂ ਪੇਸ਼ ਕਰਦਾ ਹੈ। ਵਰਤਮਾਨ ਸੱਤਾਧਾਰੀ ਦਲ ਦੇ ਬਹੁਤ ਸਮਰਥਕ ਇਨ੍ਹਾਂ ਮਿਥਕਾਂ ਨੂੰ ਸੱਚ ਮੰਨੀ ਬੈਠੇ ਹਨ। ਉਹ ਧਾਰਮਿਕ ਗ੍ਰੰਥਾਂ ਵਿਚ ਦਰਜ ਜੀਵ-ਉਤਪਤੀ ਬਿਰਤਾਂਤ ਉਪਰ ਸ਼ੱਕ ਤੱਕ ਕਰਨ ਨੂੰ ਵੀ ਤਿਆਰ ਨਹੀਂ ਹਨ। ਇਹ ਕਿਵੇਂ ਬਰਦਾਸ਼ਤ ਕੀਤਾ ਜਾ ਸਕਦਾ ਕਿ ‘ਕੋਈ ਡਾਰਵਿਨ’ ਆ ਕੇ ਵਿਸ਼ਵ-ਗੁਰੂ ਰਹੇ ਭਾਰਤੀਆਂ ਨੂੰ ਇਹ ‘ਗਿਆਨ’ ਦੇਵੇ ਕਿ ਮਨੁੱਖ ਬਾਂਦਰ-ਪ੍ਰਜਾਤੀ ਤੋਂ ਪੈਦਾ ਹੋਇਆ।

ਵਿਗਿਆਨ ਅਨੁਸਾਰ ਮਨੁੱਖ ਦਾ ਵਰਤਮਾਨ ਹੋਮੋ-ਸੇਪੀਅਨਜ਼ ਵਾਲਾ ਸਰੂਪ ਮਹਿਜ਼ ਤਿੰਨ ਕੁ ਲੱਖ ਸਾਲ ਪਹਿਲਾਂ ਹੋਂਦ ਵਿੱਚ ਆਇਆ ਪਰ ਧਰਮ ਸ਼ਾਸਤਰਾਂ ਮੁਤਾਬਕ ਮਨੁੱਖ ਇਸ ਧਰਤੀ ’ਤੇ ਇਸੇ ਰੂਪ ਵਿੱਚ ਸਦੀਵੀ ਤੌਰ ’ਤੇ ਵਿਦਮਾਨ ਰਿਹਾ ਹੈ। ਸੰਨ 2018 ਵਿੱਚ ਤਤਕਾਲੀ ਸਿੱਖਿਆ ਰਾਜ ਮੰਤਰੀ ਸੱਤਿਆਪਾਲ ਸਿੰਘ ਨੇ ਡਾਰਵਿਨ ਦੇ ਸਿਧਾਂਤ ਦੀ ਪੜ੍ਹਾਈ ਬੰਦ ਕਰਨ ਦੀ ਜ਼ੋਰਦਾਰ ਮੰਗ ਉਠਾਈ। ਉਸ ਨੇ ਸਵਾਲ ਕੀਤਾ ਕਿ “ਜੇਕਰ ਬਾਂਦਰ ਤੋਂ ਮਨੁੱਖ ਬਣਿਆ ਹੈ ਤਾਂ ਹੁਣ ਤੱਕ ਕਿਸੇ ਵੀ ਸ਼ਖਸ ਨੇ ਬਾਂਦਰ ਨੂੰ ਮਨੁੱਖ ਦੇ ਬੱਚੇ ਨੂੰ ਜਨਮ ਦਿੰਦੇ ਹੋਏ ਕਿਉਂ ਨਹੀਂ ਦੇਖਿਆ ?”

ਕੁੱਝ ਉਦਾਰਵਾਦੀ ਚਿੰਤਕਾਂ ਦਾ ਵਿਚਾਰ ਹੈ ਕਿ ਡਾਰਵਿਨ ਦੇ ਸਿਧਾਂਤ ਬਾਰੇ ਇਹ ਫੈਸਲਾ ਸੱਤਾਧਾਰੀਆਂ ਦੇ ਇੱਕ ਵੱਡੇ ਵਿਚਾਰਧਾਰਕ ਪ੍ਰੋਜੈਕਟ ਦਾ ਹਿੱਸਾ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ ਕਈ ਬੀ.ਜੇ.ਪੀ. ਸ਼ਾਸ਼ਿਤ ਰਾਜਾਂ ਵਿੱਚ ਭਗਵਤ-ਗੀਤਾ ਦੇ ਅਧਿਐਨ ਨੂੰ ਸਕੂਲੀ ਸਿਲੇਬਸ ਵਿੱਚ ਸ਼ਾਮਲ ਕੀਤਾ ਗਿਆ। ਇਹ ਦੋਵੇਂ ਕਦਮ ਇਸੇ ਵਿਆਪਕ ਵਿਚਾਰਧਾਰਕ ਪ੍ਰੋਜੈਕਟ ਦਾ ਹਿੱਸਾ ਜਾਪਦੇ ਹਨ ਜਿਸ ਪ੍ਰੋਜੈਕਟ ਅਨੁਸਾਰ ਵਿਕਾਸਵਾਦ ਦੇ ਮੁਕਾਬਲੇ ਧਰਮ-ਸ਼ਾਸਤਰਾਂ ਵਿੱਚ ਦਰਜ ਸ੍ਰਿਸ਼ਟੀਵਾਦ (creationism) ਦੇ ਸਿਧਾਂਤ ਨੂੰ ਪ੍ਰੋਤਸਾਹਿਤ ਕੀਤਾ ਜਾਣਾ ਹੈ। ਸ੍ਰਿਸ਼ਟੀਵਾਦ (ਆਤਮਾਵਾਦ) ਦੇ ਸਿਧਾਂਤ ਅਨੁਸਾਰ ਪਦਾਰਥਕ-ਜਗਤ ਤੇ ਜੀਵ-ਸੰਸਾਰ, ਵਿਕਾਸ ਰਾਹੀ ਉਤਪੰਨ ਨਹੀਂ ਹੋਏ ਬਲਕਿ ਕਿਸੇ ਦੈਵੀ ਸ਼ਕਤੀ ਦੀ ਰਚਨਾ ਹਨ। ਉਨ੍ਹਾਂ ਅਨੁਸਾਰ, ਇੱਥੇ ਸ੍ਰਿਸ਼ਟੀ ਦਾ ਭਾਵ ਹੈ ਕੋਈ ਬਾਹਰੀ-ਤਾਕਤ।

ਦਰਅਸਲ ਧਰਮ ਤੇ ਵਿਗਿਆਨ ਦਰਮਿਆਨ ਟਕਰਾਅ ਬੁਨਿਆਦੀ ਕਿਸਮ ਦਾ ਹੈ। ਦੋਵੇਂ ਹੀ ਸੱਚ ਨੂੰ ਲੱਭਣ ਦੀ ਕੋਸ਼ਿਸ਼ ਕਰਨ ਦਾ ਦਾਅਵਾ ਕਰਦੇ ਹਨ ਪਰ ਸੱਚ ਨੂੰ ਲੱਭਣ ਦਾ ਦੋਵਾਂ ਦਾ ਤਰੀਕਾਕਾਰ ਇੱਕ ਦੂਜੇ ਨਾਲੋਂ ਬਿਲਕੁਲ ਉਲਟ ਹੈ। ਵਿਗਿਆਨ ਸ਼ੰਦੇਹ ਉਪਰ ਟੇਕ ਰੱਖਦਾ ਹੈ ਅਤੇ ਧਰਮ ਵਿਸ਼ਵਾਸ ਉੱਪਰ। ਕੋਈ ਵੀ ਸਿਧਾਂਤ ਪ੍ਰਸਤੁਤ ਕਰਨ ਬਾਅਦ ਵਿਗਿਆਨ ਇਸ ਨੂੰ ਭਵਿੱਖ ਵਿੱਚ ਹੋਰ ਸੋਧਣ ਦਾ ਸੱਦਾ ਦਿੰਦਾ ਹੈ। ਸਤਾਰਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿੱਚ ਨਿਊਟਨ ਦੁਆਰਾ ਪ੍ਰਸੁਤੁਤ ਕੀਤੇ ਗਤੀ ਦੇ ਨਿਯਮਾਂ ਨੂੰ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਆਈਨਸਟਾਈਨ ਨੇ ਆਪਣੀ ‘ਥਿਊਰੀ ਆਫ਼ ਰੈਲੇਟੀਵਿਟੀ’ ਰਾਹੀਂ ਸੁਧਾਰਿਆ। ਵਿਗਿਆਨ ਦੇ ਸਮਰਥਕਾਂ ਨੂੰ ਇਸ ਵਿੱਚ ਕੁੱਝ ਵੀ ਗਲਤ ਨਹੀਂ ਲੱਗਿਆ ਅਤੇ ਨਿਊਟਨ ਪ੍ਰਤੀ ਉਨ੍ਹਾਂ ਦੇ ਸਤਿਕਾਰ ਵਿੱਚ ਭੋਰਾ ਭਰ ਵੀ ਕਮੀ ਨਹੀਂ ਆਈ। ਸੱਚ ਦੀ ਖੋਜ ਵਿੱਚ ਵਿਗਿਆਨ ਇੰਝ ਹੀ ਆਪਣੇ ਪੁਰਾਣੇ ਸਿਧਾਂਤਾਂ ਨੂੰ ਰੱਦ ਕਰਦਾ, ਸੋਧਦਾ ਤੇ ਸੁਧਾਰਦਾ ਹੋਇਆ ਅੱਗੇ ਵਧਦਾ ਹੈ। ਪਰ ਸੰਸਾਰ ਨੂੰ ਧਰਮ-ਸ਼ਾਸਤਰਾਂ ਵਿੱਚ ਦਰਜ ਫੁਰਮਾਨਾਂ ਰਾਹੀਂ ਸਮਝਣ ਵਾਲੇ ਸ਼ਖਸ ਅਜਿਹੀ ਫ਼ਰਾਖਦਿਲੀ ਦੇ ਧਾਰਨੀ ਨਹੀਂ ਹੋ ਸਕਦੇ।

ਡਾਰਵਿਨ ਦੇ ਸਿਧਾਂਤ ਬਾਰੇ ਐਨ.ਸੀ.ਈ.ਆਰ.ਟੀ. ਦਾ ਫੈਸਲਾ ਕਈ ਪ੍ਰਕਾਰ ਦੀਆਂ ਅਣਕਿਆਸੀਆਂ ਮੁਸ਼ਕਲਾਂ ਪੈਦਾ ਕਰੇਗਾ। ਕੀ ਇਸ ਕਾਰਨ ਸਰਕਾਰੀ ਸਿਲੇਬਸ ਪੜ੍ਹਨ ਵਾਲੇ ਬੱਚੇ, ਨਿੱਜੀ ਸਕੂਲਾਂ ਦੇ ਅਤੇ ਹੋਰ ਬਾਹਰਲੇ ਮੁਲਕਾਂ ਦੇ ਬੱਚਿਆਂ ਨਾਲੋਂ ਪਛੜ ਨਹੀਂ ਜਾਣਗੇ ? ਇਸ ਗਲੋਬਲ ਮੁਕਾਬਲੇਬਾਜ਼ੀ ਦੇ ਯੁੱਗ ਵਿੱਚ ਕੀ ਉਹ ਕਮਜ਼ੋਰ ਸਥਿਤੀ ਵਿੱਚ ਨਹੀਂ ਪਹੁੰਚ ਜਾਣਗੇ ? ਕੀ ਮੈਡੀਕਲ ਜਿਹੇ ਵਿਸ਼ਿਆਂ ਦੀ ਪੜ੍ਹਾਈ ਲਈ ਉਨ੍ਹਾਂ ਕੋਲ ਲੋੜੀਂਦਾ ਗਿਆਨ ਹੋਵੇਗਾ ?

... ਬਾਕੀ ਪੰਨਾ 35 ’ਤੇ

ਮੈਂ ਗ਼ਦਰ ਪਾਰਟੀ ਦੀਆਂ ਕਿਤਾਬਾਂ ਛਪਵਾਵਾਂਗਾ: ਸ਼ਹੀਦ ਊਧਮ ਸਿੰਘ

ਰਾਕੇਸ਼ ਕੁਮਾਰ



ਸ਼ਹੀਦ ਊਧਮ ਸਿੰਘ 30 ਅਗਸਤ 1927 ਨੂੰ ਅੰਮ੍ਰਿਤਸਰ ਵਿਚ ਗ੍ਰਿਫਤਾਰ ਹੋਇਆ ਤਾਂ ਉਸ ਕੋਲੋਂ ਕੁੱਝ ਹਥਿਆਰ ਤੇ ਗ਼ਦਰ ਪਾਰਟੀ ਦਾ ਸਾਹਿਤ (1) ਗ਼ਦਰ ਦੀ ਗੂੰਜ ਨੰਬਰ 1, 2, 3, 4, 5 ਦੇਸ਼ ਭਗਤਾਂ ਦੀ ਬਾਣੀ (2) ਰੂਸੀ ਗਦਰੀਆਂ ਦੇ ਸਮਾਚਾਰ (3) ਗ਼ਦਰ ਦੀ ਦੂਗੀ (4) ਨਵਾਂ ਜਮਾਨਾ (ਲਾਲਾ ਹਰਦਿਆਲ ਦਾ ਲਿਖਿਆ ਪੈਂਫ਼ਲਿਟ) (5) ਗੁਲਾਮੀ ਦਾ ਜ਼ਹਿਰ (ਪੈਂਫਲਿਟ) ਆਦਿ ਬਰਾਮਦ ਹੋਇਆ।

ਉਹਨਾਂ ਨੇ ਪੁਲਿਸ ਨੂੰ ਬਿਆਨ ਦਿਤਾ: "ਮੈਂ ਆਪਣਾ ਮਨ ਬਣਾਇਆ ਹੈ ਕਿ ਮੈਂ ਆਪਣੀ ਮਾਤ ਭੂਮੀ ਦੀ ਸੇਵਾ ਕਰਾਂਗਾ ਤੇ ਭਾਰਤੀਆਂ ਨੂੰ ਆਜ਼ਾਦ ਕਰਵਾਵਾਂਗਾ। ਜਦੋਂ ਮੈਂ ਨਿਊਯਾਰਕ ਵਿੱਚ ਸੀ ਤਾਂ ਮੈਂ 'ਗ਼ਦਰ ਦੀ ਗੂੰਜ' ਤੇ ਹੋਰ ਗ਼ਦਰ ਪਾਰਟੀ ਵਲੋਂ ਜਾਰੀ ਕਿਤਾਬਾਂ ਪੜ੍ਹਦਾ ਸੀ। ਮੈਂ ਉਨ੍ਹਾਂ ਬਾਰੇ ਪੜ੍ਹਦਾ ਸੀ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਭਾਰਤ ਦੀ ਆਜ਼ਾਦੀ ਲਈ ਕੁਰਬਾਨ ਕਰ ਦਿੱਤੀ ਤੇ ਆਪਣੀ ਮਾਤ ਭੂਮੀ ਲਈ ਫਾਂਸੀ 'ਤੇ ਚੜ੍ਹ ਗਏ। ਉਨ੍ਹਾਂ ਬਾਰੇ ਸੁਣ ਕੇ, ਪੜ੍ਹ ਕੇ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਜ਼ਿੰਦਗੀ ਕੁਰਬਾਨ ਕਰ ਦਿੱਤੀ, ਅਮਰੀਕਾ ਵਿਚ ਮੇਰੇ 'ਤੇ ਇਸ ਦਾ ਬਹੁਤ ਅਸਰ ਹੋਇਆ। ਮੇਰੀ ਪ੍ਰਬਲ ਇੱਛਾ ਹੈ ਕਿ ਮੈਂ ਵੀ ਉਨ੍ਹਾਂ ਲੋਕਾਂ ਦੀ ਤਰ੍ਹਾਂ ਕਰਾਂ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਜ਼ਿੰਦਗੀ ਕੁਰਬਾਨ ਕਰ ਦਿੱਤੀ। ਇਹ ਵਿਚਾਰ ਮੇਰੇ ਮਨ ਵਿਚ ਡੂੰਘਾ ਘਰ ਕਰ ਗਿਆ ਹੈ ਕਿ ਮੈਂ ਭਾਰਤ ਜਾਵਾਂ ਤੇ ਆਪਣਾ ਹਿੱਸਾ ਪਾਵਾਂ।



ਇਨ੍ਹਾਂ ਗ਼ਦਰੀ ਕਿਤਾਬਾਂ ਦੀ ਭਾਰਤ ਵਿਚ ਪਾਬੰਦੀ ਹੈ। ਭਾਰਤ ਸਰਕਾਰ ਨੇ ਇਹਨਾਂ ਦੀ ਛਪਾਈ 'ਤੇ ਬੰਦਿਸ਼ਾਂ ਲਾਈਆਂ ਨੇ। ਮੈਂ ਇਰਾਦਾ ਕੀਤਾ ਹੈ ਕਿ ਅੰਮ੍ਰਿਤਸਰ ਜਾਂ ਲਾਹੌਰ ਜਾ ਕੇ ਇਨ੍ਹਾਂ ਕਿਤਾਬਾਂ ਨੂੰ ਵੱਡੀ ਗਿਣਤੀ ਵਿਚ ਛਪਵਾ ਕੇ ਲੋਕਾਂ ਵਿਚ ਵੰਡਾਂਗਾ ਤਾਂ ਕਿ ਭਾਰਤੀ ਇਨ੍ਹਾਂ ਕਿਤਾਬਾਂ ਨੂੰ ਪੜ੍ਹਨ ਤੇ ਉਨ੍ਹਾਂ ਦੇ ਵੀ ਮਨ 'ਤੇ ਉਹੀ ਅਸਰ ਪਵੇ ਜਿਸ ਤਰ੍ਹਾਂ ਦਾ ਵਿਦੇਸ਼ ਵਿਚ ਰਹਿ ਰਹੇ ਲੋਕਾਂ 'ਤੇ ਪਿਆ ਹੈ ਅਤੇ ਭਾਰਤੀ ਲੋਕ ਉਨ੍ਹਾਂ ਦੀ ਸਹਾਇਤਾ ਕਰਨ ਜਿਹੜੇ ਅਮਰੀਕਾ ਵਿਚ ਭਾਰਤ ਦੀ ਆਜ਼ਾਦੀ ਲਈ ਕੋਸ਼ਿਸ਼ ਕਰ ਰਹੇ ਹਨ। ਮੇਰਾ ਮੰਤਵ ਯੂਰਪੀਅਨਾਂ ਨੂੰ ਮਾਰਨਾ ਹੈ ਜੋ ਭਾਰਤੀਆਂ 'ਤੇ ਰਾਜ ਕਰਦੇ ਹਨ। ਮੇਰੀ ਬਾਲਸ਼ਵਿਕਾਂ ਨਾਲ ਹਮਦਰਦੀ ਹੈ ਕਿਉਂਕਿ ਉਨ੍ਹਾਂ ਦਾ ਮੰਤਵ ਭਾਰਤ ਨੂੰ ਵਿਦੇਸ਼ੀ ਕਬਜ਼ੇ ਤੋਂ ਆਜ਼ਾਦ ਕਰਵਾਉਣਾ ਸੀ। ਇਸੇ ਤਰ੍ਹਾਂ ਹੋਰਨਾਂ ਮੁਲਕਾਂ ਨਾਲ ਵੀ ਹਮਦਰਦੀ ਹੈ ਜਿਹੜੇ ਭਾਰਤ ਨੂੰ ਆਜ਼ਾਦ ਕਰਵਾਉਣਾ ਚਾਹੁੰਦੇ ਹਨ।"

13 ਮਾਰਚ 1940 ਨੂੰ ਊਧਮ ਸਿੰਘ ਨੇ ਲੰਡਨ ਦੇ ਕੈਕਸਟਨ ਹਾਲ ਵਿਚ ਚਾਰ ਅੰਗਰੇਜ਼ ਅਫਸਰਾਂ ਦੇ 6 ਗੋਲੀਆਂ ਮਾਰੀਆਂ। ਪਹਿਲੀਆਂ ਦੋ ਗੋਲੀਆਂ ਮਾਰਕੁਅਸ ਆਫ ਜੈੱਟਲੈਂਡ ਦੇ ਮਾਰੀਆਂ ਤੇ ਬਾਅਦ ਵਿਚ ਹੋਰ ਅੰਗਰੇਜ਼ ਅਫਸਰਾਂ ਮਾਈਕਲ ਓਡਵਾਇਰ ਦੇ ਦੋ ਗੋਲੀਆਂ, ਲੁਈਸ ਡੇਨ ਦੇ ਇੱਕ ਤੇ ਲਾਰਡ ਲੈਮਿੰਗਟਨ ਦੇ ਇਕ ਗੋਲੀ ਮਾਰੀ। ਮਾਈਕਲ ਓਡਵਾਇਰ ਮੌਕੇ 'ਤੇ ਮਰ ਗਿਆ ਅਤੇ ਬਾਕੀ ਜ਼ਖਮੀ ਹੋ ਗਏ।

ਊਧਮ ਸਿੰਘ ਦਾ ਮੁਕੱਦਮਾ ਓਲਡ ਬੈਲੇ ਲੰਡਨ ਦੀ ਕੇਂਦਰੀ ਅਦਾਲਤ ਵਿਚ ਚੱਲਿਆ। 5 ਜੂਨ 1940 ਨੂੰ ਜਦੋਂ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਤਾਂ ਊਧਮ ਸਿੰਘ ਨੇ ਕਿਹਾ ਕਿ ਮੈਂ ਕੁੱਝ ਕਹਿਣਾ ਚਾਹੁੰਦਾ ਹਾਂ। ਉਹ ਅਦਾਲਤ 'ਚ ਆਪਣੇ ਨਾਲ ਉਰਦੂ, ਗੁਰਮੁਖੀ ਤੇ ਅੰਗਰੇਜ਼ੀ ਵਿਚ ਲਿਖੇ ਅੱਠ ਪੇਜਾਂ 'ਚੋਂ 25 ਮਿੰਟ ਬੋਲਦਾ ਰਿਹਾ। ਦੇਸ਼ ਦੀ ਆਜ਼ਾਦੀ ਬਾਰੇ ਉਸਨੇ ਕਿਹਾ, "ਮੈਂ ਮੌਤ ਦੀ ਸਜ਼ਾ ਤੋਂ ਨਹੀਂ ਡਰਦਾ। ਇਹ ਮੇਰੇ ਵਾਸਤੇ ਕੁੱਝ ਵੀ ਨਹੀਂ ਹੈ, ਮੈਨੂੰ ਮਰ ਜਾਣ ਦੀ ਵੀ ਕੋਈ ਪ੍ਰਵਾਹ ਨਹੀਂ।"

"ਇਸ ਬਾਰੇ ਮੈਨੂੰ ਫਿਕਰ ਨਹੀਂ, ਮੈਂ ਕਿਸੇ ਮਕਸਦ ਲਈ ਮਰ ਰਿਹਾ ਹਾਂ ਅਸੀਂ ਬ੍ਰਿਟਿਸ਼ ਸਾਮਰਾਜ ਦੇ ਹੱਥੋਂ ਸਤਾਏ ਹੋਏ ਹਾਂ। ਮੈਨੂੰ ਮਰਨ 'ਤੇ ਮਾਣ ਹੈ।"

"ਆਪਣੀ ਜਨਮ ਭੂਮੀ ਨੂੰ ਆਜ਼ਾਦ ਕਰਵਾਉਣ ਲਈ ਮੈਨੂੰ ਮਰਨ 'ਤੇ ਵੀ ਮਾਣ ਹੋਵੇਗਾ। ਮੈਨੂੰ ਉਮੀਦ ਹੈ ਕਿ ਜਦੋਂ ਮੈਂ ਚਲਾ ਗਿਆ ਤਾਂ ਮੇਰੇ ਹਜ਼ਾਰਾਂ ਦੇਸ਼ ਵਾਸੀ ਤੁਹਾਨੂੰ ਗੰਦੇ ਕੁੱਤਿਆਂ ਨੂੰ ਬਾਹਰ ਧੱਕਣਗੇ ਅਤੇ ਮੇਰੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅੱਗੇ ਆਉਣਗੇ।"

ਉਹ ਮਜ਼ਦੂਰਾਂ ਕਿਸਾਨਾਂ ਦੇ ਹੱਕ ਵਿਚ ਬੋਲਿਆ, ਅੰਗਰੇਜ਼ੀ ਕਾਮਿਆਂ ਨਾਲ ਹਮਦਰਦੀ ਜਾਹਿਰ ਕੀਤੀ। ਅੰਗਰੇਜ਼ ਸਰਕਾਰ ਵਲੋਂ ਭਾਰਤੀਆਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਬੋਲਿਆ, ਉਸਨੇ ਜ਼ੇਲ੍ਹ ਵਿਚੋਂ ਲਿਖੀਆਂ ਚਿੱਠੀਆਂ ਵਿਚ ਭਗਤ ਸਿੰਘ ਨੂੰ ਆਪਣਾ ਦੋਸਤ ਦੱਸਿਆ। ਉਹ ਬ੍ਰਿਟਿਸ਼ ਸਾਮਰਾਜ ਵੱਲੋਂ ਭਾਰਤੀਆਂ ਦੀ ਕੀਤੀ ਜਾਂਦੀ ਲੁੱਟ ਤੇ ਉਨ੍ਹਾਂ ਵੱਲੋਂ ਕੀਤੇ ਜਾਂਦੇ ਜ਼ੁਲਮਾਂ ਦੇ ਵਿਰੁੱਧ ਸੀ। ਉਹ ਭਾਰਤ ਨੂੰ ਆਜ਼ਾਦ ਕਰਾਉਣਾ ਚਾਹੁੰਦਾ ਸੀ। ਉਹ ਆਜ਼ਾਦੀ, ਜ਼ਮਹੂਰੀਅਤ ਅਤੇ ਬਰਾਬਰੀ ਤੇ ਟਿਕੇ ਨਿਆਂ ਭਰੇ ਭਾਰਤ ਦੀ ਸਿਰਜਣਾ ਕਰਨ ਦੇ ਆਦਰਸ਼ਾਂ ਨੂੰ ਪਰਨਾਇਆ ਸੀ।

95305 03412

ਨਵੀਂ ਪਾਰਲੀਮੈਂਟ ਇਮਾਰਤ ਦਾ ਉਦਘਾਟਨ



ਹੇਮ ਰਾਜ ਸਟੈਨੋ

28 ਮਈ , 2023 ਨੂੰ ਸਾਡੇ ਦੇਸ਼ ਦੀ ਪਾਰਲੀਮੈਂਟ ਦੀ ਨਵੀਂ ਇਮਾਰਤ ਦਾ ਉਦਘਾਟਨ ਕੀਤਾ ਗਿਆ। ਇਸ ਉਦਘਾਟਨ ਸਮਾਰੋਹ ਬਾਰੇ ਬੜਾ ਵਾ-ਵੇਲਾ ਹੋਇਆ। ਸਤੰਬਰ 2019 ਵਿੱਚ ਦਹਿ-ਹਜ਼ਾਰਾਂ ਕਰੋੜ ਰੁਪਏ ਦੀ ਲਾਗਤ ਵਾਲੇ ਸੈਂਟਰਲ ਵਿਸਟਾ ਪ੍ਰੋਜੈਕਟ ਅਧੀਨ ਉਸਾਰੇ ਜਾ ਰਹੇ ਹੋਰ ਪ੍ਰੋਜੈਕਟਾਂ ਦੀ ਤਰ੍ਹਾਂ ਇਸ ਸੰਸਦ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖ਼ੁਦ ਰੱਖਿਆ ਸੀ। ਸੰਸਦ ਦੀ ਨਵੀਂ ਇਮਾਰਤ ਦਾ ਸਮਾਰਕ ਬਣਾ ਕੇ ਇਤਿਹਾਸ ਵਿੱਚ ਅਮਰ ਹੋਣ ਦੀ ਲਾਲਸਾ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਲਗਦੀ ਹੈ। ਸਰਕਾਰ ਨੇ ਆਪਣੀਆਂ ਤਾਨਾਸ਼ਾਹੀ ਪ੍ਰਵਿਰਤੀਆਂ ਕਾਰਨ ਇਸ ਪ੍ਰੋਜੈਕਟ ਨੂੰ ਸ਼ੁਰੂ ਕਰਨ ਲਈ ਵਿਰੋਧ ਕਰ ਰਹੀਆਂ 'ਅਖੌਤੀ ਲੋਕਤੰਤਰ ਦੀ ਜਨਣੀ ਭਾਰਤ' ਦੀ ਵਿਰੋਧੀ ਧਿਰ ਦੀ ਰਾਇ ਲੈਣੀ ਵੀ ਮੁਨਾਸਿਬ ਨਹੀਂ ਸਮਝੀ। ਕੋਵਿਡ ਕਾਲ ਵਿੱਚ ਲਾਕ ਡਾਊਨ ਦੌਰਾਨ ਇਸ ਪ੍ਰੋਜੈਕਟ ਨੂੰ 2024 ਦੀਆਂ ਪਾਰਲੀਮਾਨੀ ਚੋਣਾਂ ਤੋਂ ਪਹਿਲਾਂ ਮੁਕੰਮਲ ਕਰਨ ਲਈ ਦਿਨ ਰਾਤ ਸ਼ਿਫਟਾਂ ਵਿੱਚ ਕੰਮ ਨੂੰ ਚਾਲੂ ਰੱਖਿਆ ਗਿਆ। ਇਸ ਸੰਸਦੀ ਇਮਾਰਤ ਦੇ ਉਦਘਾਟਨ ਵਿੱਚ ਕੁੱਝ ਪਾਰਟੀਆਂ ਨੂੰ ਛੱਡ ਕੇ ਲਗਭਗ ਸਾਰੀ ਵਿਰੋਧੀ ਧਿਰ ਨੇ ਇਸ ਸਮਾਰੋਹ ਦਾ ਬਾਈਕਾਟ ਕੀਤਾ। ਚਾਹੇ ਇਹ ਰਸਮੀ ਵਿਰੋਧ ਉਦਘਾਟਨ ਨੂੰ ਪ੍ਰਧਾਨ ਮੰਤਰੀ ਹੱਥੋਂ ਨਾ ਕਰਵਾ ਕੇ ਰਾਸ਼ਟਰਪਤੀ ਹੱਥੋਂ ਕਰਵਾਉਣ ਤੱਕ ਹੀ ਸੀਮਤ ਸੀ। ਯਾਦ ਰਹੇ ਕਿ ਸੈਂਟਰਲ ਵਿਸਟਾ ਦੇ ਇਸ ਬੇਲੋੜੇ ਫਜ਼ੂਲ ਖਰਚੀ ਵਾਲੇ ਪ੍ਰੋਜੈਕਟ ਦੇ ਵਿਰੋਧ ਵਿੱਚ ਬਹੁਤ ਸਾਰੀਆਂ ਧਿਰਾਂ ਸੁਪਰੀਮ ਕੋਰਟ ਵਿੱਚ ਗਈਆਂ ਸਨ। ਇਸ ਨਵੀਂ ਪਾਰਲੀਮੈਂਟ ਇਮਾਰਤ 'ਚ ਸੇਂਗੋਲ (Senghol) ਵੀ ਸਥਾਪਤ ਕੀਤਾ ਗਿਆ ਅਤੇ ਤਾਮਿਲ ਨਾਡੂ ਤੋਂ ਬੁਲਾਏ ਗਏ ਪੁਜਾਰੀਆਂ ਨੇ ਧਾਰਮਿਕ ਸਮਾਗਮ ਨਾਲ ਇਸਦਾ ਉਦਘਾਟਨੀ ਸਮਾਰੋਹ ਕੀਤਾ।

ਸੇਂਗੋਲ ਕੀ ਹੈ? ਸੋਨੇ ਦੀ ਪਰਤ ਚੜ੍ਹਿਆਂ ਇੱਕ ਡੰਡਾ ਜਿਸ ਉੱਪਰ ਨੰਦੀ (ਬਲਦ) ਦੀ ਮੂਰਤੀ ਬਣੀ ਹੋਈ ਹੈ। ਇਹ ਰਾਜ-ਸੱਤਾ ਦੇ ਇੱਕ ਅਧਿਕਾਰ ਚਿੰਨ੍ਹ ਵਜੋਂ ਹੈ। ਇਸਨੂੰ ਧਰਮ ਦੰਡ/ਰਾਜ ਦੰਡ ਵੀ ਕਿਹਾ ਜਾਂਦਾ ਹੈ। ਸਾਡੇ ਦੇਸ਼ ਦੇ ਤਾਮਿਲ ਨਾਡੂ ਸੂਬੇ 'ਚ ਪੁਰਾਣੇ ਸਮਿਆਂ 'ਚ ਚੋਲਾ ਜਾਂ ਚੇਲਾ ਨਾਮੀ ਇੱਕ ਰਾਜ-ਵੰਸ਼ ਰਾਜ ਕਰਿਆ ਕਰਦਾ ਸੀ, ਇਹ ਉਸਦੇ 'ਪਵਿੱਤਰ' ਰਾਜ-ਸੱਤਾ ਦੇ ਅਧਿਕਾਰ ਚਿੰਨ੍ਹ ਵਜੋਂ ਵਰਤਿਆ ਜਾਂਦਾ ਸੀ ਭਾਵ ਜਦੋਂ ਰਾਜੇ ਦਾ ਨਵਾਂ ਜਾਨਸ਼ੀਨ ਰਾਜ ਗੱਦੀ 'ਤੇ ਬੈਠਦਾ ਤਾਂ ਉਸਦੇ ਗੱਦੀ 'ਤੇ ਬੈਠਣ ਵੇਲੇ ਉਸਨੂੰ ਰਾਜ-ਪਰੋਹਿਤ ਇਹ ਸੇਂਗੋਲ ਸੌਂਪਦੇ ਤੇ ਰਾਜੇ ਦਾ ਰਾਜ ਤਿਲਕ ਕੀਤਾ ਜਾਂਦਾ ਸੀ। ਇਸਦਾ ਮਤਲਬ ਇਹ ਹੋਇਆ ਕਰਦਾ ਸੀ ਕਿ ਉਸਨੇ ਧਰਮ ਅਨੁਸਾਰ ਰਾਜ ਕਰਨਾ ਹੈ ਜਾਂ ਇਸਨੂੰ ਇਹ ਕਹਿ ਲਵੋ ਕਿ ਉਸਨੇ ਰਾਜ-ਧਰਮ ਨਿਭਾਉਣਾ ਹੈ। ਇਸੇ ਲਈ ਇਸ ਸੇਂਗੋਲ ਨੂੰ ਧਰਮ ਦੰਡਾ ਵੀ ਕਿਹਾ ਜਾਂਦਾ ਹੈ। ਨਾਲ ਦੀ ਨਾਲ ਇਹ ਵੀ ਗੱਲ ਕਰਦੇ ਜਾਈਏ ਕਿ ਇਸ ਰਾਜ-ਵੰਸ਼ ਦੇ ਸਮਿਆਂ ਅੰਦਰ ਜਾਤੀ-ਪਾਤੀ ਪ੍ਰਬੰਧ ਵਿਆਪਕ ਤੌਰ 'ਤੇ ਮੌਜੂਦ ਸੀ ਅਤੇ ਬ੍ਰਾਹਮਣਾਂ ਅਤੇ ਕਸ਼ੱਤਰੀਆਂ ਨੂੰ ਵਿਸ਼ੇਸ਼ ਅਧਿਕਾਰ ਹੁੰਦੇ ਸਨ।[1]

ਇਹ ਕਿਹੋ-ਜਿਹੇ ਧਰਮੀ ਚਿੰਨ੍ਹ ਵਾਲੇ ਰਾਜ ਦਾ ਉਦਘਾਟਨ ਹੈ, ਇਸਦਾ ਪਹਿਲਾ ਅੰਦਾਜ਼ਾ ਤਾਂ ਇਸਤੋਂ ਲਾਇਆ ਜਾ ਸਕਦਾ ਹੈ ਕਿ ਜਿਸ ਬਿਰਜ ਭੂਸ਼ਨ ਸ਼ਰਨ ਸਿੰਘ ਖਿਲਾਫ਼ ਪਹਿਲਵਾਨ ਲੜਕੀਆਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗੇ ਹੋਏ ਹਨ, ਉਹ ਇਸ ਰਾਜ-ਧਰਮ ਵਾਲੇ ਸਮਾਗਮ ਵਿੱਚ ਸ਼ਾਮਲ ਸੀ। ਜਿਨਸੀ ਸ਼ੋਸ਼ਣ ਦੇ ਦੋਸ਼ਾਂ 'ਚ ਘਿਰੇ ਹੋਏ ਵਿਅਕਤੀਆਂ ਨੂੰ 'ਉੱਚਤਮ' ਇਮਾਰਤ ਦੇ ਉਦਘਾਟਨ 'ਚ ਅਤੇ ਉਹ ਵੀ ਉਸ ਵੇਲੇ ਜਦੋਂ ਇਹ ਉਦਘਾਟਨ ਕਿਸੇ ਖਾਸ ਧਰਮ ਦੇ ਰਸੂ-ਰੀਤਾਂ ਦੇ ਅਨੁਸਾਰੀ ਕੀਤਾ ਜਾ ਰਿਹਾ ਹੋਵੇ, ਇਹ ਗੱਲ ਐਵੇਂ ਆਊਂ-ਗਊਂ ਕਰਨ ਵਾਲੀ ਨਹੀਂ ਹੈ। ਕਿਉਂਕਿ ਜੇਕਰ ਇਹ ਰਾਜ-ਧਰਮ ਵਾਲਾ ਰਾਜ ਸਥਾਪਤ ਹੋ ਜਾਂਦਾ ਹੈ ਤਾਂ ਆਮ ਲੋਕਾਂ ਦੀ ਗੱਲ ਤਾਂ ਛੱਡੋ, ਸਮਾਜ ਵਿੱਚ ਆਪਣੀ ਉੱਚੀ ਹੈਸੀਅਤ ਬਣਾ ਲੈਣ ਵਾਲੇ ਨਾਗਰਿਕ ਵੀ ਸੁਰੱਖਿਅਤ ਨਹੀਂ ਰਹਿਣਗੇ, ਇਹ ਇਸ ਗੱਲ ਦਾ ਸੰਕੇਤ ਹੀ ਨਹੀਂ ਬਲਕਿ ਜਿਉਂਦਾ-ਜਾਗਦਾ ਸਬੂਤ ਹੈ।

ਸੋ ਪਹਿਲੇ ਨੁਕਤੇ 'ਤੇ ਗੱਲ ਇਹ ਹੀ ਬਣ ਜਾਂਦੀ ਹੈ ਕਿ ਇਹ ਸੇਂਗੋਲ ਇੱਕ ਹਿੰਦੂ ਰਾਜ ਦਾ ਧਾਰਮਿਕ ਅਤੇ ਰਾਜਾਸ਼ਾਹੀ ਦਾ ਪ੍ਰਤੀਕ ਹੈ। ਇਹ ਸਭ ਨੂੰ ਪਤਾ ਹੀ ਹੈ ਕਿ ਰਾਜੇ ਨੂੰ ਲੋਕਾਂ ਦੁਆਰਾ ਨਹੀਂ ਚੁਣਿਆ ਜਾਂਦਾ ਬਲਕਿ ਇਹ ਰਾਜੇ ਦੀ ਪੀੜ੍ਹੀ-ਦਰ-ਪੀੜ੍ਹੀ ਦਾ ਰਾਜ ਕਰਨ ਦਾ ਅਧਿਕਾਰ ਬਣ ਜਾਂਦਾ ਹੈ। ਇਸੇ ਲਈ ਇਹੀ ਉਦਘਾਟਨ ਮੌਕੇ ਧਰਮ ਦੰਡਾ ਦਾ ਪ੍ਰਤੀਕ ਲਗਾਇਆ ਗਿਆ ਹੈ।

ਬਸ ਇਸੇ ਗੱਲ ਤੋਂ ਹੀ ਸਾਰਾ ਰੱਟਾ ਖੜ੍ਹਾ ਹੁੰਦਾ ਹੈ:

ਪਹਿਲਾ ਤਾਂ ਇਸ ਕਰਕੇ ਕਿ ਕਿਉਂਕਿ ਸਾਡੇ ਦੇਸ਼ ਦੇ ਪਾਰਲੀਮੈਂਟ ਮੈਂਬਰਾਂ ਦੀ ਚੋਣ ਲੋਕਾਂ ਦੁਆਰਾ ਕੀਤੀ ਜਾਂਦੀ

ਹੈ ਪਰ ਇਹ ਚਿੰਨ੍ਹ ਚੁਣਿਆਂ ਨੁੰਮਾਇੰਦਿਆਂ ਦੀ ਬਜਾਏ ਸਾਰੀ ਤਾਕਤ ਇੱਕ ਰਾਜੇ ਨੂੰ ਦੇਣ ਦਾ ਪ੍ਰਤੀਕ ਹੈ।

ਦੂਸਰਾ, ਇਹ ਹਿੰਦੂ ਕਹੇ ਜਾਂਦੇ ਰਾਜਿਆਂ ਦਾ ਰਾਜ ਚਿੰਨ੍ਹ ਹੈ। ਜਦੋਂ ਕਿ ਸਾਡੇ ਦੇਸ਼ ਅੰਦਰ ਵੱਖੋ-ਵੱਖਰੇ ਧਰਮਾਂ ਦੇ ਲੋਕ ਜਿਵੇਂ ਕਿ ਬੋਧ, ਜੈਨੀ, ਪਾਰਸੀ, ਸਿੱਖ, ਮੁਸਲਿਮ, ਈਸਾਈ ਵੀ ਰਹਿੰਦੇ ਹਨ। ਇਸ ਤੋਂ ਇਲਾਵਾ ਕਿਸੇ ਵੀ ਧਰਮ ਨੂੰ ਨਾ-ਮੰਨਣ ਵਾਲੇ ਭਾਵ ਨਾਸਤਿਕ ਲੋਕ ਵੀ ਨਾਗਰਿਕਾਂ ਵਜੋਂ ਇੱਥੇ ਵਸਦੇ ਹਨ। ਇਸੇ ਲਈ ਸਾਡੇ ਸੰਵਿਧਾਨ ਅਨੁਸਾਰ ਸਾਡੇ ਦੇਸ਼ ਦੇ ਰਾਜ ਨੂੰ ਕਿਸੇ ਇੱਕ ਧਰਮੀ ਰਾਜ ਵਜੋਂ ਨਹੀਂ ਬਲਕਿ ਇੱਕ-ਧਰਮ-ਨਿਰਪੱਖ ਰਾਜ ਵਜੋਂ ਮੰਨਿਆ ਜਾਂਦਾ ਹੈ। ਭਾਵੇਂ ਕਿ ਸ਼ਬਦ ਧਰਮ-ਨਿਰਪੱਖ ਵੀ ਆਪਣੇ ਆਪ 'ਚ ਪੂਰਾ ਠੀਕ ਨਹੀਂ ਹੈ। ਧਰਮ-ਨਿਰਪੱਖਤਾ ਦੀ ਨੀਤੀ ਅਨੁਸਾਰ ਤਾਂ ਰਾਜ ਸਿਰਫ਼ ਇਹ ਹੀ ਕਹਿੰਦਾ ਹੈ ਕਿ ਉਹ ਸਾਰੇ ਧਰਮਾਂ ਵਾਲਿਆਂ ਨਾਲ ਇੱਕੋ-ਜਿਹਾ ਸਲੂਕ ਕਰਦਾ ਹੈ। ਇਸ ਤਰ੍ਹਾਂ ਨਾਲ ਰਾਜ ਦਾ ਧਰਮ 'ਚ ਦਖਲ ਤਾਂ ਬਣਿਆ ਹੀ ਰਹਿੰਦਾ ਹੈ। ਅਸਲ ਵਿੱਚ ਰਾਜ ਨੂੰ ਧਰਮ-ਨਿਰਲੇਪ ਹੋਣਾ ਚਾਹੀਦਾ ਹੈ। ਇਸ ਲਈ ਸੰਵਿਧਾਨ ਸਭ ਧਰਮਾਂ ਤੋਂ ਨਿਰਲੇਪ ਜਾਂ ਉੱਪਰ ਹੋਣਾ ਚਾਹੀਦਾ ਹੈ ਭਾਵ ਕਿ ਉਹ ਕਿਸੇ ਵੀ ਧਾਰਮਿਕ ਮਾਮਲਿਆਂ ਅੰਦਰ ਕਿਸੇ ਵੀ ਕਿਸਮ ਦਾ-ਨਾ ਦੰਡ ਦਾ ਤੇ ਨਾ ਹੀ ਕੋਈ ਰਿਆਇਤ ਦੇਣ ਦਾ-ਵਾਅਦਾ ਤੇ ਦਾਅਵਾ ਨਾ ਕਰੇ। ਧਰਮ-ਨਿਰਪੱਖ ਹੋਣ ਦਾ ਭਾਵ ਤਾਂ ਸਿਰਫ਼ ਸਾਰੇ ਧਰਮਾਂ ਨਾਲ ਇੱਕੋ-ਜਿਹਾ ਵਿਵਹਾਰ ਕਰਨਾ ਬਣ ਜਾਂਦਾ ਹੈ। ਜਦੋਂ ਕਿ ਧਰਮ-ਨਿਰਲੇਪ ਦਾ ਭਾਵ ਕਿਸੇ ਵੀ ਧਰਮ ਦੀ ਕਿਸੇ ਵੀ ਤਰ੍ਹਾਂ ਨਾਲ ਕੋਈ ਸਹਾਇਤਾ ਜਾਂ ਵਿਰੋਧ ਨਾ ਕਰਨਾ ਬਣਦਾ ਹੈ। ਇਸਨੂੰ ਇੱਕ ਮਿਸਾਲ ਰਾਹੀਂ ਸਮਝੋ। ਨਾਸਤਿਕ ਲੋਕ ਜੇਕਰ ਆਪਣੇ ਵਿਚਾਰ ਲਿਖ ਦੇਣ ਤਾਂ ਇਸ 'ਤੇ ਧਰਮਾਂ ਵਾਲੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ ਦੀ ਗੱਲ ਕਰਦਿਆਂ ਉਨ੍ਹਾਂ ਨੂੰ ਸਖਤ ਸਜ਼ਾ ਦੇਣ ਦੀ ਗੱਲ ਕਰਦੇ ਹਨ ਪਰ ਜੇਕਰ ਉਨ੍ਹਾਂ ਹੀ ਲੋਕਾਂ ਦੇ ਧਰਮ ਨਾਸਤਿਕਾਂ ਬਾਰੇ ਵਿਰੋਧੀ ਕਿਹੋ-ਜਿਹੀ ਵੀ ਸਿੱਖਿਆ ਦਿੰਦੇ ਹੋਣ ਤਾਂ ਸੰਵਿਧਾਨ ਨਾਸਤਿਕਾਂ ਦੇ ਮੁਢਲੇ ਮਨੁੱਖੀ ਹੱਕਾਂ ਦੀ ਰਾਖੀ ਲਈ ਵੀ ਨਹੀਂ ਬਹੁੜਦਾ।

ਸੋ ਸੇਂਗੋਲ ਦਾ ਚਿੰਨ੍ਹ ਸਥਾਪਤ ਕਰਕੇ ਇਸਨੂੰ ਇੱਕ ਧਰਮ ਦੇ ਰਾਜ ਵਜੋਂ ਦਿਖਾਉਣਾ ਸਾਡੇ ਸੰਵਿਧਾਨ ਦੇ ਉਲਟ ਤਾਂ ਹੈ ਹੀ, ਨਾਲ ਦੀ ਨਾਲ ਇਹ ਹਿੰਦੂ ਧਰਮ ਤੋਂ ਇਲਾਵਾ ਦੂਸਰੇ ਧਰਮਾਂ ਵਾਲਿਆਂ ਨੂੰ ਅਤੇ ਕਿਸੇ ਵੀ ਧਰਮ ਤੋਂ ਨਿਰਲੇਪ ਰਹਿਣ ਵਾਲੇ ਸਾਰਿਆਂ ਨਾਗਰਿਕਾਂ ਨੂੰ ਦੂਸਰੇ ਦਰਜੇ ਦੇ ਸ਼ਹਿਰੀ ਗਿਨਣ ਵਾਂਗ ਵੀ ਹੈ। ਸ਼ਹਿਰੀ ਨਾ ਗਿਨਣ ਦਾ ਸ਼ਬਦ ਵੀ ਹਲਕਾ ਲੱਗ ਸਕਦਾ ਹੈ, ਅਸੀਂ ਤਾਂ ਇਹੀ ਕਹਾਂਗੇ ਕਿ ਅਸਲ 'ਚ ਉਨ੍ਹਾਂ ਨੂੰ ਮਨੁੱਖ ਹੀ ਨਾ ਸਮਝਣ ਦੇ ਬਰਾਬਰ ਹੈ।

ਅੱਗੇ। ਇੱਥੇ ਇਹ ਦੱਸਣਾ ਠੀਕ ਰਹੇਗਾ ਕਿ ਚਿੰਨ੍ਹਾਂ ਦਾ ਆਪਣਾ ਮਹੱਤਵ ਹੁੰਦਾ ਹੈ। ਮਨੋਵਿਗਿਆਨੀ ਤਾਂ ਇੱਥੋਂ ਤੱਕ ਦੱਸਦੇ ਹਨ ਕਿ ਮਨੁੱਖ ਜਿਹੜਾ ਲਿਬਾਸ ਵੀ ਪਹਿਨਦਾ ਹੈ ਉਸਤੋਂ ਵੀ ਉਸਦੀ ਮਾਨਸਿਕਤਾ ਦਾ ਕੁੱਝ ਨਾ ਕੁੱਝ ਝਲਕਾਰਾ ਪੈਂਦਾ ਹੈ। ਪ੍ਰਾਚੀਨ ਨੀਤੀ-ਘਾੜੇ ਚਾਣਕੀਜ ਨੇ ਤਾਂ ਇਸ ਤੋਂ ਅੱਗੇ ਜਾਂਦਿਆਂ ਆਪਣੇ ਦੁਆਰਾ ਰਚਿਤ ਅਰਥ-ਸ਼ਾਸ਼ਤਰ 'ਚ ਲਿਖਿਆ ਕਿ ਜਸੂਸ ਵਿਰੋਧੀ ਰਾਜਿਆਂ, ਹਕੂਮਤਾਂ, ਜਾਂ ਲੋਕਾਂ ਦੇ ਮੰਦਰਾਂ 'ਚ ਜਾਕੇ ਉਨ੍ਹਾਂ ਵਿੱਚ ਸਥਾਪਤ ਕੀਤੀ ਗਈਆਂ ਮੂਰਤੀਆਂ ਅਤੇ ਚਿੱਤਰਾਂ ਤੋਂ ਉਥੋਂ ਦੀ ਜਨਤਾ ਦੀ ਮਨੋ-ਦਿਸ਼ਾ ਨੂੰ ਸਮਝ ਸਕਦੇ ਹਨ। ਜਿੱਥੇ ਮਨੋਵਿਗਿਆਨੀ ਇਹ ਗੱਲ ਦੱਸਦੇ ਹਨ ਉੱਥੇ ਇਤਿਹਾਸ ਵੀ ਇਸ ਦੀ ਪੁਸ਼ਟੀ ਕਰਦਾ ਹੈ। ਉਹ ਕਿਵੇਂ ? ਲਓ ਸੁਣੋ ! ਇਟਲੀ, ਜਰਮਨੀ ਵਗੈਰਾ ਦੇਸ਼ਾਂ 'ਚ ਫਾਸ਼ੀ ਰਾਜ ਸਥਾਪਤ ਹੋਇਆ। ਫਾਸ਼ੀ ਰਾਜ ਸਥਾਪਤ ਹੋਣ ਤੋਂ ਪਹਿਲਾਂ ਦੀ ਪ੍ਰਕ੍ਰਿਆ ਬਾਰੇ ਕੁੱਝ ਜਾਣ ਲਈਏ।

ਰੋਮ ਅੰਦਰ ਸਭ ਤੋਂ ਜ਼ਿਆਦਾ ਸਮੇਂ ਤੱਕ ਗੁਲਾਮਦਾਰੀ ਯੁੱਗ ਰਿਹਾ ਹੈ। ਗੁਲਾਮਾਂ ਨੂੰ ਉੱਥੋਂ ਦਾ ਹਾਕਮ ਸਜ਼ਾ ਦਿੰਦਾ ਸੀ। ਜਦੋਂ ਉਹ ਸਜ਼ਾ ਦੇਣ ਲਈ ਉਨ੍ਹਾਂ ਵੱਲ ਜਾਂਦਾ ਤਾਂ ਉਸਦੇ ਅੱਗੇ ਅੱਗੇ ਇੱਕ ਕੁਹਾੜੇ ਦੇ ਆਲੇ-ਦੁਆਲੇ ਰਾਡਾਂ ਦਾ ਮੁੱਠਾ ਲਿਜਾਇਆ ਜਾਂਦਾ ਸੀ। ਇਸਨੂੰ ਫਾਸ਼ੀਜ (FASCES) ਆਖਦੇ ਹਨ। ਇਟਲੀ ਦੇ ਤਾਨਾਸ਼ਾਹ ਮੁਸੋਲਿਨੀ ਨੇ ਇਸਨੂੰ ਆਪਣੀ ਪਾਰਟੀ ਦਾ ਚਿੰਨ੍ਹ ਬਣਾਇਆ। ਇੱਥੋਂ ਹੀ ਸਾਰੇ ਫਾਸ਼ੀਆਂ ਨੂੰ ਫਾਸ਼ਿਸ਼ਟ ਕਿਹਾ ਜਾਂਦਾ ਰਿਹਾ।

ਸੋ ਇਸ ਸੇਂਗੋਲ ਨੂੰ ਸਿਰਫ ਇੱਕ ਚਿੰਨ੍ਹ ਤੱਕ ਸੀਮਤ ਕਰਕੇ ਹੀ ਨਹੀਂ ਦੇਖਿਆ ਜਾ ਸਕਦਾ। ਇਹ ਸਾਡੀ ਹਕੂਮਤ 'ਤੇ ਅੱਜ ਦੇ ਕਾਬਜ਼ ਹਾਕਮਾਂ ਦੀ ਮਾਨਸਿਕਤਾ ਨੂੰ ਦਰਸਾਉਂਦਾ ਹੈ ਕਿ ਉਹ ਕਿੱਧਰ ਨੂੰ ਜਾ ਰਹੇ ਹਨ ਅਤੇ ਕੀ ਹਾਸਲ ਕਰਨਾ ਚਾਹੁੰਦੇ ਹਨ। ਇਸਦੀ ਸਪੱਸ਼ਟਤਾ ਲਈ ਇੱਕ ਮਿਸਾਲ ਲੈਂਦੇ ਹਾਂ: ਸੰਨ 1992 'ਚ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਧਰਮ ਸੰਸਦ ਨੇ ਭਾਰਤੀ ਸੰਵਿਧਾਨ ਨੂੰ ਹਿੰਦੂ-ਵਿਰੋਧੀ ਕਹਿਕੇ ਅਲੋਚਨਾ ਕਰਦਿਆਂ ਮੰਗ ਕੀਤੀ ਸੀ ਕਿ ਇਸਨੂੰ ਹਿੰਦੂ ਸੰਵਿਧਾਨ 'ਚ ਤਬਦੀਲ ਕੀਤਾ ਜਾਵੇ। ਸੰਘ ਪਰਿਵਾਰ ਦੇ ਅਨੁਸਾਰ ਮਨੂੰ ਸਮ੍ਰਿਤੀ ਸਭ ਨੂੰ ਨਿਆਂ ਦਿੰਦੀ ਹੈ ਅਤੇ ਇਸਦੇ ਕਾਨੂੰਨ ਭਾਰਤ ਦੇ ਸੰਵਿਧਾਨ ਨਾਲੋਂ ਜ਼ਿਆਦਾ ਮਹੱਤਵਪੂਰਨ ਹਨ।[2]

ਤੀਸਰੀ ਗੱਲ। ਇਸ ਪਾਰਲੀਮੈਂਟ ਦੀ ਇਮਾਰਤ 'ਚ ਸਾਡੇ ਦੇਸ਼ ਨੂੰ ਅਖੰਡ ਭਾਰਤ ਦਰਸਾਉਂਦਾ ਇੱਕ ਕੰਧ-ਚਿੱਤਰ ਵਾਹਿਆ ਗਿਆ ਹੈ। ਇਸ ਦੀ ਹੱਦ ਅੰਦਰ ਬਰਮਾ, ਬੰਗਲਾਦੇਸ਼, ਸ੍ਰੀ ਲੰਕਾ, ਨੇਪਾਲ, ਭੂਟਾਨ, ਅਫਗਾਨਿਸਤਾਨ

ਤੇ ਪਾਕਿਸਤਾਨ ਦੀ ਧਰਤੀ ਨੂੰ ਵਿੱਚ ਸ਼ਾਮਲ ਕੀਤਾ ਹੋਇਆ ਦਿਖਾਇਆ ਗਿਆ ਹੈ। ਇਸ 'ਅਖੰਡ ਭਾਰਤ' ਦੇ ਨਕਸ਼ੇ 'ਤੇ ਇਹਨਾਂ ਦੇਸ਼ਾਂ ਦੀਆਂ ਹਕੂਮਤਾਂ ਨੇ ਇਤਰਾਜ਼ ਜਤਾਇਆ ਹੈ। ਇਸਦੇ ਜਵਾਬ ਵਿੱਚ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਜਿਹੜਾ ਜਵਾਬ ਦਿੱਤਾ ਹੈ ਉਹ ਵੀ ਬੜਾ ਬੱਚਿਆਂ ਵਾਂਗ ਹੈ। ਉਨ੍ਹਾਂ ਦਾ ਜਵਾਬ ਕੀ ਹੈ ? ਉਹਨਾਂ ਕਿਹਾ ਕਿ ਇਹ ਸਮਰਾਟ ਅਸ਼ੋਕ ਦੇ ਸਾਮਰਾਜ ਦਾ ਨਕਸ਼ਾ ਹੈ, ਜੋ ਕਿ ਜੀਸਜ ਕ੍ਰਾਈਸਟ ਦੇ ਜਨਮ ਤੋਂ ਵੀ 300 ਵਰ੍ਹੇ ਪਹਿਲਾਂ ਦਾ ਹੈ। ਇਸ ਵਿੱਚ ਉਸ ਸਮੇਂ ਦੇ ਇਲਾਕਿਆਂ ਦਾ ਨਕਸ਼ਾ ਹੈ ਜੋ ਕੰਧ ਉੱਤੇ ਬਣਾਇਆ ਗਿਆ ਹੈ। ਇਹ ਚਿੱਤਰ ਲੋਕਾਂ ਦੇ ਸਫਰ ਨੂੰ ਦਰਸਾਉਂਦਾ ਹੈ।[3]

ਜਦੋਂ ਕੋਈ ਹੋਰ ਦੇਸ਼ ਸਾਡੇ ਦੇਸ਼ ਦੇ ਕਿਸੇ ਹਿੱਸੇ ਨੂੰ ਆਪਣੇ ਨਕਸ਼ੇ 'ਚ ਦਿਖਾ ਦਿੰਦਾ ਹੈ ਤਾਂ ਕਿੰਨੀ ਵਾਰ ਸਾਡੀ ਸਰਕਾਰ ਵੱਲੋਂ ਅੱਡੋ ਅੱਡੀ ਦੇਸ਼ਾਂ 'ਤੇ ਇਤਰਾਜ਼ ਕੀਤੇ ਜਾਂਦੇ ਹਨ ਕਿ ਉਨ੍ਹਾਂ ਨੇ ਸਾਡੇ ਭਾਰਤ ਦੇਸ਼ ਦੇ ਕਿਸੇ ਵੀ ਹਿੱਸੇ ਨੂੰ ਆਪਣੇ ਦੇਸ਼ ਦੇ ਹਿੱਸੇ ਵਜੋਂ ਕਿਉਂ ਦਿਖਾਇਆ ਹੈ ? ਇਹ ਗੱਲ ਠੀਕ ਵੀ ਹੈ ਕਿ ਕਿਸੇ ਵੀ ਦੇਸ਼ ਨੂੰ ਦੂਸਰੇ ਦੇਸ਼ ਦੇ ਕਿਸੇ ਹਿੱਸੇ ਨੂੰ ਆਪਣਾ ਦਰਸਾਉਣਾ ਉਸ ਦੇਸ਼ ਦੀ ਪ੍ਰਭੂਸਤਾ ਨੂੰ ਚੈਲੰਜ ਕਰਨਾ ਸਮਝਿਆ ਜਾਂਦਾ ਹੈ। ਪਰ ਸਾਡੀ ਹਕੂਮਤ ਕੀ ਕਰ ਰਹੀ ਹੈ ? ਇਸਨੇ ਤਾਂ ਅਖੰਡ ਭਾਰਤ ਬਣਾਕੇ ਵਿਸ਼ਵ-ਗੁਰੂ ਬਣਨ ਦੇ ਨਸ਼ੇ 'ਚ ਮਦਹੋਸ਼ ਹੁੰਦਿਆਂ ਗੁਆਂਢੀ ਮੁਲਕਾਂ ਦੇ ਕਿਸੇ ਹਿੱਸੇ ਨੂੰ ਨਹੀਂ ਬਲਕਿ ਸਮੁੱਚੇ ਦੇ ਸਮੁੱਚੇ ਦੇਸ਼ਾਂ ਨੂੰ ਆਪਣੇ ਦੇਸ਼ ਦਾ ਹਿੱਸਾ ਬਣਾ ਧਰਿਆ ਹੈ।

ਹਕੂਮਤ ਦੇ ਨੁੰਮਾਇੰਦੇ ਵੱਲੋਂ ਜਿਹੜੀ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਇਹ (ਨਕਸ਼ਾ) ਅਸ਼ੋਕ ਸਮਰਾਟ ਦੇ ਰਾਜ ਵੇਲੇ ਦਾ ਨਕਸ਼ਾ ਹੈ। ਕੀ ਅਸ਼ੋਕ ਸਮਰਾਟ ਤੋਂ ਬਾਅਦ ਕੋਈ ਰਾਜੇ-ਮਹਾਰਾਜੇ ਰਾਜ ਨਹੀਂ ਕਰਦੇ ਰਹੇ ? ਇਹ ਝੂਠ ਹੈ ਕਿ ਇਸ ਨਕਸ਼ੇ ਅਧੀਨ ਸਾਰੇ ਇਲਾਕੇ ਉੱਪਰ ਸਮਰਾਟ ਅਸ਼ੋਕ ਦਾ ਰਾਜ ਸੀ। ਇਸ ਨਕਸ਼ੇ ਦੇ ਭੂਖੰਡ ਦੇ ਵੱਖ-ਵੱਖ ਭੂਗੋਲਿਕ ਖਿੱਤਿਆਂ ਉੱਪਰ ਅਸ਼ੋਕ ਦੇ ਬਹੁਤ ਸਾਰੇ ਸਮਕਾਲੀ ਰਾਜੇ ਰਾਜ ਕਰਦੇ ਸਨ। ਤਾਮਿਲਨਾਡੂ ਦੇ ਨਾਲ ਲੱਗਦੇ ਵੱਡੇ ਖਿੱਤੇ ਉੱਪਰ ਚੋਲ ਵੰਸ਼ ਦਾ ਰਾਜ ਸੀ। ਇਸੇ ਤਰ੍ਹਾਂ ਪਾਂਡਿਆ ਰਾਜਵੰਸ਼, ਸੱਤਿਆਪੁਤਰ ਰਾਜਵੰਸ਼ ਅਤੇ ਹੋਰ ਵੱਖ-ਵੱਖ ਦੱਖਣੀ ਭਾਰਤੀ ਇਲਾਕਿਆਂ ਉੱਪਰ ਰਾਜ ਕਰਦੇ ਸੀ। ਸਾਡੇ ਹਿੰਦੁਸਤਾਨ 'ਤੇ ਤਾਂ ਮੁਸਲਮਾਨ ਰਾਜੇ ਵੀ ਰਾਜ ਕਰਦੇ ਰਹੇ ਹਨ। ਕੀ ਫਿਰ ਉਨ੍ਹਾਂ ਦੇ ਰਾਜ ਅਧੀਨ ਰਹੇ ਲੋਕਾਂ ਦਾ ਸਮਾਂ ਸਾਡੇ ਲੋਕਾਂ ਦੇ ਸਫ਼ਰ ਨੂੰ ਨਹੀਂ ਦਿਖਾਉਂਦਾ ? ਉਹ ਵੀ ਤਾਂ ਸਾਡੇ ਲੋਕਾਂ ਦੇ ਸਫ਼ਰ ਨੂੰ ਦਰਸਾਉਂਦਾ ਹੈ। ਨਾਲੇ ਇਸ ਤਰਕ ਅਨੁਸਾਰ ਤਾਂ ਕੱਲ੍ਹ ਨੂੰ ਬ੍ਰਿਟਿਸ਼ ਹਕੂਮਤ ਆਪਣੇ ਪੁਰਾਣੇ ਰਾਜ-ਕਾਲ ਦਾ ਨਕਸ਼ਾ ਦਿਖਾਕੇ ਸਾਡੇ ਦੇਸ਼ ਨੂੰ ਆਪਣੇ ਹਿੱਸੇ ਵਜੋਂ ਦਿਖਾਉਂਦਿਆਂ ਆਪਣਾ ਦਾਅਵਾ ਜਤਾਉਣ ਲੱਗ ਪਵੇਗੀ। ਇਸਤੋਂ ਇਲਾਵਾ ਕੀ ਸਾਡੇ ਦੇਸ਼ 'ਤੇ ਰਾਜ ਕਰਦੇ ਰਹੇ ਵੱਖੋ-ਵੱਖਰੇ ਹਾਕਮ ਸਿਰਫ਼ ਇਸ ਦਲੀਲ ਦੇ ਆਸਰੇ ਹੀ ਸਾਡੇ ਦੇਸ਼ ਨੂੰ ਉਨ੍ਹਾਂ ਦਾ ਦੇਸ਼ ਹੋਣ ਵਜੋਂ ਦਾਅਵਾ ਜਤਾ ਸਕਦੇ ਹਨ ਕਿ ਉਹ ਜਾਂ ਉਨ੍ਹਾਂ ਦੇ ਵੱਡ-ਵਡੇਰੇ ਪਹਿਲਾਂ ਭਾਰਤ 'ਤੇ ਰਾਜ ਕਰਦੇ ਰਹੇ ਹਨ ? ਬਿਲਕੁਲ ਵੀ ਨਹੀਂ। ਅਤੀਤ 'ਚ ਕੀ ਹੋਇਆ, ਇਸ ਤੋਂ ਅਸੀਂ ਸਬਕ ਸਿੱਖ ਸਕਦੇ ਹਾਂ ਪਰ ਅਤੀਤ 'ਚ ਰਹਿ ਨਹੀਂ ਸਕਦੇ। ਸਾਨੂੰ ਅਤੀਤਮੁਖੀ ਨਹੀਂ ਬਲਕਿ ਭਵਿੱਖਮੁਖੀ ਹੋਣਾ ਚਾਹੀਦਾ ਹੈ। ਗੱਲ ਇਹ ਨਹੀਂ ਕਿ ਸਾਡੀ ਹਕੂਮਤ ਨੂੰ ਇਸ ਸਿਧਾਂਤ ਦਾ ਪਤਾ ਨਹੀਂ। ਉਸਨੂੰ ਪੂਰਾ ਪਤਾ ਵੀ ਹੈ ਅਤੇ ਉਹ ਵੀ ਭਵਿੱਖ-ਮੁਖੀ ਹੋ ਕੇ ਹੀ ਸੋਚ ਰਹੀ ਹੈ। ਉਹ ਕਿਵੇਂ ? ਲਓ ਦੇਖੋ।

ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਇਹ ਕੋਈ ਤਕਨੀਕੀ ਜਾਂ ਭੁਲੇਖੇ 'ਚ ਕੀਤੀ ਗਲਤੀ ਨਹੀਂ ਹੈ। ਇਹ ਆਰ.ਐਸ.ਐਸ. ਅਤੇ ਹਿੰਦੂ ਮਹਾਂ ਸਭਾ ਦੀ 1920 ਵਿਆਂ-1930 ਵਿਆਂ ਤੋਂ ਸਾਡੇ ਦੇਸ਼ 'ਚ ਉਪਰੋਕਤ ਦਿਖਾਏ ਦੇਸ਼ ਮਿਲਾਕੇ ਇਸਨੂੰ ਅਖੰਡ ਭਾਰਤ ਬਣਾਉਣ ਦੀ ਨੀਤੀ ਰਹੀ ਹੈ ਜੋ ਸਾਡੇ ਸ਼ਾਸ਼ਕਾਂ ਨੇ ਇਹ ਨਕਸ਼ਾ ਲਗਾਕੇ ਹਾਲ ਦੀ ਘੜੀ ਇਸਨੂੰ ਸਿਧਾਂਤਕ ਤੌਰ 'ਤੇ ਪੂਰਾ ਕੀਤਾ ਹੈ। ਇਸਨੂੰ ਅਮਲੀ ਰੂਪ ਕਿਵੇਂ ਦੇਣਗੇ ?, ਇਹ ਆਉਣ ਵਾਲੇ ਸਮੇਂ 'ਤੇ ਨਿਰਭਰ ਕਰਦਾ ਹੈ।

ਇੱਥੇ ਇੱਕ ਗੱਲ ਹੋਰ ਵੀ ਕਰਨੀ ਬਣਦੀ ਹੈ। ਉਹ ਇਹ ਕਿ ਸਾਡੀ ਹਕੂਮਤ ਹਿੰਦੀ, ਹਿੰਦੂ,ਹਿੰਦੁਸਤਾਨ ਭਾਵ ਇੱਕ ਦੇਸ਼-ਇੱਕ ਭਾਸ਼ਾ ਦੀ ਗੱਲ ਬੜੇ ਜ਼ੋਰ-ਸ਼ੋਰ ਨਾਲ ਕਰਦੀ ਆ ਰਹੀ ਹੈ, ਭਾਵੇਂ ਸਿੱਧੀ ਤੇ ਭਾਵੇਂ ਅਸਿੱਧੀ। ਤਾਮਿਲਨਾਡੂ ਸੂਬਾ ਹਿੰਦੀ ਭਾਸ਼ਾ ਨੂੰ ਦੇਸ਼ ਦੀ ਭਾਸ਼ਾ ਬਣਾਉਣ ਦਾ ਪ੍ਰਚੰਡ ਵਿਰੋਧੀ ਰਹਿੰਦਾ ਰਿਹਾ ਹੈ। ਇਸ ਪਾਰਲੀਮੈਂਟ ਦੇ ਉਦਘਾਟਨ ਰਾਹੀਂ ਭਾਜਪਾ ਨੇ ਤਾਮਿਲਨਾਡੂ ਤੋਂ ਪੁਜਾਰੀ ਬੁਲਾਕੇ ਅਤੇ ਉਨ੍ਹਾਂ ਤੋਂ ਇਸਦਾ ਉਦਘਾਟਨ ਕਰਾਕੇ ਇੱਕ ਤਰ੍ਹਾਂ ਨਾਲ ਤਾਮਿਲ ਨਾਡੂ 'ਚ ਆਪਣਾ ਆਧਾਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਤਾਮਿਲ ਲੋਕਾਂ ਦੇ ਹਿੰਦੀ ਵਿਰੋਧ ਨੂੰ ਕਿੰਨਾ ਕੁ ਅਤੇ ਕਿਸ ਰੁਖ ਅਸਰਅੰਦਾਜ਼ ਕਰ ਸਕੇਗੀ ? ਇਸ ਦਾ ਨਤੀਜਾ ਤਾਂ ਸਮੇਂ ਦੇ ਗਰਭ ਅੰਦਰ ਹੀ ਸਮੋਇਆ ਹੋਇਆ ਹੈ।

ਅੰਤ 'ਚ ਸਿੱਟਾ ਇਹ ਹੀ ਨਿਕਲਦਾ ਹੈ ਕਿ ਭਾਜਪਾਈ ਹਕੂਮਤ ਨੇ ਇਸ ਪਾਰਲੀਮੈਂਟ ਦੇ ਉਦਘਾਟਨ ਕਰਦਿਆਂ ਆਪਣੇ ਸਾਰੇ ਛੁਪੇ ਫਾਸ਼ੀ ਮਨਸੂਬੇ ਨੰਗੇ-ਚਿੱਟੇ ਤੌਰ 'ਤੇ ਦਰਸਾ ਦਿੱਤੇ ਹਨ, ਇਹ **... ਬਾਕੀ ਪੰਨਾ 24 'ਤੇ**

ਗਊ ਰੱਖਿਅਕਾਂ ਨੂੰ ਸਜ਼ਾ

ਸਵਰਾਜਬੀਰ



ਹਰਿਆਣਾ ਦੇ ਨੂਹ ਜ਼ਿਲ੍ਹੇ ਦੇ ਵਾਸੀ ਰਕਬਰ ਖਾਨ ਨੂੰ ਪੰਜ ਸਾਲ ਪਹਿਲਾਂ ਰਾਜਸਥਾਨ ਵਿਚ ਗਊ ਤਸਕਰੀ ਦੇ ਸ਼ੱਕ ਵਿਚ ਭੀੜ ਨੇ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਇਸ ਮਾਮਲੇ ਵਿਚ ਅਲਵਰ ਦੀ ਸ਼ੈਸਨ ਅਦਾਲਤ ਨੇ ਚਾਰ ਗਊ ਰੱਖਿਅਕਾਂ ਧਰਮਿੰਦਰ, ਪਰਮਜੀਤ, ਵਿਜੈ ਕੁਮਾਰ ਅਤੇ ਨਰੇਸ਼ ਕੁਮਾਰ ਨੂੰ ਸੱਤ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਰਕਬਰ ਅਤੇ ਉਸ ਦਾ ਮਿੱਤਰ ਅਸਲਮ ਖਾਨ ਅਲਵਰ ਤੋਂ ਗਊਆਂ ਖਰੀਦ ਕੇ ਹਰਿਆਣਾ ਲਿਜਾ ਰਹੇ ਸਨ ਕਿ 20-21 ਜੁਲਾਈ 2013 ਦੀ ਦਰਮਿਆਨੀ ਰਾਤ ਨੂੰ ਸਥਾਨਕ ਲੋਕਾਂ ਨੇ ਦੋਵਾਂ ਨੂੰ ਘੇਰ ਕੇ ਉਨ੍ਹਾਂ ਦੀ ਕੁੱਟਮਾਰ ਕੀਤੀ। ਸੱਟਾਂ ਕਾਰਨ ਰਕਬਰ ਦੀ ਮੌਤ ਹੋ ਗਈ ਜਦੋਂ ਕਿ ਅਸਲਮ ਭੱਜਣ ਵਿੱਚ ਸਫ਼ਲ ਹੋ ਗਿਆ। ਇਸ ਕੇਸ ਵਿਚ ਅਦਾਲਤ ਨੇ ਵਿਸ਼ਵ ਹਿੰਦੂ ਪਰਿਸ਼ਦ ਦੇ ਸਥਾਨਕ ਆਗੂ ਨਵਲ ਕਿਸ਼ੋਰ ਨੂੰ ਸਬੂਤਾਂ ਦੀ ਘਾਟ ਦੇ ਆਧਾਰ 'ਤੇ ਬਰੀ ਕਰ ਦਿੱਤਾ ਹੈ। ਰਕਬਰ ਦੇ ਪਰਿਵਾਰ ਅਨੁਸਾਰ ਉਹ ਹਜੂਮੀ ਹਿੰਸਾ ਦੀ ਇਸ ਕਾਰਵਾਈ ਦਾ ਮੁੱਖ ਸੂਤਰਧਾਰ ਸੀ। ਪਰਿਵਾਰ ਨੂੰ ਉਸ ਨੂੰ ਬਰੀ ਕੀਤੇ ਜਾਣ ਅਤੇ ਦੋਸ਼ੀ ਪਾਏ ਗਏ ਵਿਅਕਤੀਆਂ ਨੂੰ ਘੱਟ ਸਜਾ ਦਿੱਤੇ ਜਾਣ ਬਾਰ ਗਿਲਾ ਹੈ। ਇਸ ਦੇ ਬਾਵਜੂਦ ਇਸ ਮਾਮਲੇ ਵਿਚ ਨਿਆਂ ਮਿਲਣਾ ਮਹੱਤਵਪੂਰਨ ਹੈ ਕਿਉਂਕਿ ਹਜੂਮੀ ਹਿੰਸਾ ਵਿਚ ਬਹੁਤ ਸਾਰੇ ਲੋਕ ਹਿੱਸਾ ਲੈਂਦੇ ਹਨ ਜਿਸ ਕਾਰਨ ਬਹੁਤ ਵਾਰ ਅਸਲੀ ਅਪਰਾਧੀਆਂ ਵਿਰੁੱਧ ਸਬੂਤ ਮਿਲਣੇ ਮੁਸ਼ਕਿਲ ਹੋ ਜਾਂਦੇ ਹਨ।

ਅਲਵਰ ਜ਼ਿਲ੍ਹੇ ਵਿਚ 2017 ਵਿਚ ਵੀ ਅਜਿਹੀ ਘਟਨਾ ਵਾਪਰੀ ਸੀ। ਆਪਣੇ ਸਾਥੀਆਂ ਨਾਲ ਜੈਪੁਰ ਦੇ ਹਫ਼ਤਾਵਾਰੀ ਬਾਜਾਰ 'ਚੋਂ ਗਊਆਂ ਖਰੀਦ ਕੇ ਨੂਹ ਵਿਚਲੇ ਆਪਣੇ ਪਿੰਡ ਲਿਜਾ ਰਹੇ ਰਾਜਸਥਾਨ ਦੇ ਪਸ਼ੂ ਪਾਲਕ ਪਹਿਲੂ ਖਾਨ 'ਤੇ ਭੀੜ ਨੇ ਹਮਲਾ ਕਰ ਦਿੱਤਾ ਸੀ। ਦੁਖਾਂਤ ਕਿ ਉਸ ਮਾਮਲੇ ਵਿਚ ਨਿਆਂ ਨਹੀਂ ਮਿਲ ਸਕਿਆ ਕਿਉਂਕਿ 2019 ਵਿਚ ਸ਼ੈਸ਼ਨ ਕੋਰਟ ਨੇ ਇਸ ਮਾਮਲੇ ਦੇ ਛੇ ਮੁਲਜ਼ਮਾਂ ਨੂੰ ਪੁਲੀਸ ਜਾਂਚ ਵਿਚ ਸ਼ੱਕ ਦੇ ਆਧਾਰ 'ਤੇ ਰਿਹਾਅ ਕਰ ਦਿੱਤਾ। ਉਂਝ, ਅਦਾਲਤ ਨੇ ਜਾਂਚ ਵਿਚ 'ਗੰਭੀਰ ਖਾਮੀਆਂ' ਵੱਲ ਇਸ਼ਾਰਾ ਜਰੂਰ ਕੀਤਾ ਸੀ।

ਰਕਬਰ ਖਾਨ ਦੇ ਮਾਮਲੇ ਦਾ ਫੈਸਲਾ ਆਉਣ ਤੋਂ ਕੁਝ ਦਿਨ ਪਹਿਲਾਂ ਰਾਜਸਥਾਨ ਪੁਲੀਸ ਨੇ ਦੋ ਮੁਸਲਿਮ ਵਿਅਕਤੀਆਂ ਜੁਨੈਦ ਅਤੇ ਨਾਸਿਰ ਦੇ ਅਗਵਾ ਤੇ ਕਤਲ ਬਾਰੇ ਦਰਜ ਕੇਸ (ਐਫ.ਆਈ.ਆਰ.) ਵਿਚ ਬਜਰੰਗ ਦਲ ਦੇ ਆਗੂ ਮੋਨੂੰ ਮਨੇਸਰ ਸਮੇਤ 21 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ। ਫਰਵਰੀ ਵਿਚ ਇਨ੍ਹਾਂ ਦੋਵਾਂ ਦੀਆਂ ਸੜੀਆਂ ਲਾਸ਼ਾਂ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ 'ਚੋਂ ਮਿਲੀਆਂ ਸਨ। ਇਹ ਸ਼ੱਕ ਹੈ ਕਿ ਪੁਲੀਸ ਦੀ ਅਣਗਹਿਲੀ ਇਸ ਭਿਆਨਕ ਅਪਰਾਧ ਦਾ ਕਾਰਨ ਬਣੀ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿਆਸੀ ਸਰਪ੍ਰਸਤੀ ਅਤੇ ਪੁਲੀਸ ਦੀ ਢਿੱਲ ਮੱਠ ਕਾਰਨ ਗਊ ਰੱਖਿਅਕ ਹੁਣ ਆਪਣੇ ਆਪ ਨੂੰ ਹੀ ਕਾਨੂੰਨ ਸਮਝਣ ਲੱਗ ਪਏ ਹਨ। ਜਿਆਦਾਤਰ ਮਾਮਲਿਆਂ ਵਿਚ ਗਊ ਰੱਖਿਆ ਦੇ ਬਹਾਨੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੱਟੜਪੰਥੀ ਜਥੇਬੰਦੀਆਂ ਲੋਕਾਂ ਨੂੰ ਅਜਿਹੇ ਜੁਰਮ ਕਰਨ ਲਈ ਉਕਸਾਉਂਦੀਆਂ ਅਤੇ ਅਜਿਹੀਆਂ ਘਟਨਾਵਾਂ ਤੋਂ ਸਿਆਸੀ ਲਾਹਾ ਲੈਂਦੀਆਂ ਹਨ। ਉੱਤਰ ਪ੍ਰਦੇਸ਼ ਵਿਚ ਤਾਂ ਇਹ ਵੀ ਦੇਖਿਆ ਗਿਆ ਹੈ ਕਿ ਸੱਤਾ ਵਿਚ ਬੈਠੇ ਕੁੱਝ ਤੱਤਾਂ ਨੇ ਅਜਿਹੀ ਹਜ਼ੂਮੀ ਹਿੰਸਾ ਵਿਚ ਹਿੱਸਾ ਲੈਣ ਵਾਲੇ ਕੁੱਝ ਵਿਅਕਤੀਆਂ ਨੂੰ ਸਨਮਾਨਿਤ ਵੀ ਕੀਤਾ। ਕਾਨੂੰਨ ਦੀ ਪਾਲਣਾ ਕਰਨ ਵਾਲੇ ਕਿਸਾਨਾਂ ਅਤੇ ਪਸ਼ੂਆਂ ਦੇ ਵਪਾਰੀਆਂ ਖਿਲਾਫ਼ ਜ਼ਬਰ ਤੇ ਹਿੰਸਾ ਕਰਨ ਵਾਲੇ ਅਪਰਾਧੀ ਤੱਤਾਂ ਅਤੇ ਕੱਟੜਪੰਥੀ ਜਥੇਬੰਦੀਆਂ ਦੀ ਨਕੇਲ ਕਸਣੀ ਕਾਨੂੰਨ ਲਾਗੂ ਕਰਨ ਵਾਲਿਆਂ ਦੀ ਜ਼ਿੰਮੇਵਾਰੀ ਹੈ। ਕਾਨੂੰਨ ਅਨੁਸਾਰ ਗਊ ਤਸਕਰੀ ਅਪਰਾਧ ਹੈ ਅਤੇ ਅਪਰਾਧ ਕਰਨ ਵਾਲੇ ਵਿਅਕਤੀਆਂ ਨਾਲ ਪੁਲੀਸ ਨੂੰ ਸਿੱਝਣਾ ਚਾਹੀਦਾ ਹੈ, ਨਾ ਕਿ ਲਹੂ ਦੀਆਂ ਤਿਹਾਈਆਂ ਭੀੜਾਂ ਨੂੰ। ਗਊ-ਰੱਖਿਅਕਾਂ ਦੇ ਭੇਸ ਵਿਚ ਅਪਰਾਧੀਆਂ, ਉਨ੍ਹਾਂ ਨਾਲ ਮਿਲੇ ਪੁਲੀਸ ਵਾਲਿਆਂ ਅਤੇ ਅਜਿਹੇ ਤੱਤਾਂ ਦੀ ਪੁਸ਼ਤਪਨਾਹੀ ਕਰਨ ਵਾਲੇ ਸਿਆਸਤਦਾਨਾਂ ਦਾ ਪਰਦਾਫਾਸ਼ ਕੀਤਾ ਜਾਣਾ ਜਰੂਰੀ ਹੈ।

(ਸੰਪਾਦਕੀ) (ਪੰਜਾਬੀ ਟ੍ਰਿਬਿਊਨ) (27 ਮਈ 2023)


ਪੰਨਾ 23 ਦਾ ਬਾਕੀ ਹੁਣ ਸਾਡੇ ਦੇਸ਼ ਦੇ ਲੋਕਾਂ ਨੇ ਸੋਚਣਾ ਹੈ ਕਿ ਉਹ ਮਨੂੰਵਾਦੀ ਰਾਜ ਦੀ ਸਥਾਪਨਾ ਚਾਹੁੰਦੇ ਹਨ ਜਾਂ ਇਸ ਸਮੇਂ ਦੀ ਲੋਕਤੰਤਰਿਕ ਪ੍ਰਣਾਲੀ ਤੋਂ ਵੀ ਅੱਗੇ ਕੋਈ ਹੋਰ ਸਹੀ ਮਾਅਨਿਆਂ ਵਾਲਾ ਲੋਕ-ਰਾਜ!

ਹਵਾਲੇ : 1. Wikipedia

2. ਰਾਮ ਪੁਨਿਆਨੀ, ਕਿਤਾਬ "ਫਾਸ਼ਿਜਮ ਆਫ ਸੰਘ ਪਰਿਵਾਰ" ਦੂਸਰਾ ਐਡੀਸ਼ਨ, ਮੀਡੀਆ ਹਾਊਸ, ਸਫਾ 79

3. ਪੰਜਾਬੀ ਟ੍ਰਿਬਿਊਨ 7 ਜੂਨ, 2023 **- 98769-53561**

ਅਸਲੀ ਇਨਸਾਨ ਦੀ ਕਹਾਣੀ



ਰਾਜਪਾਲ ਸਿੰਘ

'ਅਸਲੀ ਇਨਸਾਨ ਦੀ ਕਹਾਣੀ' ਇੱਕ ਰੂਸੀ ਪਾਇਲਟ ਅਲੈਕਸੇਈ ਮਾਰਸੇਯੇਵ ਦੀ ਸੱਚੀ ਕਹਾਣੀ ਉੱਤੇ ਅਧਾਰਿਤ ਰਚਨਾ ਹੈ। ਦੂਜੀ ਸੰਸਾਰ ਜੰਗ ਦੌਰਾਨ, 4 ਅਪ੍ਰੈਲ 1942 ਨੂੰ ਇਸ ਪਾਇਲਟ ਦਾ ਜਹਾਜ਼ ਦੁਸ਼ਮਣਾਂ ਵੱਲੋਂ ਸੁੱਟ ਲਿਆ ਜਾਂਦਾ ਹੈ। ਗੋਲਾ ਲੱਗਣ ਬਾਅਦ ਜਹਾਜ਼ ਜੰਗਲ ਵਿਚਲੇ ਦਰਖਤਾਂ ਵਿੱਚ ਅੜਦਾ ਹੋਇਆ ਜ਼ਮੀਨ ਵੱਲ ਆਉਂਦਾ ਹੈ ਜਿਸ ਨਾਲ ਜਹਾਜ਼ ਦੇ ਡਿੱਗਣ ਦਾ ਜ਼ੋਰ ਕੁਝ ਘਟ ਜਾਂਦਾ ਹੈ ਅਤੇ ਇਸਦੇ ਜ਼ਮੀਨ ਉੱਤੇ ਵੱਜ ਕੇ ਟੁੱਟਣ ਸਮੇਂ ਅਲੈਕਸੇਈ ਜਹਾਜ਼ ਵਿਚੋਂ ਬੁੜਕ ਕੇ ਬਾਹਰ ਬਰਫ਼ ਦੇ ਢੇਰ ਉੱਤੇ ਆ ਡਿਗਦਾ ਹੈ। ਇਸ ਤਰ੍ਹਾਂ ਡਿੱਗਣ ਨਾਲ ਉਸ ਦੀ ਜਾਨ ਤਾਂ ਬਚ ਗਈ ਪਰ ਉਸ ਦੇ ਦੋਵਾਂ ਪੈਰਾਂ ਦੀਆਂ ਹੱਡੀਆਂ ਟੁੱਟ ਜਾਂਦੀਆਂ ਹਨ।



ਇਸ ਤੋਂ ਅੱਗੇ ਸ਼ੁਰੂ ਹੁੰਦਾ ਹੈ, ਟੁੱਟੇ ਪੈਰਾਂ ਅਤੇ ਭੁੱਖੇ ਢਿੱਡ ਨਾਲ ਬਰਫ਼ੀਲੇ ਜੰਗਲ ਵਿਚੋਂ ਘਿਸੜਦਿਆਂ ਹੋਇਆਂ ਕਿਸੇ ਮਨੁੱਖੀ ਆਬਾਦੀ ਤੱਕ ਪਹੁੰਚਣ ਦਾ ਅਦਭੁੱਤ ਸੰਘਰਸ਼। ਅਠਾਰਾਂ ਦਿਨ ਇਸ ਤਰ੍ਹਾਂ ਆਪਣੇ ਆਪ ਨੂੰ ਘਸੀਟਦਿਆਂ ਉਹ ਇੱਕ ਰੂਸੀ ਪਿੰਡ ਦੇ ਨੇੜੇ ਪਹੁੰਚਣ ਵਿੱਚ ਸਫਲ ਹੁੰਦਾ ਹੈ। ਜਰਮਨਾਂ ਵੱਲੋਂ ਬੁਰੀ ਤਰ੍ਹਾਂ ਉਜਾੜੇ ਗਏ ਉਸ ਪਿੰਡ ਦੇ ਲੋਕ ਉਸ ਦੀ ਦੇਖਭਾਲ ਕਰਦੇ ਹਨ ਅਤੇ ਉਸ ਬਾਰੇ ਸੈਨਾ ਨੂੰ ਸੂਚਿਤ ਕਰਦੇ ਹਨ। ਰੂਸੀ ਫੌਜ ਦਾ ਮੈਡੀਕਲ ਵਿੰਗ ਉਸ ਨੂੰ ਹਸਪਤਾਲ ਵਿੱਚ ਲੈ ਜਾਂਦਾ ਹੈ। ਹਸਪਤਾਲ ਵਿੱਚ ਉਸ ਦੀ ਜਾਨ ਤਾਂ ਬਚ ਜਾਂਦੀ ਹੈ ਪਰ ਉਸ ਦੇ ਦੋਵੇਂ ਪੈਰ ਕੱਟਣੇ ਪੈਂਦੇ ਹਨ ਜੋ ਬਰਫ਼ ਵਿੱਚ ਰਹਿਣ ਕਰਕੇ ਗਲ ਚੁੱਕੇ ਸਨ। ਉਹ ਆਪਣੇ ਆਪ ਨੂੰ ਜਿਉਂਦਾ ਰੱਖਣ ਲਈ ਆਪਣੀ ਦ੍ਰਿੜ ਇੱਛਾ-ਸ਼ਕਤੀ ਅਤੇ ਮਜਬੂਤ ਸਰੀਰ ਦੀ ਆਖਰੀ ਤਾਕਤ ਨੂੰ ਵਰਤਦਿਆਂ ਜਿਵੇਂ ਮਨੁੱਖ ਆਬਾਦੀ ਤੱਕ ਪਹੁੰਚਣ ਵਿੱਚ ਸਫਲ ਹੁੰਦਾ ਹੈ ਇਹ ਸਾਰਾ ਕੁੱਝ ਬਹੁਤ ਹੈਰਾਨੀਜਨਕ ਅਤੇ ਉਤਸੁਕਤਾ ਭਰਪੂਰ ਹੈ। ਪਰ ਇਹ ਤਾਂ ਅਲੈਕਸੇਈ ਦੀ ਬਹਾਦਰੀ ਭਰੀ ਕਹਾਣੀ ਦਾ ਸਿਰਫ਼ ਪਹਿਲਾ ਭਾਗ ਹੈ। ਉਸ ਦੀ ਇੱਛਾ-ਸ਼ਕਤੀ ਦਾ ਅਸਲ ਪ੍ਰਗਟਾਵਾ ਇਸ ਤੋਂ ਅਗਲੇ ਭਾਗ ਵਿੱਚ ਹੁੰਦਾ ਹੈ ਜਦ ਉਹ ਦੋਵੇਂ ਪੈਰ ਕੱਟੇ ਜਾਣ ਦੇ ਬਾਵਜੂਦ ਲੜਾਕੂ ਹਵਾਈ ਜਹਾਜ਼ ਮੁੜ ਉਡਾਉਣ ਦੀ ਜ਼ਿੱਦ ਕਰਦਾ ਹੈ।

ਸਾਰੇ ਜਾਣਦੇ ਹਨ ਕਿ ਪਾਇਲਟ ਬਣਨ ਲਈ ਵਿਅਕਤੀ ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਫਿੱਟ ਅਤੇ ਚੁਸਤ ਦਰੁੱਸਤ ਹੋਣਾ ਚਾਹੀਦਾ ਹੈ ਕਿਉਂਕਿ ਹਵਾਈ ਜਹਾਜ਼ ਜਿੰਨੀ ਤੇਜ ਰਫਤਾਰ ਨਾਲ ਚਲਦਾ ਹੈ, ਉਸ ਨੂੰ ਮੋੜਨ ਜਾਂ ਉਤਾਰਣ/ਚੜ੍ਹਾਉਣ ਵੇਲੇ ਕੁੱਝ ਸਕਿੰਟਾਂ ਦੀ ਦੇਰੀ ਵੀ ਬਹੁਤ ਗੜਬੜ ਕਰ ਦਿੰਦੀ ਹੈ। ਲੜਾਕੂ ਹਵਾਈ ਜਹਾਜ਼ ਨੂੰ ਉਡਾਉਣ ਲਈ ਤਾਂ ਸਰੀਰਕ ਫੁਰਤੀ ਅਤੇ ਆਪਣੇ ਅੰਗਾਂ ਉੱਤੇ ਕੰਟਰੋਲ ਹੋਰ ਵੀ ਵੱਧ ਚਾਹੀਦਾ ਹੈ ਕਿਉਂਕਿ ਲੜਾਕੂ ਜਹਾਜ਼ ਨੂੰ ਦੁਸ਼ਮਣ ਦੇ ਗੋਲਿਆਂ ਤੋਂ ਬਚਾਉਣ ਅਤੇ ਆਪਣੇ ਨਿਸ਼ਾਨੇ ਉੱਤੇ ਵਾਰ ਕਰਨ ਲਈ ਜਹਾਜ਼ ਨੂੰ ਬਹੁਤ ਹੀ ਫੁਰਤੀ ਨਾਲ ਮੋੜਨਾ, ਉੱਪਰ ਥੱਲੇ ਕਰਨਾ, ਹਵਾ ਵਿੱਚ ਕਲਾਬਾਜੀਆਂ ਲੁਆਉਣੀਆਂ ਪੈਂਦੀਆਂ ਹਨ। ਇੱਕ ਛਿਣ ਦੀ ਚੂਕ ਵੀ ਪਾਇਲਟ ਅਤੇ ਕਰੋੜਾਂ ਦੀ ਕੀਮਤ ਵਾਲੇ ਜਹਾਜ਼ ਨੂੰ ਖਤਮ ਕਰ ਦਿੰਦੀ ਹੈ। ਇਸ ਕਰਕੇ ਮਾਮੂਲੀ ਸਰੀਰਕ ਨੁਕਸ ਵਾਲੇ ਵਿਅਕਤੀ ਨੂੰ ਵੀ ਲੜਾਕੂ ਜਹਾਜ਼ ਦਾ ਪਾਇਲਟ ਬਣਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ।

ਪਰ ਅਲੈਕਸੇਈ ਨੂੰ ਜਹਾਜ਼ ਉਡਾਉਣ ਦਾ ਜਨੂੰਨ ਸੀ, ਪੈਰ ਕੱਟੇ ਜਾਣ ਬਾਅਦ ਵੀ ਉਸਦਾ ਇਹੀ ਸੁਫਨਾ ਸੀ ਕਿ ਉਹ ਕਿਸੇ ਤਰ੍ਹਾਂ ਮੁੜ ਜਹਾਜ਼ ਉਡਾਵੇ ਅਤੇ ਜੰਗ ਵਿੱਚ ਸ਼ਾਮਲ ਹੋਵੇ। ਉਹ ਆਪਣੇ ਬਣਾਵਟੀ ਪੈਰਾਂ ਨਾਲ ਪਹਿਲਾਂ ਬਿਨਾਂ ਸੋਟੀ ਤੁਰਨਾ ਸਿਖਦਾ ਹੈ ਅਤੇ ਫਿਰ ਡਾਂਸ ਕਰਨਾ ਸਿਖਦਾ ਹੈ। ਇਸ ਤਰ੍ਹਾਂ ਉਹ ਕੋਸ਼ਿਸ਼ ਕਰਦਾ ਹੈ ਕਿ ਉਹ ਆਪਣੇ ਬਣਾਵਟੀ ਪੈਰਾਂ ਨੂੰ ਅਸਲ ਪੈਰਾਂ ਵਾਂਗ ਵਰਤਣ ਦੇ ਕਾਬਲ ਹੋ ਜਾਵੇ। ਇਸੇ ਦੌਰਾਨ ਉਸਦਾ ਇੱਕ ਸਾਥੀ ਉਸ ਨੂੰ ਕਿਸੇ ਅਖ਼ਬਾਰ ਦੀ ਕਟਿੰਗ ਦਿੰਦਾ ਹੈ ਜਿਸ ਵਿੱਚ ਇਹ ਦਰਜ ਹੁੰਦਾ ਹੈ ਕਿ ਕੋਈ ਰੂਸੀ ਵਿਅਕਤੀ ਪਹਿਲੀ ਸੰਸਾਰ ਜੰਗ ਦੌਰਾਨ ਇੱਕ ਪੈਰ ਨਾ ਹੋਣ ਦੇ ਬਾਵਜੂਦ ਵੀ ਜਹਾਜ਼ ਚਲਾਉਂਦਾ ਰਿਹਾ ਸੀ। ਇਸ ਨਾਲ ਉਸਦਾ ਉਤਸ਼ਾਹ ਹੋਰ ਵਧ ਜਾਂਦਾ ਹੈ। ਉਹ ਆਪਣੇ

ਆਪ ਨੂੰ ਫਿੱਟ ਕਰਨ ਲਈ ਬਹੁਤ ਜਿਆਦਾ ਵਰਜਿਸ਼ਾਂ ਕਰਦਾ ਹੈ, ਬਣਾਵਟੀ ਪੈਰਾਂ ਨੂੰ ਸਿਧਾਉਣ ਲਈ ਹੱਦੋਂ ਵੱਧ ਪ੍ਰੈਕਟਿਸ ਕਰਦਾ ਹੈ। ਇਹ ਸਾਰਾ ਕੁਝ ਕਰਨਾ ਸੌਖਾ ਨਹੀਂ ਸੀ। ਉਸ ਦੀਆਂ ਲੱਤਾਂ ਦੇ ਕੱਟੇ ਹੋਏ ਸਿਰੇ ਬਣਾਵਟੀ ਪੈਰਾਂ ਨਾਲ ਰਗੜ ਖਾ ਕੇ ਬਹੁਤ ਦਰਦ ਕਰਨ ਲੱਗ ਜਾਂਦੇ ਸਨ। ਪਰ ਉਹ ਲੱਗਿਆ ਰਹਿੰਦਾ ਹੈ ਅਤੇ ਬਣਾਵਟੀ ਪੈਰਾਂ ਨੂੰ ਅਸਲੀ ਪੈਰਾਂ ਵਾਂਗ ਵਰਤਣ ਵਿੱਚ ਮੁਹਾਰਤ ਹਾਸਲ ਕਰਨ ਵੱਲ ਵਧਦਾ ਗਿਆ।


ਫਿਰ ਉਸਦਾ ਹਵਾਈ ਫੌਜ ਦੇ ਅਧਿਕਾਰੀਆਂ ਨਾਲ ਸੰਘਰਸ਼ ਸ਼ੁਰੂ ਹੁੰਦਾ ਹੈ ਕਿਉਂਕਿ ਕੋਈ ਵੀ ਅਧਿਕਾਰੀ ਇਹ ਸੋਚ ਹੀ ਨਹੀਂ ਸਕਦਾ ਕਿ ਬਿਨਾਂ ਪੈਰਾਂ ਵਾਲਾ ਮਨੁੱਖ ਲੜਾਕੂ ਹਵਾਈ ਜਹਾਜ਼ ਚਲਾ ਸਕਦਾ ਹੈ। ਉਹ ਉਸ ਨੂੰ ਹਵਾਈ ਫੌਜ ਵਿੱਚ ਹੋਰ ਕੰਮ ਦੇਣ ਦੀਆਂ ਪੇਸ਼ਕਸ਼ਾਂ ਕਰਦੇ ਸਨ ਪਰ ਉਸਦਾ ਇਕੋ ਜਵਾਬ ਹੁੰਦਾ ਕਿ ਉਹ ਤਾਂ ਹਵਾਈ ਜਹਾਜ਼ ਲੈ ਕੇ ਜੰਗ ਦੇ ਮੈਦਾਨ ਵਿੱਚ ਜਾਣਾ ਚਾਹੁੰਦਾ ਹੈ ਅਤੇ ਲੜ ਕੇ ਜਰਮਨਾਂ ਤੋਂ ਬਦਲਾ ਲੈਣ ਦੀ ਇੱਛਾ ਪੂਰੀ ਕਰਨੀ ਚਾਹੁੰਦਾ ਹੈ। ਆਖਰ ਉਸ ਨੂੰ ਜਹਾਜ਼ ਦੀ ਅਜਮਾਇਸ਼ੀ ਉਡਾਨ ਭਰਨ ਦਾ ਮੌਕਾ ਦੇ ਦਿੱਤਾ ਜਾਂਦਾ ਹੈ ਜਿੱਥੇ ਉਹ ਨਕਲੀ ਪੈਰਾਂ ਦੇ ਬਾਵਜੂਦ ਬਹੁਤ ਕੁਸ਼ਲ ਪਾਇਲਟ ਵਾਲੇ ਕਰਤੱਬ ਦਿਖਾਉਂਦਾ ਹੈ। ਆਖਰ ਉਹ 1943 ਦੀਆਂ ਗਰਮੀਆਂ ਵਿੱਚ ਆਪਣੇ ਜਹਾਜ਼ ਨਾਲ ਜੰਗ ਦੇ ਮੈਦਾਨ ਵਿੱਚ ਜਾਣਾ ਸ਼ੁਰੂ ਕਰਦਾ ਹੈ। ਹਵਾਈ ਲੜਾਈਆਂ ਵਿੱਚ ਹਿੱਸਾ ਲੈਂਦਾ ਹੈ ਅਤੇ ਇਹ ਹਿੱਸਾ ਕੋਈ ਦੋ ਚਾਰ ਵਾਰ ਨਹੀਂ ਲੈਂਦਾ ਬਲਕਿ ਉਹ ਜੰਗ ਦੇ ਅੰਤ ਤੱਕ 86 ਉਡਾਨਾਂ ਭਰਦਾ ਹੈ ਅਤੇ ਹਵਾਈ ਲੜਾਈਆਂ ਵਿੱਚ ਦੁਸ਼ਮਣ ਦੇ 11 ਜਹਾਜ਼ ਡੇਗਦਾ ਹੈ ਜੋ ਕਿਸੇ ਵੀ ਜੰਗੀ ਪਾਇਲਟ ਲਈ ਬਹੁਤ ਵੱਡੀ ਪ੍ਰਾਪਤੀ ਹੁੰਦੀ ਹੈ। ਉਸ ਨੂੰ 'ਸੋਵੀਅਤ ਯੂਨੀਅਨ ਦੇ ਹੀਰੋ' ਦੇ ਸਭ ਤੋਂ ਉੱਚੇ ਖਿਤਾਬ ਨਾਲ ਸਨਮਾਨਿਆ ਜਾਂਦਾ ਹੈ। ਜੰਗ ਮੁੱਕਣ ਉੱਤੇ ਉਸ ਦਾ ਆਪਣੀ ਮਹਿਬੂਬ ਕੁੜੀ ਨਾਲ ਵਿਆਹ ਹੁੰਦਾ ਹੈ ਅਤੇ 85 ਸਾਲ ਦੀ ਭਰਪੂਰ ਜ਼ਿੰਦਗੀ ਭੋਗਦਿਆਂ ਮਈ 2001 ਵਿੱਚ ਉਸ ਦਾ ਦਿਹਾਂਤ ਹੁੰਦਾ ਹੈ।

ਇਹ ਪੁਸਤਕ ਅਨੇਕਾਂ ਭਾਸ਼ਾਵਾਂ ਵਿੱਚ ਅਨੁਵਾਦ ਹੋ ਕੇ ਲੱਖਾਂ ਦੀ ਗਿਣਤੀ ਵਿੱਚ ਪੜ੍ਹੀ ਗਈ ਹੈ। ਲੱਖਾਂ ਲੋਕਾਂ ਨੇ ਇਸ ਤੋਂ ਪ੍ਰੇਰਣਾ ਲਈ ਹੈ ਕਿ ਦ੍ਰਿੜ ਇਰਾਦੇ ਨਾਲ ਆਪਣੀਆਂ ਊਣਤਾਈਆਂ ਉੱਤੇ ਕਾਬੂ ਪਾ ਕੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ। ਘੋਰ ਨਿਰਾਸ਼ਾਜਨਕ ਸਥਿਤੀ ਵਿੱਚ ਪਿਆ ਬੰਦਾ ਵੀ ਇਹ ਪੁਸਤਕ ਪੜ੍ਹ ਕੇ ਉਤਸ਼ਾਹ ਨਾਲ ਭਰ ਜਾਂਦਾ ਹੈ।

ਬਿਨਾਂ ਸ਼ੱਕ ਇਸ ਪੁਸਤਕ ਵਿੱਚ ਵਰਣਿਤ ਸੱਚੀ ਕਹਾਣੀ ਮਨੁੱਖੀ ਸਮਰੱਥਾ ਦੇ ਕਮਾਲ ਦੀ ਹੈ ਪਰ ਲੇਖਕ ਬੋਰਿਸ ਪੋਲੇਵੋਈ ਨੇ ਇਸ ਕਹਾਣੀ ਨੂੰ ਜਿਵੇਂ ਗਲਪੀ ਰੂਪ ਦਿੱਤਾ ਹੈ, ਇਸ ਕਹਾਣੀ ਨੂੰ ਸ਼ਾਹਕਾਰ ਰਚਨਾ ਬਨਾਉਣ ਵਿੱਚ ਇਸਦਾ ਵੀ ਵੱਡਾ ਰੋਲ ਹੈ। ਕਿਸੇ ਮਾੜੇ ਲੇਖਕ ਦੇ ਹੱਥਾਂ ਵਿੱਚ ਇਹ ਕਹਾਣੀ ਇੱਕ ਸਿੱਧ-ਪੱਧਰੀ ਅਖ਼ਬਾਰੀ ਰਿਪੋਰਟ ਵੀ ਬਣ ਸਕਦੀ ਸੀ ਪਰ ਬੋਰਿਸ ਪੋਲੇਵੋਈ ਨੇ ਜਿਵੇਂ ਉਸ ਦੀ ਮਾਨਸਿਕ ਦ੍ਰਿੜਤਾ ਅਤੇ ਸੰਘਰਸ਼ ਨੂੰ ਚਿਤਰਿਆ ਹੈ ਉਹ ਕਮਾਲ ਹੈ। ਇਸ ਤੋਂ ਬਿਨਾਂ ਇਸ ਮੁੱਖ-ਪਾਤਰ ਦੇ ਨਾਲ ਉਸ ਨੇ ਜੋ ਸਹਾਇਕ ਪਾਤਰ ਚਿਤਰੇ ਹਨ, ਉਨ੍ਹਾਂ ਰਾਹੀਂ ਉਸ ਨੇ ਪਿਆਰ ਮੁਹੱਬਤ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਜੋ ਉੱਚੇ ਮਾਪਦੰਡ ਸਿਰਜੇ ਹਨ, ਉਹ ਵੀ ਇਸ ਲਿਖਤ ਨੂੰ ਵਡਮੁੱਲਾ ਬਣਾਉਂਦੇ ਹਨ। ਅਲੈਕਸੇਈ ਦੇ ਨਾਲ ਹਸਪਤਾਲ ਵਿੱਚ ਇੱਕ ਟੈਂਕ ਚਲਾਉਣ ਵਾਲਾ ਮੇਜਰ ਹੁੰਦਾ ਹੈ ਜਿਸ ਨੇ ਮੁਹਾਜ਼ ਉੱਤੇ ਬਹੁਤ ਬਹਾਦਰੀ ਦਿਖਾਈ ਹੁੰਦੀ ਹੈ, ਪਰ ਆਖਰ ਇਕ ਗੋਲਾ ਉਸ ਦੇ ਟੈਂਕ ਉੱਤੇ ਡਿੱਗਣ ਨਾਲ ਉਹ ਝੁਲਸਿਆ ਜਾਂਦਾ ਹੈ ਅਤੇ ਬਦਰੂਪ ਹੋ ਜਾਂਦਾ ਹੈ। ਮੈਡੀਕਲ ਕਾਲਜ ਦੀ ਇੱਕ ਕੁੜੀ ਅਨਿਊਤਾ ਉਸ ਮੇਜਰ ਦੀ ਬਹਾਦਰੀ ਦੇ ਕਿੱਸੇ ਸੁਣਕੇ, ਉਸ ਨਾਲ ਚਿੱਠੀ-ਪੱਤਰ ਕਰਨ ਲਗਦੀ ਹੈ ਅਤੇ ਚਿੱਠੀ-ਪੱਤਰ ਕਰਦੀ ਹੋਈ ਉਸ ਨੂੰ ਬਿਨਾਂ ਦੇਖੇ ਹੀ ਪਿਆਰ ਕਰਨ ਲਗਦੀ ਹੈ। ਮੇਜਰ ਇਸ ਗੱਲ ਦਾ ਮਾਨਸਿਕ ਤਸੀਹਾ ਭੋਗਦਾ ਹੈ ਕਿ ਜਦ ਉਹ ਕੁੜੀ ਉਸ ਦੇ ਜਲੇ ਹੋਏ ਚਿਹਰੇ ਨੂੰ ਦੇਖੇਗੀ ਤਾਂ ਉਸ ਦੇ ਦਿਲ ਉੱਤੇ ਕੀ ਗੁਜ਼ਰੇਗੀ! ਮੇਜਰ ਨੂੰ ਮਿਲਣ ਉੱਤੇ ਕੁੜੀ ਨੂੰ ਝਟਕਾ ਤਾਂ ਲਗਦਾ ਹੈ ਪਰ ਉਸਦਾ ਮੇਜਰ ਨਾਲ ਪਿਆਰ ਕਾਇਮ ਰਹਿੰਦਾ ਹੈ। ਇਵੇਂ ਖ਼ੁਦ ਅਲੈਕਸੇਈ ਆਪਣੀ ਮਹਿਬੂਬ ਕੁੜੀ ਤੋਂ ਆਪਣੇ ਪੈਰ ਕੱਟੇ ਜਾਣ ਦੀ ਗੱਲ ਲੁਕਾ ਕੇ ਰਖਦਾ ਹੈ ਪਰ ਉਸ ਨੂੰ ਪਹਿਲਾਂ ਹੀ ਇਸ ਬਾਰੇ ਪਤਾ ਚੱਲ ਚੁੱਕਾ ਸੀ ਅਤੇ ਉਸ ਦੇ ਅਲੈਕਸੇਈ ਪ੍ਰਤੀ ਪਿਆਰ ਵਿੱਚ ਭੋਰਾ ਫਰਕ ਨਹੀਂ ਪਿਆ ਸੀ ਸਗੋਂ ਇਸ 'ਤੇ ਉਸ ਨੂੰ ਮਾਣ ਸੀ। ਇਸ ਤਰ੍ਹਾਂ ਲੇਖਕ ਮੁਹੱਬਤ ਨੂੰ ਬਾਹਰੀ ਦਿੱਖ ਅਤੇ ਸਰੀਰਕ ਖਿੱਚ ਤੋਂ ਉਪਰ ਚੁੱਕ ਕੇ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਅਲੈਕਸੇਈ ਨੂੰ ਮੁਢਲੀ ਸਹਾਇਤਾ ਦੇਣ ਵਾਲੇ ਪਿੰਡ ਦੇ ਲੋਕਾਂ ਦੀਆਂ ਭਾਵਨਾਵਾਂ, ਫਾਸ਼ਿਸ਼ਟਾਂ ਵੱਲੋਂ ਥੋਪੀ ਗਈ ਜੰਗ ਦਾ ਟਾਕਰਾ ਕਰਨ ਲਈ ਸੋਵੀਅਤ ਲੋਕਾਂ ਵੱਲੋਂ ਵਿਖਾਈ ਗਈ ਦ੍ਰਿੜਤਾ ਦੀਆਂ ਝਲਕਾਂ ਵੀ ਇਸ ਨਾਵਲ ਵਿਚੋਂ ਬਾਖੂਬੀ ਦਿਸਦੀਆਂ ਹਨ।

ਕੁੱਲ ਮਿਲਾ ਕੇ ਅਲੈਕਸੇਈ ਮਾਰਸੇਯੇਵ ਦੇ ਇੱਕ ਮਹਾਨ ਮਨੁੱਖੀ ਕਾਰਨਾਮੇ ਦੇ ਬੋਰਿਸ ਪੋਲੇਵੋਈ ਦੀ ਸ਼ਾਨਦਾਰ ਕਲਮ ਨਾਲ ਸੁਮੇਲ ਵਿਚੋਂ ਇਹ ਸ਼ਾਹਕਾਰ ਰਚਨਾ ਪੈਦਾ ਹੋਈ ਹੈ ਜੋ ਹਰ ਮਨੁੱਖ ਨੂੰ ਪੜ੍ਹਨੀ ਚਾਹੀਦੀ ਹੈ। **98767-10809**

ਬੋਲ ਸਦੀਵੀਂ



ਖ਼ਤਰਨਾਕ ਕੁੜੀਆਂ



- ਜੋਗਿੰਦਰ ਆਜ਼ਾਦ

ਬਹੁਤ ਖ਼ਤਰਨਾਕ ਹਨ ਇਹ ਕੁੜੀਆਂ,
ਹੰਕਾਰ ਹੋ ਗਿਆ ਹੈ ਇਹਨਾਂ ਨੂੰ
ਕੌਮਾਂਤਰੀ ਇਨਾਮ ਜੇਤੂ ਹੋਣ ਦਾ।
ਉਦੰਡ ਹੋ ਗਈਆ ਹਨ,
ਕਿਵੇਂ ਕਰ ਲਿਆ ਹੈ
ਆਪਣੇ ਆਕਾਵਾਂ ’ਤੇ,
ਉਂਗਲ ਉਠਾਉਣ
ਦਾ ਦੂਰ ਸਾਹਸ ?

ਸ਼ਾਇਦ ਮੂਰਖ ਕੁੜੀਆਂ ?
ਨਹੀਂ ਪੜ੍ਹਦੀਆਂ
ਦੇਸ਼ ਦਾ ਮਹਾਨ
ਗੌਰਵਮਈ ਇਤਿਹਾਸ !

ਰਾਜ ਭਵਨ ਦੀ ਹਰ ਬਾਂਦੀ,
ਹਰ ਨਰਤਕੀ, ਹਰ ਗਾਇਕਾ ,
ਦੇਵ ਦਾਸੀ, ਅਦਾਕਾਰ
ਗੁਲਾਮ ਸਨ ਸਲਤਨੱਤ ਦੀਆਂ
ਗੁਲਾਮ ਦੇਹਾਂ ਨਾਲ
ਕਾਮ ਕਿਰਿਆਵਾਂ ਕਰਨਾ
ਵਰਜਿਤ ਨਹੀਂ,
ਇਹ ਤਾਂ ਅਪਾਰ ਕਿਰਪਾ ਹੁੰਦੀ ਸੀ
ਰਾਜਾ ਸ਼ਾਹੀ ਦੀ।
ਦੌੜਦਾ ਸੀ
ਬਾਦਸ਼ਾਹੀ ਖ਼ੂਨ
ਖ਼ੂਬਸੂਰਤ ਬਾਂਦੀਆਂ ਦੇ ਜਿਸਮਾਂ ਚ
ਨਚਾਇਆ ਜਾਂਦਾ ਸੀ ਉਹਨਾਂ ਨੂੰ
ਭਰੇ ਦਰਬਾਰ,
ਲੁੱਟਾਈਆਂ ਜਾਂਦੀਆਂ ਸਨ ਅਸ਼ਰਫ਼ੀਆਂ।
ਮੂਰਖ ਕੁੜੀਆ !
ਸ਼ਾਇਦ ਇਤਿਹਾਸ ਨਹੀਂ ਪੜ੍ਹਦੀਆਂ
ਭੇਂਟ ਕੀਤੀਆਂ ਜਾਂਦੀਆਂ ਸਨ
ਰੁਪਸੀਆ ਦੀਆਂ ਨਾਜ਼ੁਕ ਦੇਹਾਂ
ਸਮਰਾਟਾਂ ਨੂੰ,
ਬਾਦਸ਼ਾਹਾਂ ਨੂੰ,
ਮੁਨਸਫਾਂ ਨੂੰ ।

ਨੱਥਿਆ ਜਾਂਦਾ ਸੀ
ਹਰ ਔਰਤ ਨੂੰ ਬੇਜਾਨ ਪਸ਼ੂ ਵਾਂਗ
ਇਤਿਹਾਸ ਨਹੀਂ ਪੜ੍ਹਦੀਆਂ
ਹੰਕਾਰੀ ਕੁੜੀਆਂ।
ਇਹ ਦੇਸ਼ ਜਨਮ ਭੂਮੀ ਹੈ
ਗੰਗਾ ਪੁੱਤਰ ਦੀ
ਪਵਨ ਪੁੱਤਰ ਦੀ
ਸੂਰੀਆ ਪੁੱਤਰ ਦੀ।

ਜੇਲ੍ਹ ਵਿਚ ਮਾਰ ਦਿੱਤੀਆਂ ਸਨ
ਕਸਾਈ ਕੰਸ ਨੇ,
ਆਪਣੀ ਹੀ ਭੈਣ ਦੀਆਂ
ਨਵਜਾਤ ਧੀਆਂ।
ਬਹੁਤ ਖਤਰਨਾਕ ਹਨ ਇਹ ਕੁੜੀਆਂ,
ਰੁਕਾਵਟ ਬਣ ਰਹੀਆਂ ਹਨ,
ਬਗਾਵਤ ਕਰ ਰਹੀਆਂ ਹਨ,
ਨਹੀਂ ਹੋਣ ਦੇ ਰਹੀਆਂ
ਗੌਰਵਮਈ ਇਤਿਹਾਸ ਪੁਨਰ ਸੁਰਜੀਤ।
ਇਹ “ਰਾਜ ਧ੍ਰੋਹ” ਹੈ,
ਇਤਿਹਾਸ ਦਾ, “ਅਪਮਾਨ” ਹੈ
“ਸਜ਼ਾਏ ਮੌਤ ਹੈ ਇਸ ਦੀ ਸਜ਼ਾ”।



- ਪ੍ਰੋ. ਮੋਹਣ ਸਿੰਘ

ਦੋ ਟੋਟਿਆਂ ਦੇ ਵਿੱਚ ਭੋਂ ਟੁੱਟੀ,
ਇਕ ਮਹਿਲਾਂ ਦਾ ਇਕ ਢੋਕਾਂ ਦਾ
ਦੋ ਧੜਿਆਂ ਵਿਚ ਖ਼ਲਕਤ ਵੰਡੀ
ਇਕ ਲੋਕਾਂ ਦਾ ਇਕ ਜੋਕਾਂ ਦਾ


ਕੋਈ ਵੇਲਾ ਸੀ ਵੰਡਕਾਰਾਂ ਨੇ
ਦੁਨੀਆਂ ਨੂੰ ਪਾੜਿਆ ਵੰਡਿਆ ਸੀ
ਵਿੱਥਾਂ ਤੇ ਵਿੱਥਾਂ ਹੋਰ ਵਧਾ
ਜਨਤਾ ਨੂੰ ਡਾਢਾ ਤਰੁੰਡਿਆਂ ਸੀ

ਕੁਝ ਪਈਆਂ ਵਿੱਥਾਂ ਵਰਨ ਦੀਆਂ
ਕੁਝ ਵਾਹੀਆਂ ਲੀਕਾਂ ਧਰਮ ਦੀਆਂ
ਫਿਰ ਕੰਧਾਂ ਕਰਮ ਕੁਕਰਮ ਦੀਆਂ
ਫਿਰ ਧੁੰਦਾਂ ਅੰਨ੍ਹੇ ਭਰਮ ਦੀਆਂ

ਦ੍ਰਿਸ਼ਟੀ ਚੇਤੰਨ ਰੱਖਣੀ, ਮੱਠਾ ਨਾ ਜੋਸ਼ ਹੋਵੇ

ਯਾਦ ਅਮੁੱਲੀ

ਸਾਡਾ ਜਰਨੈਲ: ਚੰਦਰ ਸ਼ੇਖਰ ਆਜ਼ਾਦ



(ਜਨਮ 23 ਜੁਲਾਈ)

ਗੁਲਾਮੀ ਨੂੰ ਮਾਤ ਦੇਣ ਲਈ ਇਲਾਹਾਬਾਦ ਦੇ ਅਲਫਰੈਂਡ ਪਾਰਕ ਵਿੱਚ ਆਜ਼ਾਦ ਦਾ ਅੰਗਰੇਜ਼ ਪੁਲਿਸ ਨਾਲ ਲੜਦਿਆਂ ਸ਼ਹੀਦ ਹੋ ਜਾਣਾ ਅਚਾਨਕ ਇੱਕ ਘਟਨਾ ਹੀ ਸੀ ਪਰ ਆਪਣੀ ਕਾਲ ਕੋਠੜੀ ਵਿੱਚ ਜਦ ਮੈਂ ਇਹ ਖ਼ਬਰ ਸੁਣੀ ਤਾਂ ਆਜ਼ਾਦ ਦੀ ਇਹ ਗੱਲ ਮੈਨੂੰ ਰਹਿ ਰਹਿ ਕੇ ਯਾਦ ਆਉਣ ਲੱਗੀ। ਜਦ ਉਨ੍ਹਾਂ ਮੈਨੂੰ ਕਿਹਾ ਸੀ, "ਕੈਲਾਸ਼! ਭਗਤ ਸਿੰਘ ਨੂੰ ਤਾਂ ਫਾਂਸੀ ਹੀ ਹੋਵੇਗੀ, ਉਸਨੂੰ ਫਾਂਸੀ ਹੋਣ ਤੋਂ ਪਹਿਲਾਂ ਹੀ ਕੁਝ ਕਰਕੇ ਦਿਖਾਉਣਾ ਹੈ।"

ਉਹਨਾਂ ਦੇ ਜੀਵਨ ਵਿੱਚ ਕੁਰਾਹੇ ਪਈ ਹੋਈ ਅਨਪੜ੍ਹ, ਰੂੜ੍ਹੀਵਾਦੀ ਤੇ ਗ਼ੁਰਬਤ ਦੀ ਸ਼ਿਕਾਰ ਜਨਤਾ ਦੇ ਇੱਕ ਇਨਕਲਾਬੀ ਮਾਰਗ 'ਤੇ ਪੇਸ਼ਕਦਮ ਹੋਣ ਦੀ ਇੱਕ ਸੰਖੇਪ ਮਿਸਾਲ ਸਾਨੂੰ ਮਿਲਦੀ ਹੈ। ਆਜ਼ਾਦ ਦਾ ਜਨਮ ਹੱਦ ਦਰਜੇ ਦੀ ਗਰੀਬੀ, ਅਨਪੜ੍ਹਤਾ, ਅੰਧਵਿਸ਼ਵਾਸ਼ ਤੇ ਧਾਰਮਿਕ ਕੱਟੜਤਾ ਵਿੱਚ ਹੋਇਆ ਸੀ। ਉਹ ਕਿਤਾਬਾਂ ਪੜ੍ਹ ਕੇ ਨਹੀਂ ਸਗੋਂ ਰਾਜਨੀਤਕ ਸੰਘਰਸ਼ ਤੇ ਜੀਵਨ ਸੰਘਰਸ਼ ਵਿੱਚ ਆਪਣੇ ਸਰਗਰਮ ਅਨੁਭਵਾਂ ਤੋਂ ਸਿਖਦੇ ਹੋਏ ਹੀ ਹਿੰਦੁਸਤਾਨ ਸ਼ੋਸ਼ਲਿਸਟ ਰੀਪਬਲਿਕਨ ਆਰਮੀ ਦੇ ਆਗੂ ਬਣੇ। ਜਿਸਦਾ ਮਕਸਦ ਭਾਰਤ ਵਿੱਚ ਧਰਮ ਨਿਰਪੇਖ, ਜਮਾਤ ਰਹਿਤ, ਸਮਾਜਵਾਦੀ, ਪਰਜਾਤੰਤਰ ਦੀ ਸਥਾਪਨਾ ਕਰਨਾ ਸੀ। ਸਮਾਜਵਾਦ ਬਾਰੇ ਜਿਨ੍ਹਾਂ ਗੱਲਾਂ ਨੂੰ ਉਹ ਜਿਸ ਹੱਦ ਤੱਕ ਸਮਝ ਸਕੇ ਸਨ, ਉਸੇ ਨੂੰ ਹੀ ਆਜ਼ਾਦੀ ਦੇ ਉਦੇਸ਼ ਨਾਲ ਜੀਵਨ ਦਾ ਆਦਰਸ਼ ਵੀ ਮੰਨ ਲਿਆ ਸੀ। ਉਹ ਆਪਣੇ ਆਪ ਨੂੰ ਸਮਾਜਵਾਦੀ ਕਹਾਉਣ ਵਿੱਚ ਫ਼ਖ਼ਰ ਮਹਿਸੂਸ ਕਰਦੇ ਸਨ। ਇਸੇ ਆਰਮੀ ਦੇ ਮੁਖੀ ਬਲਰਾਜ ਦੇ ਤੌਰ 'ਤੇ ਉਹ ਪੁਲਿਸ ਨਾਲ ਲੜਦੇ ਹੋਏ ਸ਼ਹੀਦ ਹੋਏ। ਇਸ ਤਰ੍ਹਾਂ ਇਹ ਪੂਰੀ ਤਰਾਂ ਉਚਿਤ ਹੀ ਹੈ ਕਿ ਚੰਦਰ ਸ਼ੇਖ਼ਰ ਆਜ਼ਾਦ ਦਾ ਜੀਵਨ ਅਤੇ ਉਨ੍ਹਾਂ ਦਾ ਨਾਂ ਸਾਮਰਾਜਵਾਦੀ ਜ਼ੁਲਮ ਝੇਲ ਰਹੇ ਅਨਪੜ੍ਹਤਾ, ਅੰਧਵਿਸ਼ਵਾਸ਼ ਤੇ ਧਾਰਮਿਕ ਕੱਟੜਤਾ ਵਿੱਚ ਫਸੀ ਭਾਰਤੀ ਜਨਤਾ ਦੀ ਇਨਕਲਾਬੀ ਚੇਤਨਾ ਦਾ ਪ੍ਰਤੀਕ ਹੋ ਗਿਆ ਹੈ।

ਭਗਵਾਨ ਦਾਸ ਮਹੌਰ

ਮੇਰਾ ਮਿਸ਼ਨ, ਮੇਰਾ ਸਮਰਪਣ



(ਜਨਮ: 19 ਅਗਸਤ)

ਮਿਸ਼ਨ ਜਾਂ ਕੁਮਿੱਟਮੈਂਟ ਦਾ ਪੜਾਅ ਤਾਂ ਉਦੋਂ ਹੀ ਆਇਆ ਜਦ ਮੈਂ ਆਪਣੇ ਨਾਟਕਾਂ ਨੂੰ ਸੁਚੇਤ ਤੌਰ 'ਤੇ ਕਾਲਜਾਂ ਯੂਨੀਵਰਸਿਟੀਆਂ ਦੇ ਤੰਗ ਦਾਇਰੇ ਵਿੱਚੋਂ ਕੱਢ ਕੇ ਇਸਨੂੰ ਪੰਜਾਬ ਦੇ ਪਿੰਡਾਂ ਦੇ ਕਿਰਤੀ ਲੋਕਾਂ ਵਿਚਕਾਰ ਲੈ ਕੇ ਗਿਆ। ਇਹ ਉਤਸ਼ਾਹ ਤੇ ਪ੍ਰੇਰਨਾ ਮੈਂ ਮੋਟੇ ਤੌਰ ਤੇ ਭਾਅ ਗੁਰਸ਼ਰਨ ਸਿੰਘ ਜੀ ਦੇ ਰੰਗਮੰਚ ਨੂੰ ਵੇਖ ਕੇ ਪ੍ਰਾਪਤ ਕੀਤੀ। ਦੂਜੇ, ਇਸ ਮਿਸ਼ਨ ਨਾਲ ਜੁੜਨ ਵਿੱਚ ਪੇਂਡੂ ਕਿਰਤੀ ਕਾਮਿਆਂ ਵੱਲੋਂ ਮੇਰੇ ਨਾਟਕਾਂ ਨੂੰ ਮਿਲੇ ਹੁੰਗਾਰੇ ਦਾ ਵੀ ਵੱਡਾ ਰੋਲ ਸੀ। ਮੈਂ ਲਿਖਦਾ ਵੀ ਉਹਨਾਂ ਬਾਰੇ ਸੀ ਤੇ ਮੋਟੇ ਤੌਰ 'ਤੇ ਕਰਦਾ ਵੀ ਉਨ੍ਹਾਂ ਮੂਹਰੇ ਸੀ। ਇਸ ਤਰ੍ਹਾਂ ਉਹਨਾਂ ਕਿਰਤੀ ਕਾਮਿਆਂ ਮੂਹਰੇ ਉਨ੍ਹਾਂ ਦੀ ਜ਼ਿੰਦਗੀ ਦੇ ਨਾਟਕ ਕਰਦਿਆਂ ਕਰਦਿਆਂ ਮੈਂ ਇਸ ਕਾਰਜ ਪ੍ਰਤੀ ਦਿਨ ਬ ਦਿਨ ਸੰਜੀਦਾ ਵੀ ਹੁੰਦਾ ਗਿਆ ਤੇ ਹੌਲੀ ਹੌਲੀ ਇਸਨੂੰ ਆਪਣਾ ਮਿਸ਼ਨ ਵੀ ਬਣਾ ਬੈਠਾ।

1980 ਤੋਂ ਬਾਅਦ ਇਹ ਕਾਰਜ ਮੈਂ ਮਿਸ਼ਨ ਤੇ ਕੁਮਿੱਟਮੈਂਟ ਅਧੀਨ ਕਰਦਾ ਚਲਿਆ ਆ ਰਿਹਾ ਹਾਂ। ਕਾਮਯਾਬੀ ਕਿੰਨੀ ਕੁ ਹੱਥ ਲੱਗੀ ਹੈ, ਇਸ ਬਾਰੇ ਤਾਂ ਕੁਝ ਨਹੀਂ ਕਹਿ ਸਕਦਾ। ਹਾਂ, ਐਨਾ ਜਰੂਰ ਕਹਿ ਸਕਦਾ ਹਾਂ ਕਿ ਮੈਂ ਓਨਾ ਕੰਮ ਨਹੀਂ ਕਰ ਸਕਿਆ। ਜਿੰਨ੍ਹਾਂ ਕਰਨ ਦੀ ਮਨ ਵਿੱਚ ਰੀਝ ਉੱਠਦੀ ਰਹੀ ਹੈ। ਫਿਰ ਵੀ ਧੰਨ ਨੇ ਮੇਰੇ ਨਾਟਕਾਂ ਦੇ ਪਾਠਕ ਤੇ ਦਰਸ਼ਕ ਜਿੰਨ੍ਹਾਂ ਨੇ ਸੀਮਤ ਸਮਰੱਥਾ ਵਾਲੇ ਮੇਰੇ ਵਰਗੇ ਨਾਟਕਕਾਰ ਨੂੰ ਉਸਦੀ ਸਮਰੱਥਾ ਤੋਂ ਕਿਤੇ ਵੱਧ ਮਾਨਤਾ ਤੇ ਮਾਣ ਸਨਮਾਨ ਬਖਸ਼ਿਆ।

- ਪ੍ਰੋ. ਅਜਮੇਰ ਔਲਖ

ਫਰਜ਼

"ਸਾਡੀ ਕਲਮ ਦਾ ਫ਼ਰਜ਼ ਹੈ ਕਿ ਉਹ ਸੁਹੱਪਣ, ਖ਼ੁਸ਼ੀ ਦੀ ਭਾਲ, ਆਜ਼ਾਦੀ ਤੇ ਦਰਿਆ-ਦਿਲ਼ੀ ਦਾ ਬਿਆਨ ਕਰੇ, ਹਨੇਰੇ ਨੂੰ ਘਟਾਵੇ ਤੇ ਕਦੇ ਨਾ ਡੁੱਬਣ ਵਾਲੇ ਸੂਰਜ ਵਾਂਗ ਚਮਕੇ।"

ਪਾਸਤੋਵਸਕੀ ("ਸੁਨਹਿਰਾ ਗੁਲਾਬ" ਚੋਂ)

ਨ੍ਹੇਰੇ ਜੇ ਦੂਰ ਕਰਨੇ, ਜਗਦੀ ਮਸ਼ਾਲ ਰੱਖਿਓ। ... ਜਸਵਿੰਦਰ ਸਿੰਘ ਰੁਪਾਲ

ਗੁਲਦਸਤਾ

ਇਸ ਜੀਵਨ ਦੇ ਕਈ ਰੰਗ ਨੇ। ਹਰ ਰੰਗ ਦਾ ਆਪਣਾ ਅਸਰ ਹੈ। ਜਿਵੇਂ ਗੁਲਦਸਤੇ ਵਿੱਚ ਵੱਖ ਵੱਖ ਫ਼ੁੱਲਾਂ ਦੇ ਰੰਗ ਉਸਦੀ ਪਹਿਚਾਣ ਬਣਦੇ ਹਨ। ਉਸੇ ਤਰ੍ਹਾਂ ਤਰਕ, ਸਹਿਯੋਗ ਤੇ ਏਕਾ ਜ਼ਿੰਦਗੀ ਦਾ ਗੁਲਦਸਤਾ ਹਨ। **ਤਰਕ**: ਜਿਹੜਾ ਪਰਖ ਪੜਚੋਲ ਨਾਲ ਸੱਚ ਝੂਠ ਦਾ ਨਿਤਾਰਾ ਕਰਦਾ ਹੈ। ਚੇਤਨਾ ਦੀ ਅੱਖ ਨਾਲ ਤੁਰਨ ਦਾ ਬਲ ਬਣਦਾ ਹੈ। **ਸਹਿਯੋਗ**: ਜ਼ਿੰਦਗੀ ਦਾ ਸਾਥ ਹੈ। ਮਿਲ ਕੇ ਮੁਸ਼ਕਲਾਂ ਨੂੰ ਸਰ ਕਰਨ ਦੀ ਤਾਕਤ ਹੈ। **ਏਕਾ**: ਹੱਕਾਂ ਹਿਤਾਂ ਦੇ ਸੰਘਰਸ਼ ਦੀ ਲੋਅ ਹੈ। ਸਫ਼ਲਤਾ ਵੱਲ ਜਾਂਦਾ ਰਾਹ ਹੈ। ਗੁਲਦਸਤੇ ਦੇ ਇਹ ਸ਼ੋਖ ਰੰਗ ਜ਼ਿੰਦਗੀ ਦਾ ਜਲੌਅ ਜਾਪਦੇ ਹਨ ਜਿਹੜੇ ਜਿਉਣਾ ਸਾਰਥਕ ਕਰਦੇ ਹਨ।

ਕੀ ਕਰਨਾ ਲੋੜੀਏ !

ਨਿਊਜ਼ੀਲੈਂਡ ਵਿੱਚ ਵੱਡੀ ਗਿਣਤੀ ਨਾਸਤਿਕ ਲੋਕ ਵਸਦੇ ਹਨ। ਭਾਰਤ ਵਿੱਚ ਵੱਡੀ ਗਿਣਤੀ ਆਸਤਿਕ ਭਾਵ ਰੱਬ ਨੂੰ ਮੰਨਣ ਵਾਲੇ ਲੋਕ ਹਨ ਨਾਸਤਿਕਾਂ ਦੇ ਮੁਲਕ ਨਿਊਜ਼ੀਲੈਂਡ ਵਿੱਚ ਔਸਤਨ ਉਮਰ 83 ਸਾਲ ਹੈ ਅਤੇ ਭਾਰਤ ਵਿੱਚ ਔਸਤਨ ਉਮਰ 69 ਸਾਲ ਹੈ ਜਿੱਥੇ ਲੰਬੀ ਉਮਰ ਲਈ ਪ੍ਰਾਰਥਨਾਵਾਂ ਰੋਜ਼ਾਨਾ ਹੁੰਦੀਆਂ ਹਨ। ਉਹ ਪ੍ਰਾਰਥਨਾਵਾਂ ਕਿੰਨੀਆਂ ਕੁ ਕਾਰਗਾਰ ਹਨ ? ਇਸ ਦਾ ਅੰਦਾਜ਼ਾ ਸਹਿਜੇ ਹੀ ਲੱਗ ਜਾਂਦਾ ਹੈ।

ਸਾਨੂੰ ਕੁੱਝ ਸੋਚ ਵਿਚਾਰ ਕਰਨ ਦੀ ਲੋੜ ਹੈ।ਹੱਥ ਜੋੜਨ ਦੀ ਬਜਾਏ ਹੱਥ ਖੋਲ੍ਹ ਕੇ ਕੁੱਝ ਕਰਨ ਦੀ ਲੋੜ ਹੈ। ਸਿਰ ਝੁਕਾਉਣ ਦੀ ਜਗ੍ਹਾ ਸਿਰ ਉਠਾਉਣ ਅਤੇ ਚਲਾਉਣ ਦੀ ਲੋੜ ਹੈ। ਕਿਸਮਤ ’ਤੇ ਯਕੀਨ ਕਰਨ ਦੀ ਜਗ੍ਹਾ ਕਿਸਮਤ ਬਦਲਣ ਦੀ ਲੋੜ ਹੈ। ਅਖੌਤੀ ਸ਼ਾਂਤੀ ਭਾਲਣ ਦੀ ਜਗ੍ਹਾ ਸ਼ਾਂਤੀ ਰੱਖਣ ਦੀ ਲੋੜ ਹੈ। ਭਲਾ ਮੰਗਣ ਦੀ ਬਜਾਏ ਭਲਾ ਕਰਨ ਦੀ ਲੋੜ ਹੈ । **ਅਵਤਾਰ ਤਰਕਸ਼ੀਲ, ਨਿਊਜ਼ੀਲੈਂਡ**

ਜੀਵਨ ਦਾ ਉਦੇਸ਼

ਜੀਵਨ ਦਾ ਉਦੇਸ਼ ਮਨ ਨੂੰ ਕਾਬੂ ਕਰਨਾ ਨਹੀ ਸਗੋਂ ਉਸਦਾ ਠੀਕ ਵਿਕਾਸ ਕਰਨਾ ਹੈ। ਮਰਨ ਤੋ ਬਾਅਦ ਮੁਕਤੀ ਪ੍ਰਾਪਤ ਕਰਨਾ ਨਹੀ ਸਗੋ ਇਸ ਸੰਸਾਰ ਵਿੱਚ ਹੀ ਉਸਦਾ ਸਭ ਤੋ ਵਧੀਆਂ ਇਸਤੇਮਾਲ ਕਰਨਾ ਹੈ, ਕੇਵਲ ਧਿਆਨ ਵਿੱਚ ਹੀ ਨਹੀ ਬਲਕਿ ਰੋਜ਼ਾਨਾ ਜੀਵਨ ਦੇ ਯਥਾਰਥ ਅਨੁਭਵ ਵਿੱਚ ਵੀ ਸੱਚ, ਚੰਗਿਆਈ ਅਤੇ ਸੁੰਦਰਤਾ ਨੂੰ ਪ੍ਰਤੱਖ ਕਰਨਾ ਹੈ।

ਸ਼ਹੀਦ ਖ਼ੁਦੀ ਰਾਮ ਬੋਸ

11 ਅਗਸਤ 1908 ਨੂੰ ਮੁਜ਼ੱਫਰਪੁਰ ਕਾਂਸੀਪੀਰੈਂਸੀ (ਸਾਜ਼ਿਸ਼) ਕੇਸ ਅਧੀਨ ਸ਼ਹਾਦਤ ਦਾ ਜਾਮ ਪੀਣ ਵਾਲੇ ਖ਼ੁਦੀ ਰਾਮ ਬੋਸ ਛੋਟੀ ਉਮਰ ਦੇ ਸ਼ਹੀਦ ਬਣੇ। ਉਹ ਪੱਛਮੀ ਬੰਗਾਲ ਦੇ ਸ਼ਹਾਦਤ ਦਾ ਜਾਮ ਪੀਣ ਵਾਲੇ ਪਹਿਲੇ ਦੇਸ਼ ਭਗਤ ਸਨ। ਫਾਂਸੀਂ ਤੇ ਚੜ੍ਹਨ ਵੇਲੇ ਬੋਸ ਦੀ ਉਮਰ 18 ਸਾਲ 8 ਮਹੀਨੇ ਤੇ 11 ਦਿਨ ਸੀ। ਜੁਆਨ ਉਮਰੇ ਆਜ਼ਾਦੀ ਲਈ ਫਾਂਸੀਆਂ ’ਤੇ ਝੂਲਣ ਵਾਲਿਆਂ ਨੇ ਹੱਕ, ਸੱਚ, ਇਨਸਾਫ਼ ਤੇ ਬਰਾਬਰੀ ਵਾਲੇ ਨਿਜ਼ਾਮ ਲਈ ਕੁਰਬਾਨੀਆਂ ਦਿੱਤੀਆਂ ਸਨ। ਅਜਿਹੇ ਦੇਸ਼ ਭਗਤਾਂ ਦੇ ਸੁਪਨਿਆਂ ਦਾ ਦੇਸ਼ ਬਣਾਉਣਾ ਤੇ ਕੁਰਬਾਨੀਆਂ ਦਾ ਕਰਜ਼ ਚੁਕਾਉਣਾ ਅਜੇ ਬਾਕੀ ਹੈ।



ਸੱਚੇ ਬੋਲ

ਸੁਣੀ ਕਿਸਾਨਾਂ, ਸੁਣੀ ਕਾਮਿਆਂ.
ਵੋਟਾਂ ਭੱਜ ਭੱਜ ਪਾਈਆਂ. .!
“ਮੋਹਣੇ” ਦੀ ਥਾਂ “ਮੋਦੀ” ਆਇਆ।
‘ਖੂਹ ਪੁਟਦਿਆਂ ਨੂੰ ਖਾਈਆਂ’ !
ਆਇਆ ਬਣਕੇ ‘ਮੌਤ ਸੌਦਾਗਰ’
ਦਿੰਦੇ ਫਿਰਨ ਵਧਾਈਆਂ. .!
ਜ਼ਿੰਦਗੀ ਨੂੰ ਬਦਰੰਗੀ ਕਰਦੇ
ਖੁਦਕਸ਼ੀਆਂ ਗਲ ਫਾਈਆਂ ..!
ਪੀਂਘ ਹੁਲਾਰੇ ਖੁਦਕੁਸ਼ੀਆਂ ਕਿਉ
ਸਾਡੇ ਹਿੱਸੇ ਆਈਆਂ..!
ਕੈਂਸਰ, ਕਰਜ਼ਾ, ਬੇਰੋਜ਼ਗਾਰੀ
ਇਹਨਾਂ ਜੜ੍ਹਾਂ ਫੈਲਾਈਆਂ !
ਝੋਟਿਆਂ ਦੇ ਘਰੋਂ ਭਾਲਦੇ ਲੱਸੀ
ਖਾ ਗਏ ਦੁੱਧ ਮਲਾਈਆਂ...!
ਹੱਕੀ ਜੰਗ ਨੂੰ ਤੇਜ਼ ਕਰਦੀਏ
ਸੋਚਾਂ ਸਾਣ ’ਤੇ ਲਾਈਆਂ !
ਜਾਗੇ, ਜੁੜੇ ਲੋਕਾਂ ਨੇ,
ਵਾਹਣੀ ਹਕੂਮਤਾਂ ਪਾਈਆਂ...!



ਜਗਸੀਰ ਜੀਦਾ
(94173-33203)



ਬਾਲ ਪੰਨਾ



-ਬੂਟਾ ਸਿੰਘ ਵਾਕਫ਼

ਮਧੂ ਮੱਖੀਆਂ

ਮਹਾਨ ਵਿਗਿਆਨੀ ਐਲਬਰਟ ਆਈਨਸਟਾਈਨ ਦਾ ਕਥਨ ਹੈ: ਜੇਕਰ ਮਧੂ ਮੱਖੀਆਂ ਧਰਤੀ ਤੋਂ ਅਲੋਪ ਹੋ ਜਾਣ, ਤਾਂ ਮਨੁੱਖ ਆਪਣੇ ਜੀਵਨ ਦੇ ਬਾਕੀ ਰਹਿੰਦੇ ਸਾਲਾਂ ਦੀ ਗਿਣਤੀ ਕਰ ਲਵੇ, ਕਿਉਂਕਿ ਮਧੂ ਮੱਖੀਆਂ ਤੋਂ ਬਿਨਾਂ ਕਿਸੇ ਪਰਾਗ, ਕਿਸੇ ਘਾਹ, ਕਿਸੇ ਜਾਨਵਰ, ਕਿਸੇ ਦਾ ਧਰਤੀ 'ਤੇ ਰਹਿਣਾ ਸੰਭਵ ਨਹੀਂ...।



ਸਪਸ਼ਟ ਹੈ ਕਿ ਮਧੂ-ਮੱਖੀਆਂ ਦੁਆਰਾ ਕੀਤੀ ਜਾਣ ਵਾਲੀ ਪਰਾਗਣ ਕਿਰਿਆ ਰਾਹੀਂ ਫਸਲਾਂ ਪਕਦੀਆਂ ਹਨ ਅਤੇ ਪਰਾਗਣ ਦੀ ਇਹ ਕਿਰਿਆ ਮਨੁੱਖ ਦਾ ਪੇਟ ਭਰਨ ਵਿਚ ਅਸਿੱਧੇ ਤੌਰ 'ਤੇ ਸਹਾਇਕ ਹੁੰਦੀ ਹੈ। ਸ਼ਹਿਦ ਦੀਆਂ ਮੱਖੀਆਂ ਵੱਖ ਵੱਖ ਕਿਸਮਾਂ ਦੀਆਂ ਫ਼ਸਲਾਂ, ਫਲਾਂ ਅਤੇ ਸਬਜ਼ੀਆਂ ਨੂੰ ਪਰਾਗਿਤ ਕਰਕੇ ਉਤਪਾਦਨ ਕਰਨ ਲਈ ਜਿੰਮੇਵਾਰ ਕਾਰਕ ਬਣਦੀਆਂ ਹਨ। ਇਸ ਤਰ੍ਹਾਂ ਹੀ ਮਧੂ ਮੱਖੀਆਂ ਜੰਗਲੀ ਪੌਦਿਆਂ ਨੂੰ ਪਰਾਗਿਤ ਕਰਕੇ ਜੈਵ ਨੂੰ ਬਰਕਰਾਰ ਰੱਖਣ ਅਤੇ ਵਾਤਾਵਰਣ ਸੰਤੁਲਨ ਬਣਾਈ ਰੱਖਣ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।


ਮਧੂ ਮੱਖੀ ਦੀਆਂ ਕਿਸਮਾਂ : ਸ਼ਹਿਦ ਦੇ ਇੱਕ ਛੱਤੇ ਵਿਚ 20 ਤੋਂ 80 ਹਜ਼ਾਰ ਮਧੂ ਮੱਖੀਆਂ ਹੋ ਸਕਦੀਆਂ ਹਨ। ਛੱਤੇ ਦੇ ਜੀਵਨ ਨੂੰ ਮੱਖੀਆਂ ਨੇ ਤਰਤੀਬਵਾਰ ਕੀਤਾ ਹੁੰਦਾ ਹੈ। ਮੁੱਖ ਤੌਰ 'ਤੇ ਮਧੂ ਮੱਖੀਆਂ ਦੋ ਕਿਸਮ ਦੀਆਂ ਹੁੰਦੀਆਂ ਹਨ। ਇੱਕ ਨਰ ਤੇ ਦੂਜਿਆਂ ਮਾਦਾ ਮੱਖੀਆਂ। ਮਾਦਾ ਮੱਖੀਆਂ ਅੱਗੇ ਦੋ ਕਿਸਮ ਦੀਆਂ ਹਨ। ਇੱਕ ਰਾਣੀ ਮੱਖੀ ਅਤੇ ਦੂਜੀ ਕਾਮਾ ਮੱਖੀ। ਨਰ ਇੱਕ ਕਿਸਮ ਦੇ ਹੁੰਦੇ ਹਨ ਜਿਨ੍ਹਾਂ ਨੂੰ ਡ੍ਰੋਨਜ਼ ਕਿਹਾ ਜਾਂਦਾ ਹੈ।

ਰਾਣੀ ਮੱਖੀ : ਪਰਿਵਾਰ ਦੀ ਮੁਖੀ ਨੂੰ ਰਾਣੀ ਮੱਖੀ ਕਿਹਾ ਜਾਂਦਾ ਹੈ। ਹਰ ਛੱਤੇ ਵਿਚ ਇੱਕ ਰਾਣੀ ਮੱਖੀ ਹੁੰਦੀ ਹੈ। ਇਸ ਦੀ ਉਮਰ ਚਾਰ ਤੋਂ ਪੰਜ ਸਾਲ ਤੱਕ ਹੁੰਦੀ ਹੈ। ਇਸ ਦਾ ਮੁੱਖ ਕੰਮ ਅੰਡੇ ਦੇਣਾ ਹੁੰਦਾ ਹੈ। ਇਹ ਇੱਕ ਦਿਨ ਵਿੱਚ 1500 ਤੋਂ 2,000 ਦੇ ਕਰੀਬ ਅਤੇ ਪੂਰੀ ਜ਼ਿੰਦਗੀ ਵਿੱਚ 10 ਲੱਖ ਤੋਂ ਵਧੇਰੇ ਅੰਡੇ ਦਿੰਦੀ ਹੈ। ਇਹ ਆਕਾਰ ਵਿੱਚ ਦੂਜੀਆਂ ਮੱਖੀਆਂ ਤੋਂ ਵੱਡੀ ਹੁੰਦੀ ਹੈ। ਆਪਣੇ ਆਕਾਰ ਸਦਕਾ ਇਹ ਆਸਾਨੀ ਨਾਲ ਪਛਾਣੀ ਜਾ ਸਕਦੀ ਹੈ। ਰਾਣੀ ਮੱਖੀ ਇੱਕ ਖ਼ਾਸ ਰਸਾਇਣ ਛੱਡਦੀ ਹੈ ਜਿਸ ਨਾਲ ਉਹ ਛੱਤੇ ਦੇ ਕੰਮ ਨੂੰ ਨਿਯਮਿਤ ਕਰਦੀ ਹੈ। ਜਦੋਂ ਉਹ ਬੁੱਢੀ ਹੋ ਜਾਂਦੀ ਹੈ ਅਤੇ ਰਸਾਇਣ ਦਾ ਨਿਰਮਾਣ ਪੂਰੀ ਤਰ੍ਹਾਂ ਨਹੀਂ ਕਰ ਪਉਂਦੀ ਤਾਂ ਕਰਮਚਾਰੀ ਮੱਖੀਆਂ ਉਸ ਨੂੰ ਮਾਰ ਕੇ ਲਾਰਵਾ ਵਿੱਚੋਂ ਹੋਰ ਰਾਣੀ ਮੱਖੀ ਤਿਆਰ ਕਰ ਲੈਂਦੀਆਂ ਹਨ। ਰਾਣੀ ਮੱਖੀ ਨੂੰ ਇੱਕ ਖ਼ਾਸ ਪਦਾਰਥ ਖਾਣ ਲਈ ਦਿੱਤਾ ਜਾਂਦਾ ਹੈ ਜਿਸ ਨੂੰ ਰਾਇਲ ਜੈਲੀ ਕਹਿੰਦੇ ਹਨ। ਇਹ ਦੁੱਧ ਵਰਗਾ ਪਦਾਰਥ ਹੁੰਦਾ ਹੈ। ਬਾਕੀ ਸਾਰੀਆਂ ਮੱਖੀਆਂ ਰਾਣੀ ਮੱਖੀ ਦੀ ਸਹਾਇਤਾ ਲਈ ਉਸ ਦੇ ਦੁਆਲੇ ਰਹਿੰਦੀਆਂ ਹਨ।



ਡ੍ਰੋਨਜ਼ : ਮਧੂ ਮੱਖੀ ਦੇ ਸਭ ਤੋਂ ਸੁਸਤ ਸਾਥੀ ਹਨ ਡ੍ਰੋਨਜ਼, ਜੋ ਸਾਰਾ ਦਿਨ ਛੱਤੇ ਚ ਹੀ ਰਹਿੰਦੇ ਹਨ। ਇਨ੍ਹਾਂ ਦੀ ਜ਼ਿੰਦਗੀ 24 ਦਿਨ ਤੱਕ ਦੀ ਹੁੰਦੀ ਹੈ। ਇਨ੍ਹਾਂ ਦੇ ਡੰਗ ਨਹੀਂ ਹੁੰਦਾ। ਇਨ੍ਹਾਂ ਦਾ ਕੰਮ ਸਿਰਫ਼ ਰਾਣੀ ਮੱਖੀ ਨੂੰ ਅੰਡੇ ਦੇਣ ਵਿੱਚ ਮਦਦ ਕਰਨਾ ਹੁੰਦਾ ਹੈ। ਛੱਤੇ ਵਿੱਚ ਇਨ੍ਹਾਂ ਦੀ ਗਿਣਤੀ ਕੁੱਲ ਮੱਖੀਆਂ ਦੇ ਮੁਕਾਬਲੇ ਕਰੀਬ 15 ਪ੍ਰਤੀਸ਼ਤ ਤੱਕ ਹੀ ਹੁੰਦੀ ਹੈ।

ਕਾਮਾ ਮਧੂ : ਜਿਵੇਂ ਕਿ ਨਾਂ ਤੋਂ ਹੀ ਸਪਸ਼ਟ ਹੈ ਕਿ ਇਨ੍ਹਾਂ ਦਾ ਮੁੱਖ ਕੰਮ ਛੱਤੇ ਨਾਲ ਸਬੰਧਤ ਸਾਰੇ ਕੰਮ ਕਰਨੇ ਹੁੰਦੇ ਹਨ। ਕਾਮਾ ਮੱਖੀਆਂ ਦੂਰ ਦੁਰਾਡੇ ਤੱਕ ਜਾ ਕੇ ਫੁੱਲਾਂ ਚੋਂ ਰਸ ਇਕੱਠਾ ਕਰਦੀਆਂ ਹਨ। ਕਾਮਾ ਮਧੂ ਮੱਖੀ ਭੋਜਨ ਦੀ ਤਲਾਸ਼ ਵਿਚ 14 ਕਿਲੋਮੀਟਰ ਤੱਕ ਦਾ ਸਫਰ ਤੈਅ ਕਰ ਸਕਦੀ ਹੈ। ਇਨ੍ਹਾਂ ਦੀ ਉੱਡਣ ਦੀ ਸਧਾਰਨ ਗਤੀ 24 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ। ਕਾਮਾ ਮੱਖੀਆਂ ਅਕਾਰ ਵਿੱਚ ਛੋਟੀਆਂ ਹੁੰਦੀਆਂ ਹਨ। ਇਨ੍ਹਾਂ ਦੀ ਉਮਰ ਕਰੀਬ ਛੇ ਹਫ਼ਤੇ ਹੁੰਦੀ ਹੈ। ਜਦੋਂ ਇਹ ਕਿਸੇ ਨੂੰ ਡੰਗ ਮਾਰਦੀਆਂ ਹਨ ਤਾਂ ਮਰ ਜਾਂਦੀਆਂ ਹਨ। ਛੱਤੇ ਦੇ ਰੱਖ ਰਖਾਵ ਦੇ ਸਾਰੇ ਕੰਮ ਜਿਵੇਂ ਛੱਤੇ ਦੀ ਸਫ਼ਾਈ ਕਰਨੀ ਅਤੇ ਮੁਰੰਮਤ ਕਰਨਾ, ਛੱਤੇ ਨੂੰ ਠੰਢਾ ਰੱਖਣਾ, ਛੱਤੇ ਦੀ ਨਿਗਰਾਨੀ ਕਰਨਾ, ਲਾਰਵੇ ਦਾ ਪਾਲਣ ਪੋਸ਼ਣ ਕਰਨਾ, ਰਾਣੀ ਮੱਖੀ ਦੀ ਸੇਵਾ ਤੇ ਖਾਣ ਪੀਣ ਅਤੇ ਸ਼ਹਿਦ ਇਕੱਠਾ



ਕਰਨ ਦਾ ਸਭ ਕੰਮ ਸਿਰਫ਼ ਕਾਮਾ ਮੱਖੀਆਂ ਹੀ ਕਰਦੀਆਂ ਹਨ। ਕਾਮਾ ਮੱਖੀਆਂ ਸਭ ਤੋਂ ਵੱਧ ਕੰਮ ਕਰਨ ਦੀ ਸ੍ਰੇਣੀ ਵਿਚ ਆਉਂਦੀਆਂ ਹਨ।


ਮਧੂ ਮੱਖੀਆਂ ਸ਼ਹਿਦ ਕਿਵੇਂ ਬਣਾਉਂਦੀਆਂ ਹਨ ? :

ਮਧੂ ਮੱਖੀਆਂ ਆਪਣੀਆਂ ਸੂਖਮ ਤੇ ਬਰੀਕ ਪਾਈਪ ਨੁਮਾ ਜੀਭ ਨਾਲ ਫੁੱਲਾਂ ਵਿਚੋਂ ਰਸ ਚੂਸਦੀਆਂ ਹਨ। ਇਸ ਉਪਰੰਤ ਉਹ ਇਸ ਸ਼ਹੀਦ ਨੂੰ ਆਪਣੇ ਸਰੀਰ ਵਿਚ ਬਣੀ ਸ਼ਹਿਦ ਥੈਲੀ ਵਿਚ ਰੱਖ ਕੇ ਛੱਤੇ ਤੱਕ ਲੈ ਆਉਂਦੀਆਂ ਹਨ। ਫਿਰ ਉਹ ਇਹ ਰਸ ਦੂਸਰੀਆਂ ਮਧੂ ਮੱਖੀਆਂ ਨੂੰ ਦੇ ਦਿੰਦੀਆਂ ਹਨ ਜੋ ਇਸ ਨੂੰ ਤਕਰੀਬਨ ਅੱਧੇ ਘੰਟੇ ਤਕ "ਚਬਾਉਂਦੀਆਂ" ਹਨ। ਮਧੂ ਮੱਖੀ ਦੇ ਮੂੰਹ ਦੀਆਂ ਗ੍ਰੰਥੀਆਂ ਵਿਚ ਐਨਜ਼ਾਈਮ (ਰਸਾਇਣਕ ਖ਼ਮੀਰ) ਹੁੰਦੇ ਹਨ ਜੋ ਕਿ ਚਬਾਉਂਦੇ ਵੇਲੇ ਰਸ ਵਿਚ ਮਿਲ ਜਾਂਦੇ ਹਨ। ਫਿਰ ਉਹ ਇਸ ਨੂੰ ਛੱਤੇ ਦੇ ਛੇ ਭੁਜ ਆਕਾਰ ਦੇ ਖਾਨਿਆਂ ਵਿਚ ਰੱਖ ਦਿੰਦੀਆਂ ਹਨ ਅਤੇ ਆਪਣੇ ਪਰਾਂ ਨਾਲ ਹਵਾ ਝੱਲ ਕੇ ਇਸ ਨੂੰ ਸੁਕਾਉਂਦੀਆਂ ਹਨ। ਜਦੋਂ ਸ਼ਹਿਦ ਵਿਚ ਪਾਣੀ ਦੀ ਮਾਤਰਾ 18 ਪ੍ਰਤਿਸ਼ਤ ਤੋਂ ਵੀ ਘੱਟ ਰਹਿ ਜਾਂਦੀ ਹੈ, ਤਾਂ ਖਾਨਿਆਂ ਨੂੰ ਮੋਮ ਦੀ ਇਕ ਪਤਲੀ ਪਰਤ ਨਾਲ ਬੰਦ ਕਰ ਦਿੱਤਾ ਜਾਂਦਾ ਹੈ। ਖਾਨਿਆਂ ਵਿਚ ਬੰਦ ਹੋਇਆ ਸ਼ਹਿਦ ਅਨਿਸ਼ਚਿਤ ਸਮੇਂ ਤੱਕ ਸੁਰੱਖਿਅਤ ਰਹਿ ਸਕਦਾ ਹੈ।



ਕੀ ਮਧੂ ਮੱਖੀਆਂ ਸਾਡੇ ਖਾਣ ਲਈ ਸ਼ਹਿਦ ਬਣਾਉਂਦੀਆਂ ਹਨ ?

– ਨਹੀਂ, ਸ਼ਹਿਦ ਤਾਂ ਮਧੂ ਮੱਖੀਆਂ ਦਾ ਭੋਜਨ ਹੈ। ਸਰਦੀਆਂ ਦੇ ਮੌਸਮ ਵਿਚ ਅਨੇਕਾਂ ਕੀਟ ਪਤੰਗਿਆਂ ਵਾਂਗ ਮਧੂ ਮੱਖੀਆਂ ਵੀ ਆਪਣੇ ਟਿਕਾਣਿਆਂ ਵਿਚ ਹੀ ਰਹਿੰਦੀਆਂ ਹਨ। ਸਰਦੀ ਦਾ ਮੌਸਮ ਲੰਘਾਉਣ ਲਈ ਛੱਤੇ ਦੇ ਆਕਾਰ ਮੁਤਾਬਕ ਮਧੂ ਮੱਖੀਆਂ ਨੂੰ ਕਰੀਬ 10 ਤੋਂ 15 ਕਿਲੋ ਸ਼ਹਿਦ ਦੀ ਲੋੜ ਪੈਂਦੀ ਹੈ। ਅਨੁਕੂਲ ਮੌਸਮ ਵਿਚ ਮਧੂ ਮੱਖੀਆਂ ਆਪਣੇ ਛੱਤੇ ਵਿਚ 25 ਕਿਲੋ ਤੱਕ ਸ਼ਹਿਦ ਵੀ ਇਕੱਠਾ ਕਰ ਲੈਂਦੀਆਂ ਹਨ। ਬਹੁਤੀ ਵਾਰ ਮਧੂ ਮੱਖੀਆਂ ਦੁਆਰਾ ਸਖ਼ਤ ਮਿਹਨਤ ਨਾਲ ਇੱਕਤਰ ਕੀਤੇ ਸ਼ਹਿਦ ਦੀ ਵਰਤੋਂ ਮਨੁੱਖ ਖੁਦ ਖਾਣ ਲਈ ਵਰਤਦਾ ਹੈ। ਇਸ ਮਕਸਦ ਦੀ ਪੂਰਤੀ ਲਈ ਅੱਜਕਲ੍ਹ ਮਧੂ ਮੱਖੀ ਪਾਲਣ ਦਾ ਕਿੱਤਾ ਵੱਡੇ ਪੱਧਰ 'ਤੇ ਇੱਕ ਕਾਰੋਬਾਰ ਵਜੋਂ ਅਪਣਾਇਆ ਜਾ ਰਿਹਾ ਹੈ। ਏਦਾਂ ਇਹ ਕਾਰੋਬਾਰ ਆਮਦਨ ਦਾ ਸੋਮਾ ਵੀ ਹੈ।



ਮਧੂ ਮੱਖੀਆਂ ਦਾ ਛੱਤਾ: ਮਧੂ ਮੱਖੀਆਂ ਆਪਣਾ ਛੱਤਾ ਬਣਾਉਣ ਲਈ ਆਪਣੇ ਸਰੀਰ ਦੀਆਂ ਗ੍ਰੰਥੀਆਂ ਵਿੱਚੋਂ ਨਿਕਲਦੇ ਮੋਮ ਦੀ ਵਰਤੋਂ ਕਰਦੀਆਂ ਹਨ। ਇਹ ਗ੍ਰੰਥੀਆਂ ਮਧੂ ਮੱਖੀ ਦੇ ਪੇਟ ਦੇ ਹੇਠਲੇ ਪਾਸੇ ਹੁੰਦੀਆਂ ਹਨ। ਮਧੂ ਮੱਖੀ ਦੇ ਛੱਤੇ ਨੂੰ ਇੰਜੀਨੀਅਰੀ ਦਾ ਬੇਮਿਸਾਲ ਨਮੂਨਾ ਮੰਨਿਆ ਜਾਂਦਾ ਹੈ। ਸਦੀਆਂ ਤੋਂ ਗਣਿਤ ਸ਼ਾਸਤਰੀ ਸੋਚਦੇ ਆਏ ਹਨ ਕਿ ਕਿਸੇ ਚੀਜ਼ ਨੂੰ ਭਾਗਾਂ ਵਿਚ ਵੰਡਣ ਲਈ ਛੇ ਭੁਜ ਆਕਾਰ ਇੱਕੋ ਜਿਹੀ ਲੰਬਾਈ ਚੁੜਾਈ ਵਾਲੇ ਤਿਕੋਣੇ ਜਾਂ ਚਕੋਣੇ ਜਾਂ ਕਿਸੇ ਹੋਰ ਆਕਾਰ ਨਾਲੋਂ ਜ਼ਿਆਦਾ ਬਿਹਤਰ ਹੁੰਦਾ ਹੈ। ਛੇ ਭੁਜ ਆਕਾਰ ਵਰਤ ਕੇ ਕਿਸੇ ਜਗ੍ਹਾ ਦਾ ਜ਼ਿਆਦਾ ਤੋਂ ਜ਼ਿਆਦਾ ਇਸਤੇਮਾਲ ਕੀਤਾ ਜਾ ਸਕਦਾ ਹੈ ਅਤੇ ਇਸ ਨੂੰ ਬਣਾਉਣ ਲਈ ਘੱਟ ਸਮੱਗਰੀ ਦੀ ਲੋੜ ਪੈਂਦੀ ਹੈ। ਸਾਲ 1999 ਵਿਚ ਪ੍ਰੋਫ਼ੈਸਰ ਟੌਮਸ ਹੇਲਸ ਨੇ ਗਣਿਤ ਦੇ ਆਧਾਰ 'ਤੇ ਇਹ ਸਬੂਤ ਦਿੱਤਾ ਕਿ ਛੇ ਭੁਜ ਆਕਾਰ ਕਿਸੇ ਹੋਰ ਆਕਾਰ ਨਾਲੋਂ ਜ਼ਿਆਦਾ ਫ਼ਾਇਦੇਮੰਦ ਕਿਉਂ ਹੁੰਦਾ ਹੈ। ਉਸ ਨੇ ਦਿਖਾਇਆ ਕਿ ਛੇ ਭੁਜ ਆਕਾਰ ਵਾਲੇ ਖਾਨੇ ਇਕ ਦੂਜੇ ਨਾਲ ਇੰਨੀ ਮਜ਼ਬੂਤੀ ਨਾਲ ਜੁੜੇ ਹੁੰਦੇ ਹਨ ਕਿ ਉਨ੍ਹਾਂ ਨੂੰ ਬਹੁਤ ਘੱਟ ਸਹਾਰੇ ਦੀ ਲੋੜ ਪੈਂਦੀ ਹੈ ਅਤੇ ਇਹ ਆਕਾਰ ਕਿਸੇ ਜਗ੍ਹਾ ਨੂੰ ਇਕ ਸਮਾਨ ਭਾਗਾਂ ਵਿਚ ਵੰਡਣ ਦਾ ਸਭ ਤੋਂ ਵਧੀਆ ਤਰੀਕਾ ਹੈ।

ਛੇ ਭੁਜ ਵਾਲੇ ਖਾਨੇ ਵਰਤ ਕੇ ਮਧੂ-ਮੱਖੀਆਂ ਪੂਰੀ ਜਗ੍ਹਾ ਦਾ ਬਹੁਤ ਵਧੀਆ ਇਸਤੇਮਾਲ ਕਰ ਸਕਦੀਆਂ ਹਨ। ਇਸ ਤਰੀਕੇ ਨਾਲ ਬਣਾਇਆ ਛੱਤਾ ਭਾਰ ਵਿਚ ਹਲਕਾ, ਪਰ ਮਜ਼ਬੂਤ ਹੁੰਦਾ ਹੈ। ਹਰ ਖਾਨਾ ਬਣਾਉਣ ਲਈ ਮਧੂ ਮੱਖੀਆਂ ਘੱਟ ਮੋਮ ਵਰਤਦੀਆਂ ਹਨ ਅਤੇ ਜ਼ਿਆਦਾ ਤੋਂ ਜ਼ਿਆਦਾ ਸ਼ਹਿਦ ਜਮਾ ਕਰ ਪਾਉਂਦੀਆਂ ਹਨ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਮਧੂ ਮੱਖੀਆਂ ਦੇ ਛੱਤੇ ਨੂੰ ਬਿਲਡਿੰਗ ਬਣਾਉਣ ਦਾ ਬਿਹਤਰੀਨ ਨਮੂਨਾ ਕਿਹਾ ਜਾਂਦਾ ਹੈ।



ਸਿੱਖਿਆ : ਮਧੂ-ਮੱਖੀਆਂ ਤੋਂ ਸਾਨੂੰ ਇਹ ਸਿੱਖਿਆ ਵੀ ਮਿਲਦੀ ਹੈ ਕਿ ਏਕਤਾ ਵਿੱਚ ਬਲ ਹੁੰਦਾ ਹੈ। ਕਈ ਵਾਰ ਇਕੱਲਿਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਆਸਾਨ ਨਹੀਂ ਹੁੰਦਾ। ਜੇਕਰ ਮਧੂ ਮੱਖੀਆਂ ਵਾਂਗ ਇਕੱਠੇ ਹੋ ਇੱਕ ਗਰੁੱਪ ਵਿੱਚ ਕੰਮ ਕੀਤਾ ਜਾਵੇ ਤਾਂ ਹਰ ਮੁਸ਼ਕਿਲ ਦਾ ਹੱਲ ਸੰਭਵ ਹੋ ਸਕਦਾ ਹੈ।

98762 24461

ਕੀ ਮਨੁੱਖ ਦੇ ਪੂਰਵਜ ਬਾਂਦਰ ਹਨ ?



ਡਾ. ਯੋਧਾ ਸਿੰਘ

ਜਦੋਂ ਵੀ ਵਿਗਾਸ ਦੀ ਗੱਲ ਚਲਦੀ ਹੈ ਤਾਂ ਮਨੁੱਖ ਦੀ ਉਤਪਤੀ ਅਤੇ ਵਿਕਾਸ ਨਾਲ ਸਬੰਧਿਤ ਅਲੱਗ-ਅਲੱਗ ਤਰ੍ਹਾਂ ਦੇ ਤਰਕ ਸਾਹਮਣੇ ਰੱਖੇ ਜਾਂਦੇ ਹਨ ਜਿਨ੍ਹਾਂ 'ਚੋਂ ਸਭ ਤੋਂ ਉੱਪਰ ਇਹ ਰੱਖਿਆ ਜਾਂਦਾ ਹੈ ਕਿ ਜੇਕਰ ਮਨੁੱਖ ਬਾਂਦਰ ਤੋਂ ਬਣੇ ਹਨ ਤਾਂ ਇਹ ਅੱਜ ਕਿਉਂ ਨਹੀਂ ਬਣ ਰਹੇ ? ਜਾਂ ਫਿਰ ਕਹਿ ਦਿੱਤਾ ਜਾਂਦਾ ਹੈ ਕਿ ਸਾਰੇ ਬਾਂਦਰ ਮਨੁੱਖ ਕਿਉਂ ਨਹੀਂ ਬਣੇ ? ਇਹ ਬਾਂਦਰ ਬਾਂਦਰ ਹੀ ਕਿਉਂ ਰਹਿ ਗਏ ? ਇਹਨਾਂ ਸਵਾਲਾਂ ਉੱਤੇ ਸੋਚਣਾ ਬੜਾ ਵਾਜਬ ਹੈ ਪਰ ਉਪਰੋਕਤ ਸਵਾਲਾਂ ਨੂੰ ਮੁੱਢੋ ਹੀ ਰੱਦ ਕਰਨ ਲਈ ਸਭ ਤੋਂ ਪਹਿਲਾਂ ਇਹ ਸਮਝ ਲੈਣਾ ਬਹੁਤ ਜਰੂਰੀ ਹੈ, ਕਿ ਮਨੁੱਖ ਬਾਂਦਰ ਤੋਂ ਵਿਕਸਤ ਨਹੀਂ ਹੋਇਆ ਹੈ, ਇਸ ਲਈ ਜਿੱਥੇ ਉਪਰੋਕਤ ਦੋਨਾਂ ਸਵਾਲਾਂ ਦਾ ਤਰਕ ਗਲਤ ਹੈ ਤਾਂ ਉਸ ਤੋਂ ਵੀ ਪਹਿਲਾਂ ਇਹ ਕਹਿਣ ਵਾਲ਼ੇ ਗਲਤ ਧਾਰਨਾ ਦਾ ਸ਼ਿਕਾਰ ਹਨ ਕਿ ਮਨੁੱਖ ਬਾਂਦਰ ਤੋਂ ਵਿਕਸਤ ਹੋਏ ਹਨ।

ਇਸ ਲਈ ਹੁਣ ਅਸੀਂ ਇਸ ਲੇਖ ਰਾਹੀ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਜੇਕਰ ਬਾਂਦਰ ਮਨੁੱਖ ਦੇ ਪੂਰਵਜ ਨਹੀਂ ਹਨ ਤਾਂ ਫੇਰ ਮਨੁੱਖ ਦਾ ਪੂਰਵਜ ਕੌਣ ਹੈ। ਧਰਤੀ ਦੀ ਉਮਰ ਲਗਭਗ 450 ਕਰੋੜ ਸਾਲ ਹੈ ਜਿਸ ਉੱਤੇ ਲਗਭਗ 350 ਕਰੋੜ ਸਾਲ ਪਹਿਲਾਂ ਬਹੁਤ ਹੀ ਸਧਾਰਨ ਇੱਕ-ਸੈੱਲੇ ਜੀਵ ਪੈਦਾ ਹੋਏ ਜਿਨ੍ਹਾਂ ਤੋਂ ਲਗਭਗ 50-60 ਕਰੋੜ ਸਾਲ ਪਹਿਲਾਂ ਮੱਛੀਆਂ ਵਿਕਸਤ ਹੋਈਆਂ ਜਿਨ੍ਹਾਂ ਕੋਲ਼ ਰੀੜ੍ਹ ਦੀ ਹੱਡੀ ਸੀ ਅਤੇ ਹੋਰਾਂ ਹੱਡੀਆਂ ਦਾ ਢਾਂਚਾ ਸੀ। ਫੇਰ ਵਿਗਾਸ ਇੱਕ ਨਵੀਂ ਰਫਤਾਰ ਨਾਲ਼ ਅੱਗੇ ਵਧਣਾ ਸ਼ੁਰੂ ਕਰਦਾ ਹੈ ਜਿਸ ਨਾਲ਼ ਡਿਵੋਨੀਅਨ ਕਾਲ (41 ਕਰੋੜ ਸਾਲ ਪਹਿਲਾਂ) ਵਿੱਚ ਜਲ-ਥਲ ਜੀਵ (ਡੱਡੂ) ਅਤੇ ਕਾਰਬੋਨੀਫੇਰਸ (35 ਕਰੋੜ ਸਾਲ ਪਹਿਲਾਂ) ਵਿੱਚ ਰੀਂਗਣ ਵਾਲ਼ੇ ਡਾਇਨਾਸੌਰਾਂ ਜਿਹੇ ਵਡ-ਆਕਾਰੀ ਜੀਵ ਵਿਕਸਤ ਹੋਏ। ਫਿਰ ਇਹਨਾਂ ਦੇ ਨਾਲ਼ ਜੁਰਾਸਿਕ ਦੇ ਅੰਤ ਤੱਕ ਥਣਧਾਰੀਆਂ (ਜੋ ਦੁੱਧ ਪਿਲਾਉਂਦੇ ਹਨ) ਦਾ ਜੀਵ ਸਮੂਹ ਵਿਕਸਤ ਹੋ ਚੁੱਕਿਆ ਸੀ ਜੋ ਕਿ ਇਹਨਾਂ ਜੀਵਾਂ ਤੋਂ ਬਚਣ ਲਈ ਰੁੱਖਾਂ 'ਤੇ ਜਾਂ ਖੁੱਡਾਂ ਵਿੱਚ ਰਹਿੰਦੇ ਸਨ ਅਤੇ ਇਹਨਾਂ ਦਾ ਅਕਾਰ ਵੀ ਚੂਹਿਆਂ ਵਰਗਾ ਸੀ। ਫਿਰ ਅਚਾਨਕ ਲਗਭਗ 6 ਕਰੋੜ ਸਾਲ ਪਹਿਲਾਂ ਇੱਕ ਵਿਨਾਸ਼ਕਾਰੀ ਉਲਕਾ ਪਿੰਡ ਧਰਤੀ ਨਾਲ਼ ਆ ਟਕਰਾਉਂਦਾ ਹੈ ਜਿਸਦਾ ਧਮਾਕਾ ਧਰਤੀ ਦੇ 85 ਫੀਸਦੀ ਜੀਵਨ ਦਾ ਅੰਤ ਕਰ ਦਿੰਦਾ ਹੈ। ਇਸ ਵਿਨਾਸ਼ 'ਚੋਂ ਸਾਡੇ ਥਣਧਾਰੀ ਪੂਰਵਜ ਬਚ ਜਾਂਦੇ ਹਨ ਜਿਹੜੇ ਬਹੁਤ ਛੋਟੇ ਅਕਾਰ ਦੇ ਸਨ ਜਿਸ ਕਰਕੇ ਇਹਨਾਂ ਨੂੰ ਖੁਰਾਕ ਦੀ ਲੋੜ ਘੱਟ ਸੀ ਅਤੇ ਖੁੱਡਾਂ ਵਿੱਚ ਰਹਿਣ ਵਾਲ਼ੇ ਇਹ ਜੀਵ ਰਾਤ ਨੂੰ ਹੀ ਬਾਹਰ ਆਉਂਦੇ ਸਨ। ਉਹ ਵਿਨਾਸ਼ ਜੋ ਵਡ-ਅਕਾਰੀ ਡਾਇਨਾਸੌਰਾਂ ਦਾ ਅੰਤ ਕਰ ਦਿੰਦਾ ਹੈ, ਇਹੀ ਵਿਨਾਸ਼ ਥਣਧਾਰੀਆਂ ਲਈ ਵਰਦਾਨ ਸਾਬਿਤ ਹੁੰਦਾ ਹੈ, ਕਿਉਂਕਿ ਹਮੇਸ਼ਾ ਹਰ ਮਹਾਂਵਿਨਾਸ਼ ਨਵੀਆਂ ਪ੍ਰਜਾਤੀਆਂ ਲਈ ਜਨਮ ਦਾ ਮੁੱਖ ਕਾਰਨ ਰਿਹਾ ਹੈ। ਇਸ ਧਮਾਕੇ ਨਾਲ ਜੁਰਾਸਿਕ ਸਮੇਂ ਦਾ ਅੰਤ ਹੋ ਜਾਂਦਾ ਹੈ। ਡਾਇਨਾਸੌਰ ਇਸ ਵਿਨਾਸ਼ ਦੀ ਰਾਖ ਹੇਠ ਦਫ਼ਨ ਹੋ ਜਾਂਦੇ ਹਨ ਜਿਨ੍ਹਾਂ ਦੇ ਕੰਕਾਲ ਅਤੇ ਆਂਡੇ ਅੱਜ ਵੀ ਸਾਨੂੰ ਪਥਰਾਟਾਂ ਦੇ ਰੂਪ 'ਚ ਮਿਲ਼ਦੇ ਹਨ।

ਜੁਰਾਸਿਕ ਸਮੇਂ ਦੇ ਅੰਤ ਨਾਲ਼ ਕਰਟੀਸੀਅਸ ਦੀ ਸ਼ੁਰੂਆਤ ਹੁੰਦੀ ਹੈ ਜਿਸਨੂੰ ਫੁੱਲਾਂ ਵਾਲ਼ੇ ਰੁੱਖਾਂ ਅਤੇ ਥਣਧਾਰੀਆਂ ਦੇ ਵਧਣ ਫੁੱਲਣ ਦੇ ਸਮੇਂ ਵਜੋਂ ਜਾਣਿਆਂ ਜਾਂਦਾ ਹੈ। ਡਾਰਵਿਨ ਚਿੜੀਆਂ ਦੀ ਉਦਾਹਰਨ ਨਾਲ਼ ਆਪਾਂ ਅਡੇਪਟਿਵ ਰੇਡਿਏਸ਼ਨ ਦੀ ਗੱਲ ਕਰਦੇ ਹਾਂ ਕਿ ਕਿਵੇਂ ਗੇਲਾਪੇਗੋ ਟਾਪੂਆਂ 'ਤੇ ਜਦੋਂ ਪਹਿਲੀ ਵਾਰ ਇੱਕ ਚਿੜੀ ਪ੍ਰਜਾਤੀ ਪਹੁੰਚੀ ਤਾਂ ਉਹ ਭਿੰਨ-ਭਿੰਨ ਪ੍ਰਕਾਰ ਦੇ ਭੋਜਨ ਖਾਣ ਲਈ ਇਕੱਲੀ ਹੀ ਦਾਅਵੇਦਾਰ ਸੀ ਜਿਸ ਨਾਲ ਉਸਦੀ ਚੁੰਝ 'ਚ ਆਏ ਬਦਲਾਅ ਦੇ ਅਧਾਰ 'ਤੇ ਬਹੁਤ ਸਾਰੀਆਂ ਪ੍ਰਜਾਤੀਆਂ ਵਿਕਸਤ ਹੋ ਗਈਆਂ, ਵਿਕਸਤ ਹੋਣ ਦਾ ਕਾਰਨ ਸੀ ਮੁਕਾਬਲਾ ਕਰਨ ਲਈ ਕਿਸੇ ਵੀ ਜੀਵ ਦਾ ਨਾ ਹੋਣਾ, ਇਸ ਲਈ ਜਦੋਂ ਡਾਇਨਾਸੌਰਾਂ ਦਾ ਅੰਤ ਹੋ ਗਿਆ ਸੀ ਤਾਂ ਇਹ ਮੌਕਾ ਵੀ ਥਣਧਾਰੀਆਂ ਲਈ ਅਡੇਪਟਿਵ ਰੇਡਿਏਸ਼ਨ ਦਾ ਸੀ ਜਿਸ ਨਾਲ਼ ਇੱਕ ਚੂਹੇ ਵਰਗੇ ਥਣਧਾਰੀ ਤੋਂ ਅਨੇਕਾਂ ਤਰ੍ਹਾਂ ਦੇ ਥਣਧਾਰੀ ਵਿਕਸਤ ਹੋਏ ਜਿਹਨਾਂ ਵਿੱਚੋਂ :

1. (ੳ) ਘਾਹ ਖਾਣ ਸਮੂਹਾਂ 'ਚੋਂ ਖੁਰਾਂ ਵਾਲ਼ੇ ਜੀਵ (ਮੱਝਾਂ, ਗਾਂਵਾਂ, ਹਿਰਨ, ਜੇਬਰੇ, ਘੋੜੇ ਆਦਿ) ਅਤੇ (ਅ) ਹਾਥੀ (ੲ) ਦਰਿਆਈ ਘੋੜੇ (ਸ) ਖਰਗੋਸ਼।

2. ਮਾਸ ਖਾਣ ਵਾਲੇ : ਬਿੱਲੀ ਪਰਿਵਾਰ, ਲੂੰਬੜੀ, ਬਘਿਆੜ ਅਤੇ ਕੁੱਤੇ।

3. ਪਾਣੀ 'ਚ ਰਹਿਣ ਵਾਲੇ : ਵ੍ਹੇਲ, ਡਾਲਫਿਨ।

4. ਖੱਡਾਂ 'ਚ ਰਹਿਣ ਵਾਲ਼ੇ ਚੂਹੇ ਅਤੇ ਹੋਰ।

5. ਦਰੱਖਤਾਂ 'ਤੇ ਰਹਿਣ ਵਾਲ਼ੇ ਕਾਟੋ ਵਰਗੇ ਅਤੇ ਸਾਡੇ ਪੂਰਵਜ ਏਪਸ।

6. ਹਵਾ 'ਚ ਉੱਡਣ ਵਾਲ਼ੇ ਚਮਗਿੱਦੜ ਜੋ ਕਿ ਲੂੰਬੜੀਆਂ ਦੇ

ਨੇੜੇ ਹਨ ਆਦਿ ਵਿਕਸਤ ਹੋਏ।

ਇਹਨਾਂ ਸਾਰਿਆਂ ਥਣਧਾਰੀਆਂ ਕੋਲ਼ ਹੁਣ ਤੱਕ ਦੇ 350 ਕਰੋੜ ਸਾਲਾਂ 'ਚ ਵਿਕਸਤ ਹੋ ਰਹੇ ਜੀਵਾਂ 'ਚੋਂ ਸਭ ਤੋਂ ਵੱਧ ਉੱਨਤ ਦਿਮਾਗ ਸੀ ਅਤੇ ਇਹਨਾਂ ਦੇ ਦਿਮਾਗ ਕੋਲ਼ ਕਰੋੜਾਂ ਸਾਲਾਂ ਦਾ ਜਮਾਂ ਹੋਇਆ ਤਜ਼ਰਬਾ ਸੀ। ਇਸ ਲਈ ਇਹਨਾਂ ਥਣਧਾਰੀਆਂ ਵਿੱਚੋਂ ਇੱਕ ਬਹੁਤ ਹੀ ਉੱਨਤ ਜੀਵ ਸਮੂਹ, ਜਿਹਨਾਂ ਨੂੰ ਪ੍ਰਾਈਮੇਟਸ ਕਿਹਾ ਜਾਂਦਾ ਹੈ, ਜੋ ਕਿ ਦਰੱਖਤਾਂ ਉੱਪਰ ਰਹਿ ਰਹੇ ਸਨ, ਪੈਦਾ ਹੋਇਆ। 6.6 ਕਰੋੜ ਸਾਲ ਪਹਿਲਾਂ ਪੈਦਾ ਹੋਇਆ ਜੀਵ ਪੁਰਗਾਟੋਰਿਅਸ ਸਾਡਾ ਪਹਿਲਾ ਪਰੋਟੋ-ਪ੍ਰਾਈਮੇਟ ਪੂਰਵਜ ਹੈ ਜਿਸ ਤੋਂ ਬਾਕੀ ਸਾਰੇ ਪ੍ਰਾਈਮੇਟ ਵਿਕਸਤ ਹੋਏ ਸਨ ।

ਆਓ ਅਸੀਂ ਸਭ ਤੋਂ ਪਹਿਲਾਂ ਪ੍ਰਾਈਮੇਟਸ, ਏਪਸ ਅਤੇ ਹੋਮੀਨਿਡਸ ਬਾਰੇ ਜਾਨਣਾ ਸ਼ੁਰੂ ਕਰਦੇ ਹਾਂ ਤਾਂ ਜੋ ਅਸੀਂ ਇਸ ਸਵਾਲ ਨੂੰ ਸਮਝ ਸਕੀਏ ਕਿ ਮਨੁੱਖ ਦਾ ਪੂਰਵਜ ਬਾਂਦਰ ਹੈ ਜਾਂ ਨਹੀਂ। ਪ੍ਰਾਈਮੇਟ ਥਣਧਾਰੀਆਂ ਦਾ ਇੱਕ ਵੱਡਾ ਸਮੂਹ ਹੈ ਜਿਸ ਵਿੱਚ ਏਪਸ ਇੱਕ ਖਾਸ ਹਿੱਸੇ ਨੂੰ ਦਰਸਾਉਂਦੇ ਹਨ ਅਤੇ ਹੋਮੀਨਿਡ ਮਨੁੱਖਾਂ ਨਾਲ਼ ਸਬੰਧਿਤ ਸਮੂਹ ਹੈ ਜੋ ਏਪਸ ਦਾ ਇੱਕ ਹਿੱਸਾ ਹੈ।

ਪ੍ਰਾਇਮੇਟਸ ਕੀ ਹਨ ?

ਥਣਧਾਰੀਆਂ ਵਿੱਚ ਪੈਦਾ ਹੋਏ ਇੱਕ ਖਾਸ ਜੀਵ ਸਮੂਹ ਕੋਲ਼ ਦਰੱਖ਼ਤਾਂ ਉੱਤੇ ਰਹਿਣ ਕਰਕੇ ਕੁੱਝ ਵਿਲੱਖਣ ਗੁਣ ਸਨ ਜਿਹਨਾਂ ਨੂੰ ਪ੍ਰਾਈਮੇਟਸ ਕਿਹਾ ਜਾਂਦਾ ਹੈ, ਜਿਵੇਂ ਕਿ ਲਚਕਦਾਰ ਗੀੜ੍ਹ ਦੀ ਹੱਡੀ ਜਿਸ ਕਰਕੇ ਇਹ ਜੀਵ ਇੱਕ ਦਰੱਖਤ ਤੋਂ ਦੂਜੇ ਦਰੱਖਤ ਤੱਕ ਝੂਲ ਸਕਦੇ ਸਨ, ਟਾਹਣੀ 'ਤੇ ਰਹਿਣ ਕਰਕੇ ਹੱਥ ਤੇ ਪੈਰ ਦੋਨਾਂ 'ਚ ਫੜਨ ਦੀ ਕਾਬਲੀਅਤ ਵਿਕਸਤ ਹੋਈ ਜਿਸ ਕਰਕੇ ਵਿਕਸਤ ਹੋ ਰਹੀਆਂ ਮਨੁੱਖੀ ਪ੍ਰਜਾਤੀਆਂ ਵੀ ਪੱਥਰ ਫੜ੍ਹ ਕੇ ਸੰਦ/ਹਥਿਆਰ ਦੀ ਤਰ੍ਹਾਂ ਵਰਤਣ 'ਚ ਨਿਪੁੰਨ ਹੋ ਸਕੀਆਂ। ਇਹਨਾਂ ਦੀ ਗੀੜ੍ਹ 'ਚ ਲਚਕ ਹੋਣ ਕਰਕੇ ਇਹ ਪ੍ਰਾਈਮੇਟ ਜ਼ਮੀਨ 'ਤੇ ਆਉਣ ਤੋਂ ਬਾਅਦ ਦੋ ਪੈਰਾਂ 'ਤੇ ਲੜਖੜਾ ਕੇ ਚੱਲ ਸਕਦੇ ਸਨ। ਹੱਥਾਂ ਤੇ ਪੈਰਾਂ 'ਚ ਫੜਨ ਦੀ ਕਾਬਲੀਅਤ ਇਸ ਕਰਕੇ ਸੀ ਕਿਉਂਕਿ ਇਹਨਾਂ ਦਾ ਅੰਗੂਠਾ ਬਾਕੀ ਚਾਰ ਉਂਗਲੀਆਂ ਨਾਲ਼ੋਂ ਉਲਟ ਸੀ ਅਤੇ ਇਹ ਉਂਗਲੀਆਂ ਦੇ ਸਿਰਿਆਂ ਨੂੰ ਛੂਹ ਸਕਦਾ ਸੀ।

ਦਰੱਖਤਾਂ ਉੱਪਰ ਰਹਿਣ ਕਰਕੇ ਹੀ ਇਹਨਾਂ ਦੀ ਦਿਖਣ ਸ਼ਕਤੀ ਬਾ-ਕਮਾਲ ਹੋਣ ਦੇ ਨਾਲ਼-ਨਾਲ਼ ਬਾਏ-ਨੋਕੂਲਰ ਵੀ ਸੀ ਜਿਸ ਦਾ ਅਰਥ ਹੈ ਕਿ ਅੱਖਾਂ ਖੋਪੜੀ ਦੇ ਸਾਹਮਣੇ ਹੋਣ ਕਰਕੇ ਜੋ ਦੋਨੋ ਅੱਖਾਂ ਦੇਖਦੀਆਂ ਹਨ ਉਹਨਾਂ ਦਾ ਵਿਚਕਾਰ ਵਾਲ਼ੇ ਹਿੱਸੇ ਦਾ ਵੱਡਾ ਭਾਗ ਸਾਂਝਾ ਹੁੰਦਾ ਹੈ ਜਦੋਂ ਕਿ ਮੱਝਾਂ-ਗਾਵਾਂ ਦੀਆਂ ਅੱਖਾਂ ਖੋਪੜੀ ਦੇ ਸੱਜੇ ਖੱਬੇ ਹੁੰਦੀਆਂ ਹਨ ਜਿਸ ਕਰਕੇ ਉਹਨਾਂ ਨੂੰ ਦੋਨੋ ਪਾਸੇ ਵੱਧ ਦਿਖਦਾ ਹੈ ਪਰ ਸਾਹਮਣੇ ਦੋਨਾਂ ਅੱਖਾਂ ਦਾ ਸਾਂਝਾ ਦਿਖਣ ਵਾਲ਼ਾ ਭਾਗ ਨਾਮਾਤਰ ਹੁੰਦਾ ਹੈ। ਬਾਏਨੋਕੂਲਰ ਦਿਖਣ ਸ਼ਕਤੀ ਸਾਡੇ ਪੂਰਵਜਾਂ ਨੂੰ ਦਰੱਖਤਾਂ 'ਤੇ ਰਹਿਣ ਕਰਕੇ ਮਿਲ਼ੀ ਸੀ ਤਾਂ ਕਿ ਇੱਕ ਟਾਹਣੀ ਤੋਂ ਦੂਜੀ ਟਾਹਣੀ ਤੱਕ ਛਾਲ ਮਾਰਨ ਲਈ ਸਹੀ ਦਿਸ਼ਾ, ਦੂਰੀ ਅਤੇ ਟਾਹਣੀ ਦੇ ਅਕਾਰ ਦਾ ਸਟੀਕ ਅੰਦਾਜਾ ਲੱਗ ਸਕੇ। ਇਸ ਲਈ ਇਹ ਸਾਡੇ ਸਿੱਧੇ ਪੂਰਵਜਾਂ ਦੇ ਵੀ ਪੂਰਵਜ ਸਨ ਜੋ ਕਿ ਅੱਜ 5-6 ਕਰੋੜ ਸਾਲ ਪਹਿਲਾਂ ਹੋਂਦ ਵਿੱਚ ਆ ਚੁੱਕੇ ਸਨ।

ਪ੍ਰਾਈਮੇਟਸ ਜੀਵਾਂ ਵਿੱਚੋ ਬਾਂਦਰ ਦਾ ਵਿਕਾਸ ਕਦੋਂ ਹੋਇਆ ?

ਬਾਂਦਰਾਂ ਦਾ ਵਿਕਾਸ ਓਲੀਗੋਸੀਨ ਸਮੇਂ ਦੌਰਾਨ ਅੱਜ ਤੋਂ 4 ਕਰੋੜ ਸਾਲ ਪਹਿਲਾਂ ਹੋਇਆ ਸੀ। ਬਾਂਦਰਾਂ ਦੀਆਂ ਦੋ ਵੱਖ ਪ੍ਰਜਾਤੀਆਂ ਵਿਕਸਤ ਹੋਈਆਂ ਹਨ ਜਿਨ੍ਹਾਂ 'ਚੋਂ ਇੱਕ ਪ੍ਰਜਾਤੀ ਅਮਰੀਕਾ ਵਿੱਚ ਰਹਿੰਦੀ ਹੈ ਅਤੇ ਦੂਜੀ ਅਫਰੀਕਾ ਵਿੱਚ ਵਿਕਸਤ ਹੋਈ ਹੈ ਜਿਨ੍ਹਾਂ ਨੂੰ ਕ੍ਰਮਵਾਰ ਨਿਉ ਵਰਲਡ ਮੰਕੀ ਅਤੇ ਓਲਡ ਵਰਲਡ ਮੰਕੀ ਕਿਹਾ ਜਾਂਦਾ ਹੈ। ਇੱਕ ਪ੍ਰਾਈਮੇਟ ਪੂਰਵਜ ਨੇ ਹੀ ਨਿਉ ਵਰਲਡ ਬਾਂਦਰ ਨੂੰ ਹੀ ਜਨਮ ਦਿੱਤਾ ਅਤੇ ਇਸੇ ਤੋਂ ਇੱਕ ਹੋਰ ਪ੍ਰਜਾਤੀ ਏਜਿਪਟੋਪਿਥੇਕਸ ਪੈਦਾ ਹੋਈ। ਬਾਂਦਰ ਇੱਥੋਂ ਨਿੱਖੜ ਕੇ ਅਲੱਗ ਹੋ ਜਾਂਦੇ ਹਨ ਅਤੇ ਦੂਜੇ ਪਾਸੇ ਏਜਿਪਟੋਪਿਥੇਕਸ ਅੱਗੇ ਚੱਲ ਕੇ ਇੱਕ ਹੋਰ ਪ੍ਰਜਾਤੀ ਪ੍ਰੋਕੰਸੁਲ ਨੂੰ ਜਨਮ ਦਿੰਦਾ ਹੈ।

ਹੁਣ ਬਸ ਜੇਕਰ ਅਸੀਂ ਇੰਨੀ ਗੱਲ ਨੂੰ ਧਿਆਨ ਨਾਲ਼ ਦੁਬਾਰਾ ਵਿਚਾਰ ਕਰ ਲਈਏ ਤਾਂ ਇਹ ਬਹੁਤ ਸਾਫ ਹੋ ਜਾਂਦਾ ਹੈ ਕਿ ਵਿਗਾਸ ਦੀਆਂ ਜਿਨ੍ਹਾਂ ਸ਼ਾਖ਼ਾਵਾਂ ਤੋਂ ਬਾਂਦਰ ਨਿੱਖੜ ਕੇ ਅਲੱਗ ਪ੍ਰਜਾਤੀਆਂ ਵਜੋਂ ਵਿਕਸਤ ਹੋਏ ਉਹਨਾਂ ਨੇ ਅੱਗੇ ਹੋਰ ਕਿਸੇ ਪ੍ਰਜਾਤੀ ਨੂੰ ਜਨਮ ਨਹੀਂ ਦਿੱਤਾ। ਬਾਂਦਰ ਮਨੁੱਖ ਤੋਂ ਕਈ ਕਰੋੜ ਸਾਲ ਪਹਿਲਾਂ ਹੋਂਦ 'ਚ ਆ ਚੁੱਕੇ ਸਨ ਪਰ ਜਦੋਂ ਮਨੁੱਖ ਹੋਂਦ 'ਚ ਆਇਆਂ ਤਾਂ ਇਹ ਬਾਂਦਰਾਂ ਤੋਂ ਨਹੀਂ ਸਗੋਂ ਪ੍ਰਾਈਮੇਟ ਦੇ ਇੱਕ ਪ੍ਰਜਾਤੀ ਸਮੂਹ ਏਪਰਸ ਤੋਂ ਆਇਆ ਜੋ ਪੂਛਹੀਨ ਸਨ। ਇਹਨਾਂ ਏਪਸ ਨੂੰ ਜਨਮ ਦੇਣ ਵਾਲ਼ੀ ਪ੍ਰਜਾਤੀ ਏਜਿਪਟੋਪਿਥੇਕਸ ਸੀ।

ਏਪਸ ਕੀ ਹਨ ਅਤੇ ਇਹਨਾਂ ਦੀ ਉਤਪਤੀ ਕਦੋਂ ਹੋਈ ?

ਏਪਸ ਪਰਾਈਮੇਟ 'ਚ ਵਿਕਸਤ ਹੋਏ ਜੀਵਾਂ ਦਾ ਉਹ ਸਮੂਹ ਹੈ ਜਿਹਨਾਂ ਦਾ ਦਰੱਖਤਾਂ 'ਤੇ ਰਹਿਣ ਕਰਕੇ ਮੋਢੇ ਦਾ ਜੋੜ ਜ਼ਿਆਦਾ ਲਚਕਦਾਰ ਹੋ ਜਾਂਦਾ ਹੈ ਜੋ ਕਿ ਉੱਪਰ-ਥੱਲੇ ਅਤੇ ਸੱਜੇ ਖੱਬੇ ਘੁੰਮ ਸਕਦਾ ਹੈ। ਏਪਸ ਵਿੱਚ ਪੂਛ ਵੀ ਲੁਪਤ ਹੋ ਚੁੱਕੀ ਹੁੰਦੀ ਹੈ ਜਿਸਦਾ ਕਾਰਨ ਇਹਨਾਂ ਦੇ ਇੱਕ ਜੀਨ ਵਿੱਚ ਆਈ ਮਿਉਟੇਸ਼ਨ (ਮਿਉਟੇਸ਼ਨ; ਬਦਲਾਅ ਜੋ ਕਿ ਡੀ.ਐਨ.ਏ ਵਿੱਚ ਆਉਂਦੇ ਹਨ ਜਿਸ ਕਰਕੇ ਸੈੱਲਾਂ ਦੀ ਕਾਰਜ ਪ੍ਰਣਾਲੀ ਬਦਲ ਜਾਂਦੀ ਹੈ) ਸੀ। ਪਰੌਕਾਂਸੁਲ ਇੱਕ ਪ੍ਰਾਈਮੇਟ ਪ੍ਰਜਾਤੀ ਸੀ ਜਿਸ ਤੋਂ ਗਿਬੋਨ, ਉਰਾਂਗ-ਉਟਾਨ, ਗੁਰੀਲੇ ਅਤੇ ਚਿੰਪੈਂਜੀ

ਵਿਕਸਤ ਹੋਏ ਜੋ ਸਾਰੇ ਏਪਸ ਹਨ। ਜਿਸ ਆਖਰੀ ਪੂਰਵਜ ਤੋਂ ਚਿੰਪੈਂਜੀ ਵਿਕਸਤ ਹੋਏ ਉਸੇ ਨੇ ਮਨੁੱਖ-ਹਾਰੇ ਪਹਿਲੇ ਪੂਰਵਜ ਨੂੰ ਜਨਮ ਦਿੱਤਾ ਜਿਸਦਾ ਨਾਮ ਆਰਡਿਪਿਥੇਕਸ ਰੱਖਿਆ ਗਿਆ।

ਏਪਸ ਤੋਂ ਪਹਿਲੇ ਹੋਮੀਨਿਡ ਦਾ ਵਿਕਾਸ

ਏਪਸ ਬਾਰੇ ਅਸੀਂ ਪੜ੍ਹ ਚੁੱਕੇ ਹਾਂ ਜੋ ਕਿ ਪ੍ਰਾਈਮੇਟ ਜੀਵਾਂ ਦਾ ਉਹ ਵਿਕਸਤ ਹੋਏ ਅੰਗ ਸਨ ਜਿਹਨਾਂ ਵਿੱਚ ਮੋਢਾ ਲਚਕਦਾਰ ਸੀ ਅਤੇ ਪੂਛ ਲੁਪਤ ਹੋ ਚੁੱਕੀ ਸੀ। ਇਹਨਾਂ ਏਪਸ ਵਿੱਚ ਹੁਣ ਇੱਕ ਹੋਰ ਵੱਧ ਵਿਕਸਤ ਪ੍ਰਜਾਤੀ ਹੋਮੀਨਿਡ ਦਾ ਵਿਕਾਸ ਹੁੰਦਾ ਹੈ। ਮਨੁੱਖ ਵੀ ਇੱਕ ਹੋਮੀਨਿਡ ਹੈ ਮਤਲਬ ਕਿ ਅਸੀਂ ਹੁਣ ਵਿਗਾਸ ਦੀ ਉਸ ਟਾਹਣੀ ਉੱਤੇ ਪਹੁੰਚ ਚੁੱਕੇ ਹਾਂ ਜਿੱਥੇ ਮਨੁੱਖ ਤੇ ਮਨੁੱਖ ਦੇ ਸਿੱਧੇ ਪੂਰਵਜ ਵਿਕਸਤ ਹੋਏ ਸਨ। ਦੇਖੋ ਅਸੀਂ ਬਾਂਦਰਾਂ ਤੋਂ ਕਿੰਨੀ ਦੂਰ ਹਾਂ, ਕਰੋੜਾਂ ਸਾਲਾਂ ਦੇ ਫਰਕ ਬਾਅਦ ਏਪਸ ਵਿਕਸਤ ਹੋਏ ਅਤੇ ਉਹਨਾਂ ਵਿੱਚ ਅੱਗੇ ਕਰੋੜਾਂ ਸਾਲਾਂ ਬਾਅਦ ਹੋਮਿਨਿਡ ਵਿਕਸਤ ਹੋਏ ਜਿਹਨਾਂ ਤੋਂ ਮਨੁੱਖ ਵਿਕਸਤ ਹੋਇਆ। ਹੋਮੀਨਿਡ ਦੇ ਦਿਮਾਗ ਦਾ ਅਕਾਰ, ਸਰੀਰ ਦੇ ਅਨੁਪਾਤ ਵਿੱਚ ਹੁਣ ਤੱਕ ਦੇ ਸਭ ਜੀਵਾਂ ਨਾਲ਼ੋਂ ਵੱਡਾ ਸੀ।

ਦਰੱਖਤਾਂ ’ਤੇ ਰਹਿਣ ਦੇ ਨਾਲ਼-ਨਾਲ਼ ਇਹ ਜ਼ਮੀਨ ਉੱਪਰ ਵੀ ਭੋਜਨ ਦੀ ਭਾਲ਼ ਵਿੱਚ ਆ ਜਾਂਦੇ ਸਨ। ਏਪਸ ਦੋ ਪੈਰਾਂ ’ਤੇ ਲੜਖੜਾ ਕੇ ਚਲਦੇ ਸਨ, ਪਰ ਹੋਮੀਨਿਡ ਦੋ ਪੈਰਾਂ ’ਤੇ ਚੱਲਣ ਲਈ ਜ਼ਿਆਦਾ ਨਿਪੁੰਨ ਸਨ। ਅੰਤ ਨੂੰ ਮਨੁੱਖੀ ਪ੍ਰਜਾਤੀਆਂ ਹੋਂਦ ਵਿੱਚ ਆ ਗਈਆਂ ਜਿਨ੍ਹਾਂ ਦੇ ਵਿਗਾਸ ਦੀ ਕਹਾਣੀ ਅਲੱਗ ਤੋਂ ਬੜੀ ਦਿਲਚਸਪ ਹੈ। ਆਰਡੀਪਿਥੇਕਸ ਤੋਂ ਆਸਟ੍ਰੇਲੋਪਿਥੇਕਸ ਦੀਆਂ 2 ਪ੍ਰਜਾਤੀਆਂ ਹੋਂਦ ’ਚ ਆਈਆਂ ਜਿਨਾਂ ਤੋਂ ਬਾਅਦ ਮਨੁੱਖ ਸਭ ਤੋਂ ਪਹਿਲੀ ਪ੍ਰਜਾਤੀ ਹੋਮੋ ਹੈਬੀਲਿਸ ਪੈਦਾ ਹੋਈ ਜਿਸਨੇ ਹੋਮੋ ਇਰੇਕਟਸ ਨੂੰ ਜਨਮ ਦਿੱਤਾ।

ਇਸ ਤੋਂ ਬਾਅਦ ਆਧੁਨਿਕ ਮਨੁੱਖ ਭਾਵ ਅਸੀਂ (ਹੋਮੋ ਸੇਪੀਅਨਜ਼) 2.5 ਲੱਖ ਸਾਲ ਪਹਿਲਾਂ ਪੈਦਾ ਹੋਏ ਅਤੇ ਸਾਡੀਆਂ ਦੋ ਭਰਾਤਰੀ ਪ੍ਰਜਾਤੀਆਂ ਹੋਮੋ ਨੈਂਡਰਥਲਜ਼, ਹੋਮੋ ਡੇਨੀਸੋਵਨਜ਼ ਵੀ ਹੋਂਦ ’ਚ ਆਏ ਜੋ ਕਿ ਹੁਣ ਲੁਪਤ ਹੋ ਗਏ ਹਨ।

ਬਾਂਦਰਾਂ ਤੋਂ ਮਨੁੱਖ ਤੱਕ ਦਾ ਵਿਗਾਸ ਅਤੇ ਇਹਦੇ ਬਾਰੇ ਕੁੱਝ ਭ੍ਰਮ ’ਚ ਪਾਉਣ ਵਾਲ਼ੇ ਸਵਾਲ :

1. ਸਭ ਤੋਂ ਪਹਿਲਾ ਸਵਾਲ ਇਹੋ ਹੁੰਦਾ ਹੈ ਕਿ ਜੇਕਰ ਮਨੁੱਖ ਬਾਂਦਰਾਂ ਤੋਂ ਬਣਿਆ ਹੈ ਤਾਂ ਹੁਣ ਕਿਉਂ ਨਹੀਂ ਬਣਦੇ ?

2. ਜੇਕਰ ਮਨੁੱਖ ਬਾਂਦਰਾਂ ਤੋਂ ਵਿਕਸਤ ਹੋਇਆ ਹੈ ਤਾਂ ਸਾਰੇ ਬਾਂਦਰ ਮਨੁੱਖ ਕਿਉਂ ਨਹੀਂ ਬਣ ਗਏ ?

ਉਪਰੋਕਤ ਦੋਵੇਂ ਸਵਾਲ ਮੂਲ ਰੂਪ ’ਚ ਹੀ ਗਲਤ ਹਨ, ਇਹਨਾਂ ਦਾ ਸੰਕਲਪ ਤੇ ਤੱਥ ਸਹੀ ਨਹੀਂ ਹੈ। ਤੱਥਾਂ ਦੀ ਅਸੀਂ ਪੜਤਾਲ ਕਰ ਹੀ ਚੁੱਕੇ ਹਾਂ ਕਿ ਮਨੁੱਖ ਬਾਂਦਰ ਤੋਂ ਬਣਿਆ ਹੀ ਨਹੀਂ ਇਸ ਲਈ ਇਸ ਬਾਰੇ ਹੋਰ ਵਿਚਾਰ ਚਰਚਾ ਦੀ ਲੋੜ ਨਹੀਂ ਹੈ। **ਹੁਣ ਸੰਕਲਪ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਕਿ ਇਹ ਦੋਨੇ ਸਵਾਲ ਗਲਤ ਕਿਵੇਂ ਹਨ।**

ਪਹਿਲਾ ਜੇਕਰ ਇੱਕ ਪ੍ਰਜਾਤੀ ਕਿਸੇ ਦੂਜੇ ਤੋਂ ਬਣੀ ਹੈ ਤਾਂ ਇਹ ਹੁਣ ਕਿਉਂ ਨਹੀਂ ਬਣ ਰਹੀ ? ਇਹ ਸੰਕਲਪ ਇਸ ਤਰ੍ਹਾਂ ਗਲਤ ਹੈ, ਅਸੀਂ ਇਹ ਸੋਚ ਰਹੇ ਹਾਂ ਕਿ ਪ੍ਰਜਾਤੀਆਂ ਬਣਨੀਆਂ ਕੁੱਝ ਇਸ ਤਰ੍ਹਾਂ ਹਨ ਜਿਵੇਂ ਅੱਜ ਅਸੀਂ ਬੀਜ਼ ਬੀਜਿਆ ਹੈ ਕੱਲ੍ਹ ਉੱਗ ਪਵੇਗਾ ਅਤੇ ਪਰਸੋਂ ਨੂੰ ਰੁੱਖ ਬਣਕੇ, ਚੌਥੇ ਫੁੱਲ ਅਤੇ ਫਲ਼ ਦੇਵੇਗਾ ਪਰ ਵਿਗਾਸ ਇਸ ਤਰ੍ਹਾਂ ਨਹੀਂ ਹੁੰਦਾ, ਵਿਗਾਸ ਦੌਰਾਨ ਇੱਕ ਪ੍ਰਜਾਤੀ ਤੋਂ ਦੂਜੀ ਪ੍ਰਜਾਤੀ ਬਣਨ ਲਈ ਲੱਖਾਂ ਸਾਲ ਲੱਗ ਜਾਂਦੇ ਹਨ। ਸਭ ਪ੍ਰਜਾਤੀਆਂ ਹੁਣ ਵੀ ਵਿਗਾਸ ਅਧੀਨ ਹਨ ਜਿਨ੍ਹਾਂ ਤੋਂ ਨਵੀਆਂ ਪ੍ਰਜਾਤੀਆਂ ਜਨਮ ਲੈਣਗੀਆਂ ਪਰ ਅਸੀਂ ਇਸਨੂੰ ਵੇਖ ਨਹੀਂ ਸਕਦੇ। ਇਸ ਕਰਕੇ ਪਹਿਲੀ ਗੱਲ ਇਹੀ ਹੈ ਕਿ ਅਸੀਂ ਬਾਂਦਰਾਂ ਤੋਂ ਨਹੀਂ ਬਣੇ, ਦੂਜੀ ਗੱਲ ਅਸੀਂ ਏਪਸ ਤੋਂ ਵਿਕਸਤ ਹੋਏ ਹਾਂ ਜਿਸਨੂੰ ਲੱਖਾਂ ਸਾਲ ਲੱਗੇ ਹਨ ਅਤੇ ਤੀਜਾ ਜੋ ਕਿ ਅਹਿਮ ਹੈ ਅਸੀਂ ਅੱਜ ਵੀ ਹੌਲ਼ੀ-ਹੌਲ਼ੀ ਆ ਰਹੇ ਬਦਲਾਵਾਂ ’ਚੋਂ ਗੁਜ਼ਰ ਰਹੇ ਹਾਂ ਜੋ ਕਿ ਬਹੁਤ ਜ਼ਿਆਦਾ ਧੀਮੀ ਪ੍ਰਕਿਰਿਆ ਹੈ।

ਦੂਜਾ ਸਵਾਲ ਕਹਿੰਦਾ ਹੈ ਕਿ ਜੇਕਰ ਇੱਕ ਪ੍ਰਜਾਤੀ ਕਿਸੇ ਇੱਕ ਪ੍ਰਜਾਤੀ ਤੋਂ ਬਣੀ ਹੈ ਤਾਂ ਉਸ ਪ੍ਰਜਾਤੀ ਦੇ ਸਾਰੇ ਜੀਵ ਵਿਕਸਤ ਹੋ ਕੇ ਨਵੀਂ ਪ੍ਰਜਾਤੀ ਕਿਉਂ ਨਹੀਂ ਬਣ ਗਏ ? ਇਸ ਤਰਕ ਅਨੁਸਾਰ ਤਾਂ ਫਿਰ ਜੋ 350 ਕਰੋੜ ਸਾਲ ਪਹਿਲਾਂ ਜੋ ਬੈਕਟੀਰੀਆ ਸਨ ਹੁਣ ਤੱਕ ਤਾਂ ਇਹ ਖਤਮ ਹੀ ਹੋ ਜਾਣੇ ਚਾਹੀਦੇ ਸਨ ਉਹਨਾਂ ਨੇ ਧਰਤੀ ਦੀਆਂ ਸਮੂਹ ਪ੍ਰਜਾਤੀਆਂ ਨੂੰ ਵੀ ਜਨਮ ਦਿੱਤਾ, ਨਾਲ਼-ਨਾਲ਼ ਉਹ ਆਪ ਵੀ ਮੌਜੂਦ ਹਨ। ਤਾਂ ਕੀ ਜਦੋਂ ਨਵੀਂ ਪ੍ਰਜਾਤੀ ਜਨਮ ਲੈਂਦੀ ਹੈ ਤਾਂ ਪੁਰਾਣੀ ਪੂਰੀ ਤਰ੍ਹਾਂ ਖਤਮ ਹੋ ਜਾਂਦੀ ਹੈ ? ਪ੍ਰਜਾਤੀਕਰਨ ਦੌਰਾਨ ਅਲੱਗ-ਅਲੱਗ ਸੰਭਾਵਨਾਵਾਂ ਹੋ ਸਕਦੀਆਂ ਹਨ ਜਿਵੇਂ ਕਿ;

1) ਨਵੀਂ ਵਿਕਸਤ ਹੋਈ ਪ੍ਰਜਾਤੀ ਮੂਲ ਪ੍ਰਜਾਤੀ ਨੂੰ ਮੁਕਾਬਲੇ ਵਿੱਚ ਖਤਮ ਕਰ ਦੇਵੇ, ਕਿਉਂਕਿ ਜੇਕਰ ਵਿਕਸਤ ਹੋ ਰਹੀ ਪ੍ਰਜਾਤੀ ਦਾ ਕਾਰਜ ਖੇਤਰ ਵੀ ਉਹੀ ਹੋਵੇ ਜੋ ਮੂਲ ਪ੍ਰਜਾਤੀ ਦਾ ਹੈ ਤਾਂ ਫਿਰ ਹਵਾ, ਪਾਣੀ, ਭੋਜਨ, ਰਹਿਣ ਲਈ ਥਾਂ ਆਦਿ ਲਈ ਮੁਕਾਬਲਾ ਤਿੱਖਾ ਹੋ ਜਾਵੇਗਾ ਜਿਸ ਦੌਰਾਨ ਦੋਨਾਂ ’ਚੋਂ ਇੱਕ ਪ੍ਰਜਾਤੀ ਜਾਂ ਤਾਂ ਆਪਣਾ ਕਾਰਜ ਖੇਤਰ ਬਦਲ ਲਵੇਗੀ ਜਾਂ ਫਿਰ ਲੁਪਤ ਹੋਣ ਦੀ ਸੰਭਾਵਨਾ ਰਹੇਗੀ।

2) ਨਵੀਂ ਵਿਕਸਤ ਹੋਈ ਪ੍ਰਜਾਤੀ ਦਾ ਕਾਰਜ ਖੇਤਰ ਅਲੱਗ-ਅਲੱਗ ਹੋਣ ਦੀ ਸੂਰਤ ਵਿੱਚ ਦੋਨੋਂ ਪ੍ਰਜਾਤੀਆਂ ਜਿਉਂਦੀਆਂ ਰਹਿ ਸਕਦੀਆਂ ਹਨ; ਜਿਵੇਂ ਕਿ ਇੱਕ ਘਾਹ ਦੇ ਮੈਦਾਨ ਵਿੱਚ ਰਹਿ ਰਹੀ ਪ੍ਰਜਾਤੀ ਦਾ ਭੋਜਨ ਇੱਕੋ ਤਰ੍ਹਾਂ ਦਾ ਹੈ, ਮੰਨ ਲਵੋਂ

ਮੈਦਾਨ ਵਿੱਚ ਇੱਕ ਨਦੀ ਬਣ ਜਾਵੇ ਜਿਸ ਨਾਲ਼ ਮੈਦਾਨ ਦੋ ਭਾਗਾਂ 'ਚ ਵੰਡਿਆ ਗਿਆ। ਦੋਨੋਂ ਪਾਸੇ ਰਹਿ ਰਹੀ ਇੱਕ ਪ੍ਰਜਾਤੀ ਦੋ ਅਲੱਗ-ਅਲੱਗ ਹਿੱਸਿਆਂ 'ਚ ਵੰਡੀ ਜਾ ਚੁੱਕੀ ਹੈ ਹੁਣ ਇਹ ਦੋਨੋਂ ਸਮੂਹ ਤੋਂ ਬਣਨ ਵਾਲ਼ੀਆਂ ਪ੍ਰਜਾਤੀਆਂ ਇੱਕ ਦੂਜੇ ਨੂੰ ਪ੍ਰਭਾਵਿਤ ਕੀਤੇ ਬਿਨ੍ਹਾਂ ਜਿਉਂਦੀਆਂ ਰਹਿ ਸਕਦੀਆਂ ਹਨ।

3) ਇੱਕ ਪ੍ਰਜਾਤੀ ਪੂਰੀ ਤਰ੍ਹਾਂ ਦੂਜੇ ਗੁਣਾਂ 'ਚ ਤਬਦੀਲ ਹੁੰਦੀ ਹੋਈ ਆਪਣੇ ਹੀ ਸਮੂਹ ਦਾ ਨਿਖੇਧ ਕਰ ਸਕਦੀ ਹੈ। ਜਿਵੇਂ ਹੋਮੋ ਇਰੇਕਟਸ ਮਨੁੱਖ ਦੀ ਪੂਰਵਜ ਪ੍ਰਜਾਤੀ ਹੈ ਜਿਸ ਤੋਂ ਅਸੀਂ ਹੋਮੋ ਸੇਪੀਅਨਜ਼ ਬਣੇ।

4) ਇੱਕੋ ਪ੍ਰਜਾਤੀ ਤੋਂ ਬਹੁਤ ਸਾਰੀਆਂ ਪ੍ਰਜਾਤੀਆਂ ਬਣ ਜਾਂਦੀਆਂ ਹਨ ਤੇ ਸਾਰੀਆਂ ਜਿਉਂਦੀਆਂ ਵੀ ਰਹਿੰਦੀਆਂ ਹਨ ਜਿਸਨੂੰ ਅਡੈਪਟਿਵ ਰੇਡੀਏਸ਼ਨ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ, ਜਿਸ ਅਨੁਸਾਰ ਜਦੋਂ ਪਹਿਲੀ ਵਾਰ ਚਿੜੀਆਂ ਦੀ ਇੱਕ ਪ੍ਰਜਾਤੀ (ਡਾਰਵਿਨ ਫਿੰਚਸ) ਗੇਲਾਪੈਗੋ ਦੀਪ 'ਤੇ ਗਈ ਤਾਂ ਉੱਥੇ ਬਹੁਤ ਤਰ੍ਹਾਂ ਦਾ ਭੋਜਨ ਮੌਜੂਦ ਸੀ ਜਿਵੇਂ-ਸਮੁੰਦਰੀ ਜੀਵ, ਕੀੜੇ-ਮਕੌੜੇ, ਥੋਹਰ ਅਤੇ ਹੋਰਨਾਂ ਰੁੱਖਾਂ ਦੇ ਫੁੱਲ ਫਲ਼। ਇਹਨਾਂ ਨੂੰ ਖਾਣ ਲਈ ਇੱਕੋ ਚਿੜੀ ਦੀਆਂ ਕਈ ਪ੍ਰਜਾਤੀਆਂ ਵਿਕਸਤ ਹੋ ਗਈਆਂ। ਇੰਝ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੰਨ ਲਵੋ ਜੇਕਰ ਮਨੁੱਖ ਬਾਂਦਰ ਤੋਂ ਬਣਿਆ ਵੀ ਹੁੰਦਾ ਤਾਂ ਇਹ ਜਰੂਰੀ ਸ਼ਰਤ ਨਹੀਂ ਕਿ ਸਾਰੇ ਹੀ ਬਾਂਦਰ ਮਨੁੱਖ ਬਣਦੇ। ਇਹ ਤਬਦੀਲੀਆਂ ਦਾ ਮਾਮਲਾ ਹੈ ਕਿਸੇ ਪ੍ਰਜਾਤੀ ਦੀ ਕਿੰਨੇ ਫੀਸਦੀ ਅਬਾਦੀ ਵਿੱਚ ਤਬਦੀਲੀ ਆਏਗੀ, ਉਹ ਇਹ ਤੈਅ ਕਰੇਗਾ ਕਿ ਨਵੀਂ ਪ੍ਰਜਾਤੀ ਜਦੋਂ ਬਣੇਗੀ ਤਾਂ ਕਿੰਨਾਂ ਹਿੱਸਾ ਪੁਰਾਣੀ ਪ੍ਰਜਾਤੀ ਹੀ ਰਹੇਗਾ। ਦੂਜਾ ਵਿਸ਼ਾ ਮੁਕਾਬਲੇ ਦਾ ਹੈ ਜਿਸ ਅਨੁਸਾਰ ਨਵੀਂ ਪ੍ਰਜਾਤੀ ਅਤੇ ਪੁਰਾਣੀ 'ਚ ਮੁਕਾਬਲੇ ਦੀ ਤੀਬਰਤਾ ਇਹਨਾਂ ਦਾ ਭਵਿੱਖ ਤੈਅ ਕਰੇਗੀ। ਅੰਤ ਵਿੱਚ, ਮਨੁੱਖ ਬਾਂਦਰ ਤੋਂ ਨਹੀਂ ਸਗੋ ਏਪਸ ਦੇ ਸਮੂਹ ਤੋਂ ਵਿਕਸਤ ਹੋਇਆ ਹੈ ਜਿਨ੍ਹਾਂ ਨੂੰ ਅਸੀਂ ਆਦਿ ਮਾਨਵ ਵੀ ਕਹਿੰਦੇ ਹਾਂ। **96533-59244**

ਪੰਨਾ 6 ਦਾ ਬਾਕੀ ਜਿਆਦਾ ਸਮਾਂ ਨਹੀਂ ਚਲਦਾ, ਕਦੇ ਨਾ ਕਦੇ ਇਹਨਾਂ ਦੀ ਸਚਾਈ ਲੋਕਾਂ ਦੇ ਸਾਹਮਣੇ ਆਉਂਣੀ ਹੀ ਹੁੰਦੀ ਹੈ। ਇਹਨਾਂ ਲੋਕਾਂ ਦਾ ਪਿਛੋਕੜ ਕੋਈ ਜਿਆਦਾ ਵਧੀਆ ਨਹੀਂ ਸੀ, ਫਿਰ ਵੀ ਇਹ ਲੋਕ ਮਹਿੰਗੀਆਂ ਗੱਡੀਆਂ ਵਿੱਚ ਰਹਿੰਦੇ ਹਨ ਅਤੇ ਸ਼ਾਨੋ ਸ਼ੌਕਤ ਵਾਲਾ ਜੀਵਨ ਬਤੀਤ ਕਰਦੇ ਹਨ। ਸਭ ਤੋਂ ਵੱਡੀ ਗੱਲ ਇਹ ਲੋਕ ਧਰਮ ਦਾ ਬਾਣਾ ਪਾ ਕੇ ਇਹ ਕੁਕਰਮ ਕਰਦੇ ਸਨ ਤਾਂ ਜੋ ਆਮ ਲੋਕਾਂ ਵਿੱਚ ਇਹਨਾਂ ਦੀ ਦਿਖ ਇੱਕ ਧਾਰਮਿਕ ਆਗੂ ਦੀ ਬਣੀ ਰਹੇ ਤੇ ਲੋਕ ਇਹਨਾਂ ਉੱਤੇ ਸ਼ੱਕ ਨਾ ਕਰਨ। **- ਜਸਵੀਰ ਲਾਡੀ, ਰਾਜਵਿੰਦਰ ਖੁਰਮੀ**

(ਅਖ਼ਬਾਰ "ਦੇਸ਼ ਸੇਵਕ", "ਦੇਸ਼ ਪ੍ਰਦੇਸ਼" 27, 29 ਮਈ 2023)

ਮਿੰਨੀ ਕਹਾਣੀ

ਮਾਲਾ

- ਸੁਖਵਿੰਦਰ ਖਾਰਾ

ਬਚਨ ਕੌਰ ਹਰ ਰੋਜ਼ ਤੜਕੇ ਇਸ਼ਨਾਨ ਕਰਕੇ ਪਾਠ-ਪੂਜਾ ਕਰਨ ਲੱਗ ਪੈਂਦੀ। ਮਾਲਾ ਫੇਰਦੀ, ਨਾਲੇ ਨਾਮ ਜਪੀ ਜਾਂਦੀ। ਉਸ ਦੀ ਨੂੰਹ ਦੋਵੇਂ ਮੱਝਾਂ ਚੋਅ ਕੇ ਦੁੱਧ ਰਸੋਈ ਵਿੱਚ ਬਣੇ ਵਾਧੇ 'ਤੇ ਰੱਖ ਗਈ ਸੀ। ਆਪ ਬੱਚਿਆਂ ਨੂੰ ਸਕੂਲ ਜਾਣ ਲਈ ਤਿਆਰ ਕਰਨ ਲੱਗ ਪਈ। ਮਾਲਾ ਫੇਰਦਿਆਂ ਬਚਨੋ ਦੀ ਨਿਗਾਹ ਬਾਹਰਲੇ ਦਰਵਾਜ਼ੇ 'ਤੇ ਪੈ ਗਈ। ਮੁੱਲ ਦੁੱਧ ਲੈਣ ਲਈ ਹਰ ਰੋਜ਼ ਵਾਂਗ ਗਾਹਕ ਦਰਵਾਜ਼ਾ ਖੜਕਾ ਰਹੇ ਸੀ।

ਬਚਨੋ ਇੱਕ ਹੱਥ ਵਿੱਚ ਮਾਲਾ ਫੜ੍ਹ ਕੇ ਤੇਜ਼ੀ ਨਾਲ ਰਸੋਈ ਵਿੱਚ ਗਈ। ਦੋ ਗੜਵੀਆਂ ਪਾਣੀ ਦੀਆਂ ਭਰ ਕੇ ਦੁੱਧ ਵਿੱਚ ਮਾਰੀਆਂ ਅਤੇ ਮੁੜ ਆਪਣੇ ਆਸਣ 'ਤੇ ਜਾ ਕੇ ਬੈਠ ਗਈ।

ਨਾਲੇ ਬੁੜ-ਬੁੜ ਕਰ ਰਹੀ ਸੀ, "ਨੂੰਹ ਵੀ ਮੈਨੂੰ ਡੰਗਰ ਹੀ ਮਿਲੀ ਹੈ। ਜੇ ਮੈਂ 'ਆਹ' ਉੱਦਮ ਨਾ ਕਰਾਂ ਤਾਂ ਘਰ ਨੂੰ ਥੱਲੇ ਲਾ ਦੇਵੇ।" ਹੁਣ ਬਚਨੋ ਨੇ ਪਾਠ ਪੂਜਾ ਕਰ ਕੇ ਮਾਲਾ ਦਾ ਕੱਚੀ ਲੱਸੀ ਦੇ ਨਾਲ ਇਸ਼ਨਾਨ ਕੀਤਾ ਅਤੇ ਮੁੜ ਕਿੱਲੀ 'ਤੇ ਟੰਗ ਦਿੱਤੀ। ਆਪ ਖਰੇ ਦੁੱਧ ਦੀ ਗੜ੍ਹਵੀ ਲੈ ਕੇ ਮੱਥਾ ਟੇਕਣ ਤੁਰ ਗਈ। **95305-79175**

ਪੰਨਾ 19 ਦਾ ਬਾਕੀ ਡਾਰਵਿਨ ਦੇ ਸਿਧਾਂਤ ਨੂੰ ਤਿਆਗ ਕੇ ਅਸੀਂ ਵਿਦਿਆਰਥੀਆਂ ਨੂੰ ਜੀਵ-ਉਤਪਤੀ ਦਾ ਕਿਹੜਾ ਸਿਧਾਂਤ ਪੜ੍ਹਾਂਵਾਂਗੇ? ਕੀ ਸਮੁੱਚੀ ਮਨੁੱਖਤਾ ਦੁਆਰਾ ਹੁਣ ਤੱਕ ਹਾਸਲ ਕੀਤੇ ਗਿਆਨ ਤੱਕ ਸਭ ਦੀ ਰਸਾਈ ਨਹੀਂ ਹੋਣੀ ਚਾਹੀਦੀ? ਕੀ ਰੂੜ੍ਹੀਵਾਦੀ ਤੇ ਧਾਰਮਿਕ ਕੱਟੜਪੰਥੀ ਲੋਕ ਇਸ ਮੁਹਾਜ਼ 'ਤੇ ਇੱਕ ਹਾਰੀ ਹੋਈ ਲੜਾਈ ਨਹੀਂ ਲੜ ਰਹੇ? ਅੱਜ ਦੇ ਕੰਪਿਊਟਰ, ਇੰਟਰਨੈਟ ਤੇ ਆਰਟੀਫੀਸ਼ਅਲ ਇੰਟੈਲੀਜੈਂਸ ਦੇ ਯੁੱਗ ਵਿੱਚ ਕੀ ਇਹ ਸੰਭਵ ਹੈ ਕਿ ਵਿਦਿਆਰਥੀਆਂ ਨੂੰ ਡਾਰਵਿਨ ਦੇ ਸਿਧਾਂਤ ਦੀ ਭਿਣਕ ਤੱਕ ਨਾ ਪੈਣ ਦਿੱਤੀ ਜਾਵੇ?

ਇਹ ਨਹੀਂ ਕਿਹਾ ਜਾ ਸਕਦਾ ਕਿ ਸਾਡੇ ਹਾਕਮਾਂ ਨੂੰ ਇਸ ਗੱਲ ਦਾ ਅਹਿਸਾਸ ਨਾ ਹੋਵੇ ਕਿ ਇਸ ਯੁੱਗ ਵਿੱਚ ਅੱਗੇ ਵਧਣ ਅਤੇ ਦੁਨੀਆਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਦੇਖਣ ਲਈ ਵਿਗਿਆਨ ਦੁਆਰਾ ਪ੍ਰਦਾਨ ਕੀਤੇ ਜਾ ਰਹੇ ਗਿਆਨ ਦੀ ਕਿੰਨੀ ਅਹਿਮੀਅਤ ਹੈ। ਵਿਗਿਆਨਕ ਵਿਚਾਰਾਂ ਦਾ ਵਿਰੋਧ ਕਰਨਾ ਬਹੁਤ ਖਤਰਨਾਕ ਰੁਝਾਨ ਹੈ। ਬੁੱਧੀਜੀਵੀ ਤੇ ਜਮਹੂਰੀ ਹਲਕਿਆਂ ਨੂੰ ਸਰਕਾਰ ਦੇ ਇਸ ਫੈਸਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਜ਼ੋਰਦਾਰ ਤਰੀਕੇ ਨਾਲ ਉਠਾਉਣੀ ਚਾਹੀਦੀ ਹੈ।

81465 06583

ਤਰਕਸ਼ੀਲ ਸੁਸਾਇਟੀ ਪੰਜਾਬ

ਨਵੀਂ ਚੁਣੀ ਗਈ ਸੂਬਾ ਕਮੇਟੀ ਅਤੇ ਜ਼ੋਨ ਆਗੂ (2023-2025)

ਸੂਬਾ ਆਗੂ

ਲੜੀ ਨੰ:	ਵਿਭਾਗ	ਆਗੂ	ਫੋਨ ਨੰਬਰ
1.	ਜਥੇਬੰਦਕ	ਰਜਿੰਦਰ ਭਦੌੜ	98728-74620
2.	ਵਿੱਤ ਅਤੇ ਮੈਗਜ਼ੀਨ	ਰਜੇਸ਼ ਅਕਲੀਆ	98156-70725
3.	ਸਾਹਿਤ	ਹੇਮ ਰਾਜ ਸਟੈਨੋ	98769-53561
4.	ਸਭਿਆਚਾਰ	ਜੁਗਿੰਦਰ ਕੁੱਲੇਵਾਲ	98721-21958
5.	ਮੀਡੀਆ	ਸੁਮੀਤ ਸਿੰਘ ਅੰਮ੍ਰਿਤਸਰ	76960-30173
6.	ਪ੍ਰਿੰਟਿੰਗ	ਰਾਜਪਾਲ ਸਿੰਘ	98767-10809
7.	ਕਾਨੂੰਨ	ਜਸਵਿੰਦਰ ਫਗਵਾੜਾ	94783-04560
8.	ਕੌਮੀ ਅਤੇ ਕੌਮਾਂਤਰੀ	ਜਸਵੰਤ ਮੋਹਾਲੀ	98555-30721
9	ਮਾਨਸਿਕ ਸਹਿਤ ਮਸ਼ਵਰਾ	ਅਜੀਤ ਪ੍ਰਦੇਸੀ	94633-66546
10.	ਵਿਦਿਆਰਥੀ ਚੇਤਨਾ	ਰਾਮ ਸਵਰਨ ਲੱਖੇਵਾਲੀ	95010-06626
11.	ਸੋਸ਼ਲ ਮੀਡੀਆ	ਸੰਦੀਪ ਧਾਰੀਵਾਲ ਭੋਜਾ	98155-46700
12.	ਸਾਹਿਤ ਵੈਨ	ਗੁਰਪ੍ਰੀਤ ਸਹਿਣਾ	98150-14532
13.	ਮੈਗਜ਼ੀਨ	ਬਲਬੀਰ ਲੌਂਗੋਵਾਲ	98153-17028

ਜ਼ੋਨ ਆਗੂ

1. ਜ਼ੋਨ ਪਟਿਆਲਾ

1.	ਜਥੇਬੰਦਕ	ਅਕਸ਼ੈ ਖਨੌਰੀ	84270-44052
2.	ਵਿੱਤ ਅਤੇ ਮੈਗਜ਼ੀਨ	ਕੁਲਵੰਤ ਕੌਰ	98554-50277
3.	ਮਾਨਸਿਕ ਸਹਿਤ ਮਸ਼ਵਰਾ	ਬਲਵਾਨ ਸਿੰਘ	98158-50957
4.	ਸਭਿਆਚਾਰ	ਰਾਮ ਕੁਮਾਰ	98156-49407
5.	ਮੀਡੀਆ	ਸੁਖਦੀਪ ਭਵਾਨੀਗੜ੍ਹ	90418-65523

2. ਜ਼ੋਨ ਫਾਜ਼ਿਲਕਾ

1.	ਜਥੇਬੰਦਕ	ਪਰਵੀਨ ਜੰਡਵਾਲਾ	98157-30432
2.	ਵਿੱਤ ਅਤੇ ਮੈਗਜ਼ੀਨ	ਜਗਦੀਸ਼ ਕਿੱਕਰਖੇੜਾ	94630-39544
3.	ਮਾਨਸਿਕ ਸਿਹਤ ਮਸ਼ਵਰਾ	ਕੁਲਜੀਤ ਡੰਗਰਖੇੜਾ	97819-25566
4.	ਸਭਿਆਚਾਰ	ਸੁਖਦੀਪ ਮਲੂਕਪੁਰੀ	98724-24404
5.	ਮੀਡੀਆ	ਬੂਟਾ ਸਿੰਘ ਵਾਕਫ਼	98762-24461

3. ਜ਼ੋਨ ਮਾਨਸਾ

1.	ਜਥੇਬੰਦਕ	ਲੱਖਾ ਸਿੰਘ	94644-81975
2.	ਵਿੱਤ ਅਤੇ ਮੈਗਜ਼ੀਨ	ਰਜੇਸ਼ ਅਕਲੀਆ	98156-70725
3.	ਮੀਡੀਆ	ਭੁਪਿੰਦਰ ਫੌਜੀ	98143-98762
4.	ਮਾਨਸਿਕ ਸਿਹਤ ਮਸ਼ਵਰਾ	ਭਰਪੂਰ ਸਿੰਘ	95010-80814
5.	ਸਭਿਆਚਾਰ	ਕ੍ਰਿਸ਼ਨ ਮਾਨਬੀਬੜੀਆ	99429-00013

4. ਜ਼ੋਨ ਅੰਮ੍ਰਿਤਸਰ

1.	ਜਥੇਬੰਦਕ	ਰਜਵੰਤ ਬਾਗੜੀਆਂ	98154-68377
2.	ਵਿੱਤ ਅਤੇ ਮੈਗ਼ਜ਼ੀਨ	ਮੁਖਤਾਰ ਗੋਪਾਲਪੁਰਾ	94179-49818

3.	ਮਾਨਸਿਕ ਸਿਹਤ ਮਸ਼ਵਰਾ	ਰਣਜੀਤ ਕੌਰ ਗੱਗੋਮਾਹਲ	98761-48275
4.	ਸਭਿਆਚਾਰ	ਸੰਦੀਪ ਧਾਰੀਵਾਲ ਭੋਜਾ	98155-46700
5.	ਮੀਡੀਆ	ਸੁਮੀਤ	76960-30173
		5. ਜ਼ੋਨ ਚੰਡੀਗੜ੍ਹ	
1.	ਜਥੇਬੰਦਕ	ਗੁਰਮੀਤ ਖਰੜ	94634-10877
2.	ਵਿੱਤ ਅਤੇ ਮੈਗ਼ਜ਼ੀਨ	ਸ਼ੈਲਿੰਦਰ ਸੋਹਾਲੀ	99883-15944
3.	ਮੀਡੀਆ	ਬਲਦੇਵ ਜਲਾਲ	98144-46328
4.	ਸਭਿਆਚਾਰ	ਜੋਗਾ ਸਿੰਘ	98150-12197
5.	ਮਾਨਸਿਕ ਸਹਿਤ ਮਸ਼ਵਰਾ	ਗੁਰਮਿੰਦਰ ਖੰਨਾ	98143-32932
		6. ਜ਼ੋਨ ਲੁਧਿਆਣਾ	
1.	ਜਥੇਬੰਦਕ	ਜਸਵੰਤ ਜੀਰਖ	98151-69825
2.	ਵਿੱਤ ਅਤੇ ਮੈਗ਼ਜ਼ੀਨ	ਆਤਮਾ ਸਿੰਘ	94172-91426
3.	ਮੀਡੀਆ	ਹਰਚੰਦ ਭਿੰਡਰ	94179-23783
4.	ਸਭਿਆਚਾਰ	ਸ਼ਮਸ਼ੇਰ ਨੂਰਪੁਰੀ	94647-63861
5.	ਮਾਨਸਕਿ ਸਿਹਤ ਮਸ਼ਵਰਾ	ਰਜਿੰਦਰ ਜੰਡਿਆਲੀ	95010-22602
		7. ਜ਼ੋਨ ਬਠਿੰਡਾ	
1.	ਜਥੇਬੰਦਕ	ਬਲਰਾਜ ਮੌੜ	98722-70362
2.	ਵਿੱਤ ਅਤੇ ਮੈਗ਼ਜ਼ੀਨ	ਜੰਟਾ ਸਿੰਘ ਰਾਮਪੁਰਾ	96461-23061
3.	ਮੀਡੀਆ	ਗਗਨ ਰਾਮਪੁਰਾ	98725-07229
4.	ਮਾਨਸਕਿ ਸਿਹਤ ਮਸ਼ਵਰਾ	ਰਾਮ ਸਿੰਘ ਨਿਰਮਾਣ	94173-20864
5.	ਸਭਿਆਚਾਰ	ਅਜਾਇਬ ਜਲਾਲਆਣਾ	94167-24331
		8. ਜ਼ੋਨ ਜਲੰਧਰ	
1.	ਜਥੇਬੰਦਕ	ਸੁਰਜੀਤ ਟਿੱਬਾ	99140-52555
2.	ਵਿੱਤ ਅਤੇ ਮੈਗਜ਼ੀਨ	ਜਸਵਿੰਦਰ ਫਗਵਾੜਾ	94783-04560
3.	ਮੀਡੀਆ	ਵਿਜੈ ਰਾਹੀ	96460-33120
4.	ਮਾਨਸਿਕ ਸਿਹਤ ਮਸ਼ਵਰਾ	ਸੁਖਦੇਵ ਫਗਵਾੜਾ	98726-36037
5.	ਸਭਿਆਚਾਰ	ਸੰਦੀਪ ਦਰਦੀ	87289-19173
		9. ਜ਼ੋਨ ਬਰਨਾਲਾ-ਸੰਗਰੂਰ	
1.	ਜਥੇਬੰਦਕ	ਪਰਮਵੇਦ	99174-22349
2.	ਵਿੱਤ ਅਤੇ ਮੈਗਜ਼ੀਨ	ਸੋਹਨ ਸਿੰਘ ਮਾਝੀ	99170-01432
3.	ਮੀਡੀਆ	ਸੀਤਾ ਰਾਮ	62392-99970
4.	ਮਾਨਸਿਕ ਸਿਹਤ ਮਸ਼ਵਰਾ	ਨਾਇਬ ਸਿੰਘ ਰਟੋਲ	94177-61121
5.	ਸੱਭਿਆਚਾਰ	ਰਜਿੰਦਰ ਰਾਜੂ	99881-39876
		10. ਜ਼ੋਨ ਨਵਾਂ ਸ਼ਹਿਰ	
1.	ਜਥੇਬੰਦਕ	ਸੱਤਪਾਲ ਸਲੋਹ	94641-23321
2.	ਵਿੱਤ ਅਤੇ ਮੈਗਜ਼ੀਨ	ਸੁਖਵਿੰਦਰ ਗੋਗਾ	94171-87510
3.	ਮੀਡੀਆ	ਜਗਦੀਸ਼ ਰਾਏਪੁਰ ਡੱਬਾ	94174-34038
4.	ਮਾਨਸਿਕ ਸਿਹਤ ਮਸ਼ਵਰਾ	ਨਰੇਸ਼ ਭੰਮੀਆਂ	94176-68915
5.	ਸਭਿਆਚਾਰ	ਰਾਮਪਾਲ	94172-27309

33 ਸਿੱਖਿਆ ਮਾਹਿਰਾਂ ਨੇ ਐਨ ਸੀ ਈ ਆਰ ਟੀ ਨੂੰ ਪੱਤਰ ਲਿਖ ਕੇ ਕਿਤਾਬਾਂ 'ਚੋਂ ਆਪਣਾ ਨਾਮ ਹਟਾਉਣ ਲਈ ਕਿਹਾ

ਰਾਜਨੀਤੀ ਵਿਗਿਆਨ ਮਾਹਿਰ ਸੁਹਾਸ ਪਾਲਸੀਕਰ ਅਤੇ ਯੋਗੇਂਦਰ ਯਾਦਵ ਵੱਲੋਂ ਰਾਜਨੀਤੀ ਵਿਗਿਆਨ ਦੀਆਂ ਕਿਤਾਬਾਂ 'ਚੋ ਮੁੱਖ ਸਲਾਹਕਾਰ ਵਜੋਂ ਉਨ੍ਹਾਂ ਦਾ ਨਾਮ ਹਟਾਏ ਜਾਣ ਦੀ ਮੰਗ ਕੀਤੇ ਜਾਣ ਦੇ ਕੁੱਝ ਦਿਨਾਂ ਮਗਰੋਂ 33 ਹੋਰ ਵਿਦਿਅਕ ਮਾਹਿਰਾਂ ਨੇ ਐੱਨ ਸੀ ਈ ਆਰ ਟੀ ਨੂੰ ਪੱਤਰ ਲਿਖ ਕੇ ਆਪਣੇ ਨਾਮ ਕਿਤਾਬਾਂ 'ਚੋਂ ਹਟਾਉਣ ਦੀ ਮੰਗ ਕਰਦਿਆਂ ਕਿਹਾ ਹੈ ਕਿ ਸਾਂਝੀਆਂ ਸਿਰਜਣਾਤਮਕ ਕੋਸ਼ਿਸ਼ਾਂ ਖ਼ਤਰੇ 'ਚ ਹਨ। ਐੱਨ ਸੀ ਈ ਆਰ ਟੀ ਦੇ ਡਾਇਰੈਕਟਰ ਦਿਨੇਸ਼ ਸਕਲਾਨੀ ਨੂੰ ਪੱਤਰ ਲਿਖ ਕੇ ਪਾਠ ਪੁਸਤਕਾਂ 'ਚੋ ਨਾਮ ਹਟਾਉਣ ਦੀ ਮੰਗ ਕਰਨ ਵਾਲਿਆਂ 'ਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਕਾਂਤੀ ਪ੍ਰਸਾਦ ਵਾਜਪਾਈ ਵੀ ਸ਼ਾਮਲ ਹਨ ਜੋ ਇਸ ਸਮੇਂ ਸਿੰਗਾਪੁਰ ਦੀ ਨੈਸ਼ਨਲ ਯੂਨੀਵਰਸਿਟੀ 'ਚ ਵਾਈਸ ਡੀਨ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਪੱਤਰ 'ਤੇ ਦਸਤਖ਼ਤ ਕਰਨ ਵਾਲਿਆਂ 'ਚ ਅਸ਼ੋਕਾ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਪ੍ਰਤਾਪ ਭਾਨੂ ਮਹਿਤਾ, ਸੀ ਐੱਸ ਡੀ ਐੱਸ ਦੇ ਸਾਬਕਾ ਡਾਇਰੈਕਟਰ ਰਾਜੀਵ ਭਾਰਗਵ, ਜੇ ਐੱਨ ਯੂ ਦੀ ਸਾਬਕਾ ਪ੍ਰੋਫੈਸਰ ਨੀਰਜਾ ਗੋਪਾਲ ਜਯਾਲ, ਨਿਵੇਦਿਤਾ ਮੈਨਨ, ਜਥੇਬੰਦੀ ਕਾਮਨ ਕੌਜ਼ ਦੇ ਮੁਖੀ ਵਿਪੁਲ ਮੁਦਗਲ, ਹੈਦਰਾਬਾਦ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਕੇ ਸੀ ਸੂਰੀ ਅਤੇ ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸ ਸਟੱਡੀਜ਼ ਦੇ ਸਾਬਕਾ ਡਾਇਰੈਕਟਰ ਪੀਟਰ ਰੋਨਾਲਡ ਡਿਸੂਜ਼ਾ ਸ਼ਾਮਲ ਹਨ। ਪੱਤਰ 'ਚ ਕਿਹਾ ਗਿਆ ਹੈ,"ਅਸਲ ਪਾਠ ਪੁਸਤਕਾਂ 'ਚ ਕਈ ਵਿਆਪਕ ਸੋਧਾਂ ਕੀਤੀਆਂ ਗਈਆ ਹਨ ਅਤੇ ਉਨ੍ਹਾਂ ਨੂੰ ਵੱਖਰੇ ਢੰਗ ਦੀ ਕਿਤਾਬ ਬਣਾ ਦਿੱਤਾ ਗਿਆ ਹੈ। ਅਜਿਹੇ 'ਚ ਸਾਡੇ ਲਈ ਇਹ ਮੰਨਣਾ ਮੁਸ਼ਕਲ ਹੋ ਗਿਆ ਹੈ ਕਿ ਉਨ੍ਹਾਂ ਨੂੰ ਅਸੀਂ ਤਿਆਰ ਕੀਤਾ ਹੈ ਅਤੇ ਅਸੀਂ ਨਹੀਂ ਚਾਹੁੰਦੇ ਕਿ ਉਨ੍ਹਾਂ ਨਾਲ ਸਾਡਾ ਨਾਮ ਜੁੜੇ। ਹੁਣ ਸਾਡਾ ਮੰਨਣਾ ਹੈ ਕਿ ਇਹ ਸਾਂਝੀਆਂ ਰਚਨਾਤਮਕ ਕੋਸ਼ਿਸ਼ਾਂ ਖ਼ਤਰੇ ਹੇਠ ਹਨ।" ਚਿੱਠੀ 'ਚ ਇਹ ਵੀ ਕਿਹਾ ਗਿਆ ਹੈ ਕਿ ਪਾਠ ਪੁਸਤਕਾਂ ਨੂੰ ਵੱਖਰੇ ਨਜ਼ਰੀਏ ਅਤੇ ਵਿਚਾਰਧਾਰਾਵਾਂ ਨਾਲ ਜੁੜੇ ਰਾਜਨੀਤੀ ਵਿਗਿਆਨ ਮਾਹਿਰਾਂ ਨਾਲ ਵਿਸਥਾਰ ਨਾਲ ਚਰਚਾ ਅਤੇ ਸਹਿਯੋਗ ਮਗਰੋਂ ਤਿਆਰ ਕੀਤਾ ਗਿਆ ਸੀ।"ਇਸ ਦਾ ਮੂਲ ਉਦੇਸ਼ ਭਾਰਤ ਦੇ ਆਜ਼ਾਦੀ ਸੰਘਰਸ਼, ਸੰਵਿਧਾਨਕ ਢਾਂਚੇ, ਲੋਕਤੰਤਰ ਦੇ ਕੰਮਕਾਜ ਅਤੇ ਭਾਰਤੀ ਰਾਜਨੀਤੀ ਦੇ ਅਹਿਮ ਪੱਖਾਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਆਲਮੀ ਘਟਨਾਵਾਂ ਅਤੇ ਰਾਜਨੀਤੀ ਵਿਗਿਆਨ ਦੇ ਸਿਧਾਂਤਕ ਤੱਥਾਂ ਨੂੰ ਜੋੜਨਾ ਵੀ ਸੀ।" ਸੁਹਾਸ ਪਾਲੀਕਰ ਅਤੇ ਯੋਗੇਂਦਰ ਯਾਦਵ ਨੇ ਕਿਹਾ ਸੀ ਕਿ ਪਾਠ ਪੁਸਤਕਾਂ ਨੂੰ ਤਰਕਸੰਗਤ ਬਣਾਉਣ ਦੀ ਕੋਸ਼ਿਸ਼ ਦੌਰਾਨ ਉਨ੍ਹਾਂ ਨੂੰ ਵਿਗਾੜ ਦਿੱਤਾ ਗਿਆ ਹੈ ਅਤੇ ਅਕਾਦਮਿਕ ਤੌਰ 'ਤੇ ਬੇਕਾਰ ਬਣਾ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਐੱਨ ਸੀ ਈ ਆਰ ਟੀ ਨੇ ਨਵੇਂ ਸੈਸ਼ਨ ਲਈ 12ਵੀਂ ਜਮਾਤ ਦੀ ਰਾਜਨੀਤਕ ਵਿਗਿਆਨ ਦੀ ਪਾਠ ਪੁਸਤਕ 'ਚੋ ਮਹਾਤਮਾਂ ਗਾਂਧੀ ਦੀ ਮੌਤ ਦਾ ਦੇਸ਼ 'ਚ ਫਿਰਕੂ ਹਾਲਾਤ 'ਤੇ ਅਸਰ, ਗਾਂਧੀ ਦੀ ਹਿੰਦੂ-ਮੁਸਲਿਮ ਏਕਤਾ ਦੀ ਧਾਰਨਾ ਨੇ ਹਿੰਦੂ ਕੱਟੜਵਾਦੀਆਂ ਨੂੰ ਭੜਕਾਇਆ ਅਤੇ ਸੰਘ ਜਿਹੀਆਂ ਜਥੇਬੰਦੀਆਂ 'ਤੇ ਕੁਝ ਸਮੇਂ ਲਈ ਪਾਬੰਦੀ ਸਮੇਤ ਕਈ ਚੈਪਟਰਾਂ ਨੂੰ ਹਟਾ ਦਿੱਤਾ ਗਿਆ ਸੀ। ਉੱਧਰ 11ਵੀਂ ਜਮਾਤ ਦੇ ਸਮਾਜ ਸ਼ਾਸਤਰ ਦੀ ਕਿਤਾਬ 'ਚੋਂ ਗੁਜਰਾਤ ਦੰਗਿਆਂ ਦੇ ਚੈਪਟਰ ਨੂੰ ਵੀ ਹਟਾ ਦਿੱਤਾ ਗਿਆ ਹੈ। **- ਪੀ.ਟੀ.ਆਈ.**

> ਕਿਤਾਬਾਂ 'ਚ ਸੋਧ ਕਰਕੇ ਕੁਝ ਹੋਰ ਬਣਾਉਣ ਦਾ ਕੀਤਾ ਦਾਅਵਾ

ਪ੍ਰਾਪਤ ਆਰਥਿਕ ਸਹਾਇਤਾ

ਜ਼ੋਨ ਚੰਡੀਗੜ੍ਹ

ਅਜੀਤ ਪ੍ਰਦੇਸੀ (ਸੂਬਾ ਆਗੂ) 1000 ਰੁ.

ਇਕਾਈ ਸੰਗਰੂਰ

1. ਸੁਭਾਸ਼ ਬਦਰਾ (ਪੋਤਰੇ ਦੀ ਆਮਦ ਦੀ ਖ਼ੁਸ਼ੀ ਵਿੱਚ) 500 ਰੁ.
2. ਕੁਲਦੀਪ ਕੁਮਾਰ (ਮਾਤਾ ਜੀ ਦੀ ਯਾਦ ਵਿੱਚ) 500 ਰੁ. (ਰਾਹੀਂ: ਪਰਮਵੇਦ)

ਇਕਾਈ ਰੋਪੜ

1. ਸੰਜੀਵ ਕੁਮਾਰ ਪੁੱਤਰ ਮਾਸਟਰ ਪ੍ਰੀਤਮ ਕੁਮਾਰ ਜੀ 5100 ਰੁ.
2. ਅਜੀਤ ਪ੍ਰਦੇਸੀ (ਸੂਬਾ ਆਗੂ) 1440 ਰੁ.

ਇਕਾਈ ਸੁਨਾਮ

ਦਾਰਾ ਸਿੰਘ (ਮੈਂਬਰ ਇਕਾਈ) 500 ਰੁ.
(ਮਾਤਾ ਜੀ ਦੇ ਸਤਿਕਾਰ ਸਮਾਗਮ ਸਮੇਂ)

ਇਕਾਈ ਛਾਜਲੀ

ਗੁਰਮੇਲ ਸਿੰਘ ਪੂਨੀਆ ਜੀ ਦੇ ਪੁੱਤਰ ਮਨਿੰਦਰ ਸਿੰਘ ਕੇਨੈਡਾ
(ਦਾਦੀ ਕਰਨੈਲ ਕੌਰ ਦੇ ਸਤਿਕਾਰ ਸਮਾਗਮ ਸਮੇਂ)1100 ਰੁ.

ਇਕਾਈ ਬਠਿੰਡਾ

ਕੁਲਵੰਤ ਸਿੰਘ ਪੁੱਤਰ ਮੁਕੰਦ ਸਿੰਘ ਜੀ, ਕੋਟ ਸਮੀਰ
(ਰਾਹੀਂ: ਹਰਮੇਸ਼ ਸਿੰਘ ਸੰਧੂ) 2100 ਰੁ.

ਤਰਕਸ਼ੀਲ ਸੁਸਾਇਟੀ ਪੰਜਾਬ ਦਾ ਸੂਬਾਈ ਡੈਲੀਗੇਟ ਇਜਲਾਸ

ਸੁਮੀਤ ਸਿੰਘ

ਸਮਾਜ ਵਿਚ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਅਖੌਤੀ ਚਮਤਕਾਰਾਂ, ਪਾਖੰਡੀ ਬਾਬਿਆਂ, ਸਮਾਜਿਕ ਬੁਰਾਈਆਂ ਅਤੇ ਹਰ ਤਰ੍ਹਾਂ ਦੇ ਗੈਰ ਵਿਗਿਆਨਕ ਵਰਤਾਰਿਆਂ ਦੇ ਖਿਲਾਫ਼ ਵਿਗਿਆਨਕ ਚੇਤਨਾ ਦੇ ਪ੍ਰਚਾਰ ਤੇ ਪ੍ਰਸਾਰ ਅਤੇ ਲੋਕ ਪੱਖੀ ਸਮਾਜਿਕ ਤੇ ਸੱਭਿਆਚਾਰਕ ਤਬਦੀਲੀ ਲਈ ਪਿਛਲੇ 39 ਸਾਲਾਂ ਤੋਂ ਲਗਾਤਾਰ ਜਦੋ ਜਹਿਦ ਕਰ ਰਹੀ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਇਕ ਰੋਜਾ ਸੂਬਾਈ ਡੈਲੀਗੇਟ ਇਜਲਾਸ ਤਰਕਸ਼ੀਲ ਭਵਨ ਬਰਨਾਲਾ ਵਿਖੇ 30 ਅਪ੍ਰੈਲ ਨੂੰ ਹੋਇਆ ਜਿਸ ਵਿਚ ਪੰਜਾਬ ਦੇ 10 ਜੋਨਾਂ ਦੀਆਂ 67 ਇਕਾਈਆਂ ਦੇ 163 ਡੈਲੀਗੇਟ ਅਤੇ 47 ਦਰਸਕ ਸ਼ਾਮਿਲ ਹੋਏ।

ਇਸ ਮੌਕੇ ਨਿਰਧਾਰਤ ਵਕਤ ’ਤੇ ਪੁੱਜੇ ਸਾਰੇ ਡੈਲੀਗੇਟਾਂ ਵਲੋਂ ਰਜਿਸਟਰੇਸ਼ਨ ਕਰਵਾਉਣ ਅਤੇ ਚਾਹ ਪਾਣੀ ਪੀਣ ਤੋਂ ਬਾਅਦ ਪਹਿਲੇ ਸੈਸਨ ਦੀ ਸ਼ੁਰੂਆਤ ਤੋਂ ਪਹਿਲਾਂ ਵੱਖ ਵੱਖ ਇਕਾਈਆਂ ਦੇ ਤਰਕਸ਼ੀਲ ਸਾਥੀਆਂ ਅੰਮ੍ਰਿਤਪਾਲ ਬੁਢਲਾਡਾ, ਜੋਗਾ ਸਿੰਘ ਚੰਡੀਗੜ੍ਹ, ਦੀਪ ਦਿਲਬਰ, ਰਾਮ ਸਿੰਘ ਨਿਰਮਾਣ ਚੁੱਘੇ ਕਲਾਂ, ਸੁਖਵਿੰਦਰ ਖਾਰਾ ਅਤੇ ਜਸਪਾਲ ਬਾਸਰਕੇ ਵਲੋਂ ਇਨਕਲਾਬੀ ਗੀਤ ਅਤੇ ਅਗਾਂਹਵਧੂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।

ਪਹਿਲੇ ਅਤੇ ਦੂਜੇ ਸ਼ੈਸਨ ਦੇ ਪ੍ਰਧਾਨਗੀ ਮੰਡਲ ਵਿਚ ਸੂਬਾ ਕਮੇਟੀ ਆਗੂ ਹੇਮ ਰਾਜ ਸਟੈਨੋ, ਸੁਖਵਿੰਦਰ ਬਾਗਪੁਰ, ਬਲਬੀਰ ਲੌਂਗੋਵਾਲ, ਰਾਜਪਾਲ ਸਿੰਘ, ਰਾਮ ਸਵਰਨ ਲੱਖੇਵਾਲੀ ਅਤੇ ਗੁਰਪ੍ਰੀਤ ਸਹਿਣਾ ਸ਼ਾਮਿਲ ਹੋਏ ਜਦਕਿ ਸੂਬਾ ਕਾਰਜਕਾਰਨੀ ਦੀ ਤਰਫੋਂ ਗੁਰਪ੍ਰੀਤ ਸਹਿਣਾ ਵਲੋਂ ਪਿਛਲੇ ਸੈਸਨ ਦੀ ਦੋ ਸਾਲਾ ਰੀਵੀਊ ਰਿਪੋਰਟ ਅਤੇ ਅਗਲੇ ਦੋ ਸਾਲ ਲਈ ਕਾਰਜ ਵਿਉਂਤਬੰਦੀ ਦਾ ਖਰੜਾ ਪੇਸ਼ ਕੀਤਾ ਗਿਆ। ਇਨ੍ਹਾਂ ਦੋਵੇਂ ਰਿਪੋਰਟਾਂ ਉੱਤੇ ਵੱਖ ਵੱਖ ਜੋਨਾਂ ਅਤੇ ਇਕਾਈਆਂ ਨਾਲ ਸੰਬੰਧਿਤ ਡੈਲੀਗੇਟਾਂ ਰਾਜਵੰਤ ਬਾਗੜੀਆਂ, ਪਰਮਵੇਦ ਸੰਗਰੂਰ, ਸੁਰਜੀਤ ਟਿੱਬਾ, ਜਸਵੰਤ ਜੀਰਖ, ਗੁਰਮੀਤ ਖਰੜ, ਰਾਮ ਕੁਮਾਰ ਪਟਿਆਲਾ, ਤਰਲੋਚਨ ਸਮਰਾਲਾ, ਬਲਬੀਰ ਲੌਂਗੋਵਾਲ, ਪ੍ਰਵੀਨ ਜੰਡਵਾਲਾ, ਭੂਰਾ ਸਿੰਘ ਮਹਿਮਾ ਸਰਜਾ, ਜੁਝਾਰ ਲੌਂਗੋਵਾਲ, ਗਗਨ ਰਾਮਪੁਰਾ, ਸੁਖਵਿੰਦਰ ਬਾਗਪੁਰ, ਮਾਸਟਰ ਜਗਦੀਸ਼, ਮੁਖਤਿਆਰ ਗੋਪਾਲਪੁਰ, ਕੁਲਵਿੰਦਰ ਨਗਾਰੀ, ਜੋਗਿੰਦਰ ਕੁੱਲੇਵਾਲ, ਪ੍ਰੋ. ਮਨਜੀਤ ਸਿੰਘ, ਡਾ. ਮਜੀਦ ਆਜਾਦ, ਅਜਾਇਬ ਜਲਾਲਆਣਾ, ਜਸਵੀਰ ਸੋਨੀ, ਸਤਨਾਮ ਦਾਊਂ, ਵਿਸਵ ਕਾਂਤ, ਹਰਚੰਦ ਭਿੰਡਰ, ਸੰਦੀਪ ਧਾਰੀਵਾਲ ਭੋਜਾ, ਜਸਵਿੰਦਰ ਫਗਵਾੜਾ, ਸੋਹਣ ਸਿੰਘ ਮਾਝੀ, ਸੰਦੀਪ ਕੁਮਾਰ ਦਰਦੀ, ਨਸੀਬ ਚੰਦ ਬੱਬੀ, ਜਸਪਾਲ ਬਾਸਰਕੇ, ਜੋਗਾ ਸਿੰਘ ਅਤੇ ਸੁਰਿੰਦਰ ਪਾਲ ਫਗਵਾੜਾ ਆਦਿ ਨੇ ਉਸਾਰੂ ਵਿਚਾਰ ਵਟਾਂਦਰਾ ਕਰਦਿਆਂ ਤਰਕਸ਼ੀਲ ਸਾਹਿਤ ਵੈਨ ਦਾ ਸਾਲਾਨਾ ਪ੍ਰੋਗਰਾਮ ਉਲੀਕਣ, ਤਰਕਸ਼ੀਲ ਮੈਗਜ਼ੀਨ ਦੀ ਗਿਣਤੀ ਵਧਾਉਣ, ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਚ ਸਮੂਹ ਇਕਾਈਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ, ਤਰਕਸ਼ੀਲ ਟੀ.ਵੀ., ਕਾਨੂੰਨ ਵਿਭਾਗ ਤੇ ਸ਼ੋਸਲ ਮੀਡੀਆ ਵਿਭਾਗ ਨੂੰ ਹੋਰ ਸਰਗਰਮ ਕਰਨ ਤੋਂ ਇਲਾਵਾ ਇਕਾਈ ਪੱਧਰ ’ਤੇ ਮੀਟਿੰਗਾਂ, ਪਾਠਕ ਮਿਲਣੀਆਂ, ਚੇਤਨਾ ਸੈਮੀਨਾਰਾਂ ਅਤੇ ਸਿਖਲਾਈ ਵਰਕਸ਼ਾਪਾਂ ਦੀ ਲਗਾਤਾਰਤਾ ਬਣਾਈ ਰੱਖਣ ਆਦਿ ਖੇਤਰਾਂ ਵਿਚ ਹੋਰ ਵਧ ਸਰਗਰਮ ਹੋਣ ਦੀ ਲੋੜ ਉੱਤੇ ਜੋਰ ਦਿੱਤਾ ਗਿਆ। ਇਸਦੇ ਇਲਾਵਾ ਪੰਜਾਬ ਸਮੇਤ ਦੇਸ਼ ਵਿਚ ਦਿਨੋਂ ਦਿਨ ਵਧ ਰਹੇ ਅੰਧ ਵਿਸ਼ਵਾਸਾਂ, ਧਾਰਮਿਕ ਕੱਟੜਵਾਦ, ਡੇਰਾਵਾਦ, ਬਾਬਾਵਾਦ, ਜਮਹੂਰੀ ਹੱਕਾਂ ਦੀ ਉਲੰਘਣਾ, ਸਿੱਖਿਆ ਦੇ ਵਧ ਰਹੇ ਭਗਵੇਂਕਰਨ, ਵਪਾਰੀਕਰਨ ਅਤੇ ਦੇਸ਼ ਵਿਚ ਵਧ ਰਹੇ ਫ਼ਿਰਕੂ ਫਾਸ਼ੀਵਾਦ ਦੇ ਹਮਲਿਆਂ ਦੇ ਖਿਲਾਫ਼ ਤਰਕਸ਼ੀਲ ਸੁਸਾਇਟੀ ਵਲੋਂ ਸਮਾਜ ਵਿਚ ਵਿਗਿਆਨਕ ਅਤੇ ਜਮਾਤੀ ਚੇਤਨਾ ਦੀ ਲਹਿਰ ਨੂੰ ਹੋਰ ਤੇਜੀ ਨਾਲ ਵਿਕਸਤ ਕਰਨ ਦੇ ਇਲਾਵਾ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਵਾਉਣ ਲਈ ਜੱਥੇਬੰਦਕ ਯਤਨ ਹੋਰ ਤੇਜ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸ਼ੈਸ਼ਨ ਲਈ ਸਟੇਜ ਦੀ ਕਾਰਵਾਈ ਸੂਬਾ ਕਮੇਟੀ ਆਗੂ ਰਾਮ ਸਵਰਨ ਲੱਖੇਵਾਲੀ ਵਲੋਂ ਚਲਾਈ ਗਈ।

ਦੂਜੇ ਸ਼ੈਸਨ ਵਿਚ ਰੀਵੀਊ ਰਿਪੋਰਟ ਬਾਰੇ 13 ਵਿਭਾਗਾਂ ਦੇ ਸੂਬਾਈ ਮੁਖੀਆਂ ਵਲੋਂ ਪਿਛਲੇ ਸ਼ੈਸਨ ਵਿਚ ਰਹਿ ਗਈਆਂ ਘਾਟਾਂ, ਕਮਜੋਰੀਆਂ ਅਤੇ ਡੈਲੀਗੇਟਾਂ ਦੇ ਸੁਝਾਵਾਂ ਸੰਬੰਧੀ ਆਪਣਾ ਪੱਖ ਰੱਖਦਿਆਂ ਲੋਕ ਪੱਖੀ ਵਿਗਿਆਨਕ, ਸਮਾਜਿਕ ਅਤੇ ਸਭਿਆਚਾਰਕ ਤਬਦੀਲੀ ਲਈ ਸੁਸਾਇਟੀ ਦੀਆਂ ਇਕਾਈਆਂ ਅਤੇ ਜੋਨਾਂ ਨੂੰ ਲਗਾਤਾਰ ਸਿਖਲਾਈ ਵਰਕਸ਼ਾਪਾਂ ਅਤੇ ਸੈਮੀਨਾਰਾਂ ਰਾਹੀਂ ਹੋਰ ਵਧ ਸਰਗਰਮ ਕਰਨ, ਵੱਧ ਤੋਂ ਵੱਧ ਔਰਤਾਂ, ਵਿਦਿਆਰਥੀਆਂ,

ਨੌਜਵਾਨਾਂ ਨੂੰ ਸ਼ਾਮਿਲ ਕਰਕੇ ਸੁਸਾਇਟੀ ਦਾ ਘੇਰਾ ਹੋਰ ਵਿਸ਼ਾਲ ਕਰਨ ਅਤੇ ਮੌਜੂਦਾ ਸਮਿਆਂ ਦੀਆਂ ਚੁਣੌਤੀਆਂ ਦਾ ਡਟ ਕੇ ਟਾਕਰਾ ਕਰਨ ਦੇ ਨਾਲ ਨਾਲ ਇਸ ਗੱਲ ਉੱਤੇ ਜ਼ੋਰ ਦਿੱਤਾ ਗਿਆ ਕਿ ਸੂਬਾ ਕਾਰਜਕਾਰਨੀ ਦੇ ਫੈਸਲਿਆਂ ਅਤੇ ਕਾਰਜ ਵਿਉਂਤਬੰਦੀ ਨੂੰ ਇਕਾਈ ਪੱਧਰ ’ਤੇ ਲਾਗੂ ਕਰਨ ਲਈ ਸੂਬਾਈ ਅਤੇ ਜੋਨ ਆਗੂਆਂ ਵਲੋਂ ਲਗਾਤਾਰ ਵਿਸ਼ੇਸ਼ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਇਸ ਤੋਂ ਇਲਾਵਾ ਪੰਜਾਬ ਸਮੇਤ ਦੇਸ਼ ਵਿਚ ਧਾਰਮਿਕ ਮੂਲਵਾਦ ਦੀ ਰਾਜਨੀਤੀ ਕਰਨ ਵਾਲੀਆਂ ਫ਼ਿਰਕੂ ਫਾਸੀਵਾਦੀ ਤਾਕਤਾਂ ਵਲੋਂ ਵਿਗਿਆਨਕ ਵਿਚਾਰਧਾਰਾ ਅਤੇ ਤਰਕਸ਼ੀਲ ਸੰਸਥਾਵਾਂ ਉੱਤੇ ਕੀਤੇ ਜਾ ਰਹੇ ਹਮਲਿਆਂ ਅਤੇ ਵਿਚਾਰ ਪ੍ਰਗਟਾਵੇ ਦੀ ਆਜਾਦੀ ਉੱਤੇ ਲਾਈਆਂ ਜਾ ਰਹੀਆਂ ਪਾਬੰਦੀਆਂ ਦਾ ਟਾਕਰਾ ਕਰਨ ਲਈ ਹਮ ਖਿਆਲ ਅਤੇ ਲੋਕ ਪੱਖੀ ਜਮਹੂਰੀ ਜਨਤਕ ਜੱਥੇਬੰਦੀਆਂ ਨਾਲ ਸਾਂਝੀਆਂ ਸਰਗਰਮੀਆਂ ਕਰਨ ਦੀ ਲੋੜ ਉੱਤੇ ਵੀ ਜੋਰ ਦਿੱਤਾ ਗਿਆ। ਇਸ ਮੌਕੇ ਸਟੇਜ ਦੀ ਕਾਰਵਾਈ ਗੁਰਪ੍ਰੀਤ ਸਹਿਣਾ ਵਲੋਂ ਚਲਾਈ ਗਈ।

ਇਸ ਮੌਕੇ ਤੀਜੇ ਅਤੇ ਆਖਰੀ ਚੋਣ ਸ਼ੈਸ਼ਨ ਵਿਚ ਅਗਲੇ ਦੋ ਸਾਲਾਂ ਲਈ 13 ਮੈਂਬਰੀ ਨਵੀਂ ਸੂਬਾਈ ਕਾਰਜਕਾਰਨੀ ਟੀਮ ਦੀ ਚੋਣ ਕੀਤੀ ਗਈ। ਇਸ ਸ਼ੈਸ਼ਨ ਦੀ ਪ੍ਰਧਾਨਗੀ ਸੂਬਾ ਕਮੇਟੀ ਆਗੂਆਂ ਰਾਜਿੰਦਰ ਭਦੌੜ, ਰਾਜੇਸ਼ ਅਕਲੀਆ, ਅਜਾਇਬ ਜਲਾਲਆਣਾ, ਡਾ. ਮਜੀਦ ਆਜਾਦ, ਜਸਵੰਤ ਮੁਹਾਲੀ ਅਤੇ ਜੁਝਾਰ ਲੌਂਗੋਵਾਲ ਨੇ ਕੀਤੀ ਜਦ ਕਿ ਸਟੇਜ ਦੀ ਕਾਰਵਾਈ ਮਾਸਟਰ ਰਾਜਿੰਦਰ ਭਦੌੜ ਵਲੋਂ ਚਲਾਈ ਗਈ। ਇਸ ਮੌਕੇ ਕਾਨੂੰਨ ਵਿਭਾਗ ਅਤੇ ਸ਼ੋਸ਼ਲ ਮੀਡੀਆ ਵਿਭਾਗ ਦੀ ਚੋਣ ਬਹੁ ਸੰਮਤੀ ਨਾਲ ਜਦ ਕਿ 11 ਵਿਭਾਗਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਸ ਚੋਣ ਵਿਚ ਜਥੇਬੰਦਕ ਵਿਭਾਗ ਲਈ ਮਾਸਟਰ ਰਾਜਿੰਦਰ ਭਦੌੜ, ਵਿਤ ਵਿਭਾਗ ਰਾਜੇਸ ਅਕਲੀਆ, ਸਭਿਆਚਾਰਕ ਵਿਭਾਗ ਜੋਗਿੰਦਰ ਕੁੱਲੇਵਾਲ, ਮੀਡੀਆ ਵਿਭਾਗ ਸੁਮੀਤ ਅੰਮ੍ਰਿਤਸਰ, ਸੰਪਾਦਕੀ ਵਿਭਾਗ ਬਲਬੀਰ ਲੌਂਗੋਵਾਲ, ਸਾਹਿਤ ਵਿਭਾਗ ਹੇਮ ਰਾਜ ਸਟੈਨੋ, ਪ੍ਰਿੰਟਿੰਗ ਵਿਭਾਗ ਰਾਜਪਾਲ ਸਿੰਘ, ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ ਜਸਵੰਤ ਮੋਹਾਲੀ, ਮਾਨਸਿਕ ਸਿਹਤ ਮਸ਼ਵਰਾ ਵਿਭਾਗ ਅਜੀਤ ਪ੍ਰਦੇਸੀ ਰੋਪੜ, ਕਾਨੂੰਨ ਵਿਭਾਗ ਜਸਵਿੰਦਰ ਫਗਵਾੜਾ, ਵਿਦਿਆਰਥੀ ਚੇਤਨਾ ਵਿਭਾਗ ਰਾਮ ਸਵਰਨ ਲੱਖੇਵਾਲੀ, ਸਾਹਿਤ ਵੈਨ ਵਿਭਾਗ ਗੁਰਪ੍ਰੀਤ ਸਹਿਣਾ ਅਤੇ ਸ਼ੋਸਲ ਮੀਡੀਆ ਵਿਭਾਗ ਲਈ ਸੰਦੀਪ ਧਾਰੀਵਾਲ ਭੋਜਾਂ ਅਗਲੇ ਦੋ ਸਾਲਾਂ ਲਈ ਚੁਣੇ ਗਏ।

ਇਸ ਮੌਕੇ ਤਰਕਸ਼ੀਲ ਲਹਿਰ ਦੇ ਵਿਕਾਸ ਵਿਚ ਲਗਾਤਾਰ ਸਭ ਤੋਂ ਵਧ ਯੋਗਦਾਨ ਪਾਉਣ ਵਾਲੇ ਚੰਡੀਗੜ੍ਹ ਜੋਨ ਦੇ ਆਗੂ ਜਰਨੈਲ ਕ੍ਰਾਂਤੀ ਨੂੰ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵਿਅਕਤੀਗਤ ਪੱਧਰ ’ਤੇ ਸਭ ਤੋਂ ਵੱਧ “ਤਰਕਸ਼ੀਲ” ਮੈਗਜੀਨ ਦੇ ਚੰਦੇ ਕੱਟਣ ਲਈ ਰੋਪੜ ਇਕਾਈ ਦੇ ਆਗੂ ਅਜੀਤ ਪ੍ਰਦੇਸੀ ਅਤੇ ਇਕਾਈ ਪੱਧਰ ’ਤੇ ਬਠਿੰਡਾ ਇਕਾਈ ਨੂੰ ਅਤੇ ਚੌਥੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿਚ ਸਭ ਤੋਂ ਵੱਧ ਵਿਦਿਆਰਥੀਆਂ ਦੀ ਸ਼ਮੂਲੀਅਤ ਕਰਵਾਉਣ ਲਈ ਪਟਿਆਲਾ ਇਕਾਈ ਦੇ ਸਾਥੀਆਂ ਨੂੰ ਸਨਮਾਨ ਪੱਤਰ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਮੁੱਚੇ ਇਜਲਾਸ ਵਲੋਂ ਜੰਤਰ ਮੰਤਰ ਦਿੱਲੀ ਵਿਖੇ ਜਿਨਸੀ ਅਤੇ ਮਾਨਸਿਕ ਸ਼ੋਸ਼ਣ ਦੇ ਖਿਲਾਫ਼ ਧਰਨਾ ਦੇ ਰਹੇ ਮਹਿਲਾ ਅਤੇ ਪੁਰਸ਼ ਪਹਿਲਵਾਨਾਂ ਦੀ ਹਮਾਇਤ ਕਰਦਿਆਂ ਮੋਦੀ ਸਰਕਾਰ ਤੋਂ ਉਨ੍ਹਾਂ ਨੂੰ ਸਹੀ ਅਤੇ ਜਲਦੀ ਇਨਸਾਫ ਦੇਣ ਦੀ ਜ਼ੋਰਦਾਰ ਮੰਗ ਕੀਤੀ ਗਈ। ਇਸਦੇ ਇਲਾਵਾ ਐਨ ਸੀ ਈ ਆਰ ਟੀ ਦੇ ਸਿਲੇਬਸ ’ਚੋਂ ਡਾਰਵਿਨ ਦੇ ਜੀਵ ਵਿਕਾਸ ਦੇ ਸਿਧਾਂਤ ਅਤੇ ਹੋਰਨਾਂ ਵਿਗਿਆਨਕ ਚੇਤਨਾ ਦੇ ਪਾਠਕ੍ਰਮਾਂ ਨੂੰ ਬਾਹਰ ਕੱਢਣ ਦੇ ਖਿਲਾਫ਼, ਲੋਕ ਵਿਰੋਧੀ ਕੌਮੀ ਸਿੱਖਿਆ ਨੀਤੀ 2020 ਨੂੰ ਤੁਰੰਤ ਰੱਦ ਕਰਨ, ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਜਲਦੀ ਬਨਾਉਣ ਕਰਨ, ਸਜਾ ਪੂਰੀ ਕਰ ਚੁੱਕੇ ਤਮਾਮ ਕੈਦੀਆਂ ਅਤੇ ਝੂਠੇ ਕੇਸਾਂ ਵਿੱਚ ਨਜਾਇਜ ਜੇਲ੍ਹੀਂ ਡੱਕੇ ਬੁੱਧੀਜੀਵੀਆਂ ਅਤੇ ਸਮਾਜਿਕ ਕਾਰਕੁਨਾਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕਰਨ, ਨਿਰਦੋਸ਼ ਆਦਿਵਾਸੀਆਂ ਉੱਤੇ ਹਵਾਈ ਹਮਲੇ ਅਤੇ ਅੰਧਾਧੁੰਦ ਨਜਾਇਜ ਗ੍ਰਿਫ਼ਤਾਰੀਆਂ ਬੰਦ ਕਰਨ, ਬਸਤੀਵਾਦੀ ਕਾਲੇ ਕਾਨੂੰਨਾਂ ਯੂ ਏ ਪੀ ਏ, ਐਨ ਐਸ ਏ, ਪੀ ਐੱਮ ਐਲ ਏ ਅਤੇ ਅੈਫਸਪਾ ਨੂੰ ਖਤਮ ਕਰਨ, ਕਿਸਾਨਾਂ-ਮਜਦੂਰਾਂ ਨੂੰ ਬੇਮੌਸਮੀ ਬਾਰਿਸ਼ ਕਾਰਨ ਹੋਏ ਨੁਕਸਾਨ ਦਾ ਤੁਰੰਤ ਯੋਗ ਮੁਆਵਜਾ ਦੇਣ, ਜਲ੍ਹਿਆਂਵਾਲਾ ਬਾਗ ਦੇ ਮੂਲ ਸਰੂਪ ਨੂੰ ਬਹਾਲ ਕਰਨ ਅਤੇ ਗੁਰਸ਼ਰਨ ਭਾਅ ਜੀ ਦੇ ਅੰਮ੍ਰਿਤਸਰ ਵਿਖੇ ਜੱਦੀ ਘਰ ਨੂੰ ਸਭਿਆਚਾਰਕ ਵਿਰਾਸਤ ਦਾ ਦਰਜਾ ਦੇਣ ਦੀ ਮੰਗ ਕਰਨ ਸੰਬੰਧੀ ਅਹਿਮ ਮਤੇ ਵੀ ਪਾਸ ਕੀਤੇ ਗਏ।

ਇਸ ਮੌਕੇ ਇਜਲਾਸ ਵਿੱਚ ਸ਼ਾਮਿਲ ਹੋਏ ਵੱਖ ਵੱਖ ਇਕਾਈਆਂ ਦੇ 47 ਤਰਕਸ਼ੀਲ ਮੈਂਬਰ ਦਰਸ਼ਕਾਂ ਤੋਂ ਇਲਾਵਾ ਬਲਰਾਜ ਮੌੜ ਬਠਿੰਡਾ, ਗਿਆਨ ਸਿੰਘ, ਲੱਖਾ ਸਿੰਘ ਮਾਨਸਾ, ਨਿਰਮਲ ਪਟਵਾਰੀ, ਜਸਵੰਤ ਜੱਸ, ਸੁਰਜੀਤ ਦੌਧਰ, ਸੁਰਿੰਦਰ ਰਾਮਪੁਰਾਫੂਲ, ਕੁਲਵੰਤ ਕੌਰ ਪਟਿਆਲਾ, ਅਮਨ ਰਣਜੀਤ ਗੱਗੋਮਾਹਲ, ਪਾਲ ਬਾਗਪੁਰ, ... **ਬਾਕੀ ਪੰਨਾ 46 ’ਤੇ**

ਪੇਟ ਦੇ ਛੇਕ ਤੋਂ ਖੋਜਾਂ

ਵਿਲੀਅਮ ਬਿਊਮੋਂਟ ਫੌਜ ਦਾ ਇਕ ਪ੍ਰਮੁੱਖ ਸਰਜਨ ਸੀ। ਉਹ ਅਮਰੀਕਨ ਫੌਜ ਵਿਚ ਕੰਮ ਕਰਦਾ ਸੀ। ਉਸ ਸਮੇਂ ਉਸਦੀ ਪੋਸਟਿੰਗ ਕੈਨੇਡਾ ਦੇ ਇਕ ਟਾਪੂ ਦੇ ਛੋਟੇ ਜਿਹੇ ਪਿੰਡ ਵਿਚ ਸੀ। ਅਜਿਹੀ ਜਗ੍ਹਾ 'ਤੇ ਇਕ ਮਿਹਨਤੀ ਸਰਜਨ ਦੇ ਕਰਨ ਲਈ ਬਹੁਤਾ ਕੰਮ ਨਹੀਂ ਸੀ, ਪ੍ਰੰਤੂ ਉਦੋਂ ਹੀ ਉਸਦੇ ਜੀਵਨ ਵਿਚ ਅਲੈਕਸਿਸ ਸੇਂਟ ਮਾਰਟਿਨ ਨਾਂ ਦਾ ਮਰੀਜ਼ ਆਇਆ ਤੇ ਉਸਦਾ ਡਾਕਟਰੀ ਜੀਵਨ ਹਮੇਸ਼ਾ ਲਈ ਬਦਲ ਗਿਆ।

ਮਾਰਟਿਨ ਇਕ ਮਸਤਮੌਲਾ ਨੌਜਵਾਨ ਸੀ, ਜੋ ਖਤਰਿਆਂ ਭਰਪੂਰ ਕਾਰਨਾਮੇ ਕਰਨ ਵਿਚ ਰੁਚੀ ਰੱਖਦਾ ਸੀ। ਇੱਕ ਕੰਪਨੀ ਨੇ ਉਸਨੂੰ ਕਿਸ਼ਤੀ ਦੁਆਰਾ ਜਾਨਵਰਾਂ ਦੀਆਂ ਖੱਲਾਂ ਢੋਣ ਦਾ ਕੰਮ ਦਿੱਤਾ। ਛੇ ਜੂਨ 1822 ਨੂੰ ਮਾਰਟਿਨ ਆਪਣੀ ਕੰਪਨੀ ਦੇ ਭੰਡਾਰ ਵਿਚ ਕਈ ਆਦਮੀਆਂ ਸਮੇਤ ਆਰਾਮ ਕਰ ਰਿਹਾ ਸੀ, ਕਿਉਂਕਿ ਥੋੜ੍ਹੀ ਦੇਰ ਪਹਿਲਾਂ ਹੀ ਉਹ ਲੰਬੀ ਯਾਤਰਾ ਤੋਂ ਮੁੜਿਆ ਸੀ, ਕੋਲ ਹੀ ਸ਼ਰਾਬ ਦੇ ਨਸ਼ੇ ਵਿਚ ਟੱਲੀ, ਇਕ ਹੋਰ ਯਾਤਰੀ ਆਪਣੀ ਭਰੀ ਹੋਈ ਬੰਦੂਕ ਨਾਲ ਛੇੜਛਾੜ ਕਰਨ ਲੱਗਾ। ਅਚਾਨਕ ਬੰਦੂਕ ਚਲ ਗਈ। ਬੰਦੂਕ ਦੀਆਂ ਗੋਲੀਆਂ ਮਾਰਟਿਨ ਦੇ ਸਰੀਰ ਵਿਚ ਉਸਦੀ ਛਾਤੀ ਦੇ ਠੀਕ ਹੇਠਾਂ ਵੱਜੀਆਂ।







ਕੁਝ ਹੀ ਪਲਾਂ ਵਿਚ ਡਾ. ਬਿਊਮੋਂਟ ਉਸ ਨੌਜਵਾਨ ਨੂੰ ਸੰਭਾਲ ਰਹੇ ਸਨ। ਉਹਨਾਂ ਨੂੰ ਬਹੁਤ ਹੈਰਾਨੀ ਹੋਈ ਕਿ ਮਾਰਟਿਨ ਅਜੇ ਵੀ ਜਿਉਂਦਾ ਸੀ ਅਤੇ ਉਸਦੇ ਪੇਟ ਵਿਚ ਇਕ ਖੁੱਲ੍ਹਾ, ਵੱਡਾ ਸਾਰਾ ਛੇਕ ਸੀ। ਡਾਕਟਰ ਦੇ ਹੱਥ ਤੋਂ ਵੱਡਾ। ਉਸ ਛੇਕ ਵਿਚੋਂ ਮਰੀਜ ਦੇ ਫੇਫੜੇ ਅਤੇ ਪੇਟ ਦਾ ਕੁਝ ਕੁ ਹਿੱਸਾ ਵੀ ਦਿਖਾਈ ਦਿੰਦਾ ਸੀ।

ਡਾ: ਬਿਊਮੋਂਟ ਨੇ ਜ਼ਖਮ ਨੂੰ ਸਾਫ ਕਰਕੇ ਪੱਟੀ ਬੰਨ੍ਹੀ। ਉਹ ਸੋਚ ਰਹੇ ਸਨ ਕਿ ਮਰੀਜ ਬਚ ਨਹੀਂ ਸਕਦਾ ਪਰ ਮਾਰਟਿਨ ਮਰਿਆ ਨਹੀਂ। ਉਸਦਾ ਜ਼ਖਮ ਅਨੋਖੇ ਤਰੀਕੇ ਨਾਲ ਭਰ ਗਿਆ। ਬਜਾਏ ਆਪਣੇ ਅਸਲੀ ਥਾਂ ਵਾਪਸ ਜਾਣ ਦੇ, ਉਸਦਾ ਮਿਹਦਾ ਛਾਤੀ ਦੀ ਦੀਵਾਰ ਨਾਲ ਜੁੜ ਗਿਆ। ਜ਼ਖਮ ਦੇ ਆਸ ਪਾਸ ਨਵੀਂ ਚਮੜੀ ਆ ਗਈ ਪ੍ਰੰਤੂ ਛੇਕ ਖੁੱਲ੍ਹਾ ਹੀ ਰਿਹਾ।

ਪ੍ਰੰਤੂ ਚਮੜੀ ਦਾ ਇਕ ਟੁਕੜਾ ਛੇਕ ਦੇ ਉੱਪਰ ਲਟਕਦਾ ਰਿਹਾ, ਜਿਵੇਂ ਕਿਸੇ ਖਿੜਕੀ ਦੇ ਉੱਪਰ ਪਰਦਾ ਲਟਕਿਆ ਹੋਵੇ। ਜੇਕਰ ਇਸ ਪਰਦੇ ਨੂੰ ਚੁੱਕ ਕੇ ਦੇਖਦੇ ਤਾਂ ਸੇਂਟ ਮਾਰਟਿਨ ਦਾ ਪੇਟ ਅੰਦਰ ਤੋਂ ਨਜ਼ਰ ਪੈਂਦਾ ਸੀ। ਡਾ. ਬਿਊਮੋਂਟ ਸਮਝ ਗਏ ਕਿ ਉਹਨਾਂ ਨੂੰ ਇਹ ਇਕ ਅਨੋਖਾ ਮੌਕਾ ਮਿਲਿਆ ਹੈ, ਜਿਸ ਨੂੰ ਗਵਾਉਣਾ ਮੂਰਖਤਾ ਹੋਵੇਗੀ। ਉਹ ਇਤਿਹਾਸ ਵਿਚ ਪਹਿਲੇ ਅਜਿਹੇ ਮਨੁੱਖ ਹੋਣਗੇ ਜਿੰਨ੍ਹਾਂ ਨੇ ਅਸਲ ਵਿਚ ਜਿਉਂਦੇ ਜਾਗਦੇ ਪੇਟ ਦੇ ਅੰਦਰ ਵੇਖਿਆ ਹੋਵੇਗਾ ਅਤੇ ਜਾਣਿਆ ਹੋਵੇਗਾ ਕਿ ਭੋਜਨ ਅੰਦਰ ਕਿਵੇਂ ਪਚਦਾ ਹੈ। ਉਹ ਪਾਚਨ ਕਿਰਿਆ ਦੇ ਭੇਤਾਂ ਨੂੰ ਸੁਲਝਾ ਸਕਦੇ ਸਨ। ਮਾਰਟਿਨ ਵਿਚ ਹੁਣ ਇਕ ਮਲਾਹ ਦਾ ਕੰਮ ਕਰਨ ਦੀ ਤਾਕਤ ਨਹੀਂ ਸੀ। ਉਹ ਭੋਜਨ ਅਤੇ ਇਲਾਜ ਲਈ ਡਾ. ਬਿਊਮੋਂਟ 'ਤੇ ਹੀ ਨਿਰਭਰ ਸੀ। ਇਸ ਲਈ ਨਾ ਚਾਹੁੰਦੇ ਹੋਏ ਵੀ ਉਸਨੇ ਡਾ. ਬਿਊਮੋਂਟ ਦੇ ਪ੍ਰਯੋਗਾਂ ਦਾ ਹਿੱਸਾ ਬਣਨਾ ਮਨਜ਼ੂਰ ਕਰ ਲਿਆ।

ਡਾ. ਬਿਊਮੋਂਟ ਨੇ ਚੰਗੀ ਤਰ੍ਹਾਂ ਸੋਚ ਵਿਚਾਰ ਕਰ ਕੇ ਅਜਿਹੇ ਪ੍ਰਯੋਗਾਂ ਦੀ ਯੋਜਨਾ ਬਣਾਈ ਜਿਸ ਵਿਚ ਮਾਰਟਿਨ ਨੂੰ ਕੋਈ ਤਕਲੀਫ ਨਾ ਹੋਵੇ। ਉਹਨਾਂ ਨੇ ਭੋਜਨ ਦੇ ਛੋਟੇ-ਛੋਟੇ ਟੁਕੜਿਆਂ ਨੂੰ ਰੇਸ਼ਮ ਦੇ ਧਾਗਿਆਂ ਨਾਲ ਬੰਨ੍ਹ ਕੇ ਮਿਹਦੇ ਵਿਚ ਪਾਇਆ। ਫਿਰ ਉਹ ਥੋੜ੍ਹੀ ਦੇਰ ਬਾਅਦ ਉਸ ਨੂੰ ਕੱਢ ਲੈਂਦੇ ਤੇ ਦੇਖਦੇ ਕਿ ਕਿੰਨੀ ਕੁ ਪਾਚਨ ਕਿਰਿਆ ਹੋਈ ਹੈ ਅਤੇ ਫਿਰ ਉਹਨਾਂ ਨੂੰ ਮੁੜ ਪੇਟ ਵਿਚ ਪਾ ਦਿੰਦੇ। ਇਸੇ ਤਰ੍ਹਾਂ ਉਹਨਾਂ ਨੇ ਪੇਟ ਵਿਚ ਬਣਨ ਵਾਲੇ ਰਸਾਂ (Enzymes) ਨੂੰ ਵੀ ਕੱਢਿਆ ਅਤੇ ਉਸਦਾ ਅਧਿਐਨ ਕੀਤਾ। ਇਥੋਂ ਤੱਕ ਕਿ ਛੇਕ ਵਿਚ ਇਕ ਥਰਮਾਮੀਟਰ ਪਾ ਕੇ ਅੰਦਰ ਦਾ ਤਾਪਮਾਨ ਵੀ ਚੈੱਕ ਕਰਿਆ। ਇਸ ਤੋਂ ਪਹਿਲਾਂ ਕੋਈ ਵੀ ਇਸ ਤਰ੍ਹਾਂ ਦਾ ਪ੍ਰਯੋਗ ਨਹੀਂ ਕਰ ਸਕਿਆ ਸੀ।


ਡਾ ਬਿਊਮੋਂਟ 12 ਸਾਲ ਤੱਕ ਆਪਣੇ ਪ੍ਰਯੋਗ ਕਰਦੇ ਰਹੇ। ਉਸਦੇ ਨਤੀਜਿਆਂ ਨੇ ਪੂਰੇ ਸੰਸਾਰ ਦੇ ਵਿਗਿਆਨੀਆਂ ਅਤੇ ਡਾਕਟਰਾਂ ਨੂੰ ਹੈਰਾਨ ਕਰ ਦਿੱਤਾ, ਨਾਲ ਹੀ ਸਿਹਤ ਵਿਗਿਆਨ ਦੀ ਇਕ ਨਵੀਂ ਸ਼ਾਖਾ ਸ਼ੁਰੂ ਕੀਤੀ-ਭੋਜਨ ਦਾ ਅਧਿਐਨ ਅਤੇ ਸਰੀਰ ਕਿਵੇਂ ਭੋਜਨ ਦੀ ਵਰਤੋਂ ਕਰਦਾ ਹੈ। ਡਾ. ਬਿਊਮੋਂਟ ਆਪਣੀ ਖੋਜ ਲਈ ਬਹੁਤ ਹੀ ਪ੍ਰਸਿੱਧ ਅਤੇ ਸਨਮਾਨਿਤ ਵਿਗਿਆਨਕ ਬਣ ਗਏ।

ਹੁਣ ਤੁਸੀਂ ਸੋਚਦੇ ਹੋਵੋਂਗੇ ਕਿ ਅਲੈਕਸਿਸ ਸੇਂਟ ਮਾਰਟਿਨ ਦਾ ਕੀ ਆਇਆ ? ਦੁਰਘਟਨਾ ਦੇ 58 ਸਾਲ ਬਾਅਦ ਤੱਕ ਵੀ ਉਹ ਜਿਉਂਦਾ ਰਿਹਾ। ਆਪਣੇ ਪੇਟ ਦੇ ਛੇਕ ਨੂੰ ਪ੍ਰਦਰਸ਼ਿਤ ਕਰਨ ਦੇ ਉਸਨੂੰ ਸੈਂਕੜੇ ਸੱਦੇ ਮਿਲੇ। ਇਸ ਲਈ ਉਹ ਪ੍ਰਸਿੱਧ ਹੋ ਗਿਆ ਸੀ। ਇਨ੍ਹਾਂ ਪ੍ਰਦਰਸ਼ਨਾਂ ਰਾਹੀਂ ਜੋ ਕਮਾਈ ਹੁੰਦੀ ਸੀ, ਉਸ ਨਾਲ ਹੀ ਉਹ ਆਪਣੇ ਪਰਿਵਾਰ ਨੂੰ ਪਾਲਦਾ ਸੀ। ਉਹ 83 ਸਾਲ ਤੱਕ ਦੀ ਉਮਰ ਤੱਕ ਜਿਉਂਦਾ ਰਿਹਾ, ਡਾ. ਬਿਊਮੋਂਟ ਤੋਂ ਵੀ 23 ਸਾਲ ਜਿਆਦਾ ਸਮਾਂ।

(ਪੀਪਲਜ ਫੋਰਮ ਵੱਲੋਂ ਪ੍ਰਕਾਸ਼ਿਤ ਪੁਸਤਕ 'ਨਿੱਕੀਆਂ ਗੱਲਾਂ ਵੱਡੀਆਂ ਖੋਜਾਂ ' ਵਿਚੋਂ)

ਸਬਕ

ਕੁਲਜੀਤ ਡੰਗਰ ਖੇੜਾ



ਕਰੀਬ ਸਾਢੇ ਤਿੰਨ ਦਹਾਕਿਆਂ ਤੋਂ ਤਰਕਸ਼ੀਲ ਲਹਿਰ ਵੱਲੋਂ ਭਰਮ ਮੁਕਤ ਸਮਾਜ ਦੀ ਸਿਰਜਣਾ ਲਈ ਯਤਨ ਜੁਟਾਏ ਜਾ ਰਹੇ ਹਨ। ਜਿੱਥੇ ਜਿੱਥੇ ਵੀ ਤਰਕਸ਼ੀਲ ਚੇਤਨਾ ਦੀਆਂ ਕਿਰਨਾਂ ਚਾਨਣ ਬਿਖੇਰਦੀਆਂ ਹਨ, ਉੱਥੇ ਅਗਿਆਨਤਾ ਤੇ ਅੰਧਵਿਸ਼ਵਾਸਾਂ ਦਾ ਹਨੇਰਾ ਛਟਦਾ ਹੈ। ਗਿਆਨ ਵਿਗਿਆਨ ਦੀ ਗੱਲ ਤੁਰਦੀ ਹੈ। ਸਮਾਜ ਦੇ ਹਰ ਉਸ ਵਰਗ ਨੂੰ ਜਿਹੜਾ ਅੰਧਵਿਸ਼ਵਾਸਾਂ ਦੀ ਦਲਦਲ ਵਿੱਚ ਫਸਿਆ ਹੋਇਆ ਹੈ, ਚੇਤਨਾ ਦੇ ਚਾਨਣ ਦੀ ਲੋੜ ਹੈ। ਕਿਰਤੀਆਂ ਦਾ ਵੱਡਾ ਹਿੱਸਾ ਮਾੜੀਆਂ ਜਿਉਣ ਹਾਲਤਾਂ ਦੇ ਚਲਦਿਆਂ ਕਿਸਮਤ, ਕਰਮਾਂ ਦੇ ਜੰਜਾਲ ਦਾ ਸ਼ਿਕਾਰ ਹੈ। ਖ਼ੇਤਾਂ ਦੇ ਕਾਮੇ, ਫੈਕਟਰੀਆਂ ਦੇ ਮਜ਼ਦੂਰ, ਰੇੜ੍ਹੀ ਫੜ੍ਹੀ ਵਾਲੇ ਨਿੱਤ ਰੋਜ਼ ਕਮਾ ਕੇ ਖਾਣ ਵਾਲੇ ਅਗਿਆਨਤਾ ਦੇ ਹਨੇਰੇ ਵਿੱਚ ਫਸੇ ਹੋਏ ਹਨ। ਚੇਤਨਾ ਦੀ ਜਾਗ ਉਨ੍ਹਾਂ ਨੂੰ ਸੋਚਣ, ਸਮਝਣ ਤੇ ਠੀਕ ਰਸਤੇ ਚੁਨਣ ਦੇ ਸਮਰੱਥ ਬਣਾਉਂਦੀ ਹੈ।

ਪ੍ਰੇਰਨਾ ਤੇ ਸਬਕ ਦਿੰਦੀ ਇਸ ਘਟਨਾ ਦਾ ਸਬੰਧ ਖ਼ੇਤ ਮਜ਼ਦੂਰਾਂ ਦੇ ਆਗੂ ਨਾਲ ਹੈ। ਉਹ ਜਨਤਕ ਪ੍ਰੋਗਰਾਮਾਂ ਵਿੱਚ ਅਕਸਰ ਮਿਲਦਾ ਰਹਿੰਦਾ ਹੈ। ਤਰਕਸ਼ੀਲ ਮੇਲਿਆਂ ਵਿੱਚ ਵੀ ਸਹਿਯੋਗੀ ਬਣਦਾ ਹੈ। ਸਾਰੇ ਸਤਿਕਾਰ ਨਾਲ ਉਸਨੂੰ ਪ੍ਰਧਾਨ ਜੀ ਆਖ ਬੁਲਾਉਂਦੇ ਹਨ। ਬਹੁਤਾ ਪੜ੍ਹਿਆ ਲਿਖਿਆ ਨਹੀਂ ਪਰ ਉੱਦਮ ਨਾਲ ਪੜ੍ਹਨਾ ਸਿੱਖ ਗਿਆ। ਜਾਨਣ, ਸਿੱਖਣ ਦੀ ਕੋਸ਼ਿਸ਼ ਕਰਦਾ ਰਹਿੰਦਾ। ਪਹਿਲਾਂ ਆਪ ਅਖ਼ਬਾਰ, ਮੈਗਜ਼ੀਨ ਪੜ੍ਹ ਕੇ ਮਜ਼ਦੂਰਾਂ ਨੂੰ ਸਮਝਾਉਂਦਾ। ਅਕਸਰ ਫ਼ਿਕਰ ਕਰਦਾ ਆਖਦਾ ਸਾਡੇ ਮਜ਼ਦੂਰਾਂ ਨੂੰ ਤਰਕ ਨਾਲ ਸੋਚਣ, ਵਿਚਾਰਨ ਦੀ ਬਹੁਤ ਜਰੂਰਤ ਐ। ਗਰੀਬੀ ਕਰਕੇ ਘਰਾਂ ਦੀਆਂ ਲੋੜਾਂ ਨੀਂ ਪੂਰੀਆਂ ਹੁੰਦੀਆਂ। ਬਿਮਾਰੀਆਂ ਦਾ ਮਹਿੰਗਾ ਇਲਾਜ ਉਨ੍ਹਾਂ ਦੇ ਵੱਸ ਤੋਂ ਬਾਹਰ ਹੁੰਦਾ। ਉਨ੍ਹਾਂ ਨੂੰ ਧਾਗੇ, ਤਵੀਤਾਂ ਤੇ ਟੂਣੇ, ਮੰਤਰਾਂ ਦਾ ਰਾਹ ਸੌਖਾ ਲਗਦਾ। ਹਰੇਕ ਬਾਬੇ ਦੀ ਸੁੱਖਣਾ ਸੁਖਦੇ ਆ। ਪਰ ਹੱਥ ਪੱਲੇ ਕਦੇ ਕੁਸ਼ ਨੀਂ ਪੈਂਦਾ। ਸਮਝਾਉਣ ਦੀ ਬਥੇਰੀ ਕੋਸ਼ਿਸ਼ ਕਰੀਦੀ ਐ ਪਰ ਇਹ ਕੰਮ ਏਨਾ ਸੌਖਾ ਨੀਂ। ਹਾਂ, ਪੜ੍ਹ ਲਿਖ ਕੇ ਜਰੂਰ ਫਰਕ ਪੈਂਦਾ। ਉਸਦੀਆਂ ਗੱਲਾਂ ਸੁਣ ਕੇ ਚੇਤਨਾ ਦੀ ਪਸਰ ਰਹੀ ਲੋਅ ਮਨ ਦਾ ਸਕੂਨ ਬਣਦੀ।

ਚੇਤਨਾ ਦੇ ਲੜ ਲੱਗ ਉਹ ਆਪ ਚੇਲਿਆਂ, ਬਾਬਿਆਂ ਦੇ ਚੁੰਗਲ ਵਿੱਚੋਂ ਨਿਕਲ ਗਿਆ। ਮਜ਼ਦੂਰਾਂ ਵਿੱਚ ਵਿਚਰਦਿਆਂ ਆਪਣੇ ਹੱਕਾਂ, ਹਿਤਾਂ ਦੇ ਨਾਲ ਨਾਲ ਉਹ ਉਨ੍ਹਾਂ ਨੂੰ ਤਰਕ ਨਾਲ ਸੋਚਣ, ਸਮਝਣ ਲਈ ਵੀ ਅਕਸਰ ਪ੍ਰੇਰਦਾ ਰਹਿੰਦਾ ਹੈ। ਐਤਕੀਂ ਮਈ ਦਿਵਸ ’ਤੇ ਉਨ੍ਹਾਂ ਆਪਣੇ ਪਿੰਡ ਮਜ਼ਦੂਰਾਂ ਦਾ ਇਕੱਠ ਕੀਤਾ। ਮਜ਼ਦੂਰ ਦਿਵਸ ਮਨਾਇਆ। ਪਿੰਡ ਦੀ ਧਰਮਸ਼ਾਲਾ ਨੂੰ ਲਾਲ ਸੂਹੀਆਂ ਝੰਡੀਆਂ ਨਾਲ ਸਜਾਇਆ। ਮਈ ਦਿਵਸ ਦੀਆਂ ਤਸਵੀਰਾਂ ਮੈਂ ਵੀ ਵੇਖੀਆਂ। ਇੱਕ ਦਿਨ ਅਚਾਨਕ ਉਹ ਮਿਲਿਆ ਤਾਂ ਮੈਂ ਆਖਿਆ, ਐਂਤਕੀ ਮਈ ਦਿਵਸ ’ਤੇ ਤੁਹਾਡਾ ਝੰਡੀਆਂ ’ਤੇ ਹੀ ਵਾਹਵਾ ਖ਼ਰਚ ਹੋ ਗਿਆ ਹੋਣਾ।

“ਵਾਹਵਾ ਖ਼ਰਚ ਕਰਨ ਨੂੰ ਸਾਡੇ ਮਜ਼ਦੂਰਾਂ ਕੋਲ ਕਿਹੜਾ ਜ਼ਮੀਨਾਂ ਨੇ। ਨਾ ਹੀ ਬੈਂਕਾਂ ਵਿੱਚ ਖਾਤੇ ਆ। ਇਹੋ ਹਾਲਤ ਸੁਧਾਰਨ ਲਈ ਤਾਂ ਮਜ਼ਦੂਰਾਂ ਨੂੰ ਕੱਠੇ ਹੋ ਕੇ ਹੱਕ ਲੈਣ ਲਈ ਜਗਾਉਂਦੇ ਹਾਂ।” ਉਹ ਬੋਲਿਆ।

“ਤਾਂ ਵੀ ਧਰਮਸ਼ਾਲਾ ਵਿੱਚ ਲਾਲ ਝੰਡੀਆਂ ਨਾਲ ਪੂਰਾ ਰੰਗ ਬੰਨ੍ਹਿਆ ਪਿਆ ਸੀ। ਉਹ ਮੁਫ਼ਤ ਤਾਂ ਨੀਂ ਆਈਆਂ ਹੋਣੀਆਂ!” ਮੈਂ ਫਿਰ ਆਖਿਆ।

ਝੰਡੀਆਂ ਤੇ ਤਾਂ ਕੁਸ਼ ਨੀਂ ਲੱਗਿਆ ਸਰ ਜੀ। ਉਹ ਤਾਂ ਮੁਫ਼ਤੋ ਮੁਫ਼ਤੀ ਸਰ ਗਿਆ। ਉਹ ਮੁਸਕਰਾਉਂਦਾ ਦੱਸਣ ਲੱਗਾ।

“ਆਹ ਪਿੰਡ ਪਿੰਡ ਜੰਡਾਂ ’ਤੇ ਸਾਡੇ ਮਜ਼ਦੂਰਾਂ ਵੱਲੋਂ ਬੰਨ੍ਹੇ ਲਾਲ ਕੱਪੜੇ ਹੋਰ ਕਦੋਂ ਕੰਮ ਆਉਣੇ ਸੀ। ਸਾਡੇ ਭੋਲੇ ਭਾਲੇ ਮਜ਼ਦੂਰ ਲੋਕ ਕੱਪੜੇ ਦੀਆਂ ਦੁਕਾਨਾਂ ਤੋਂ ਨਵਾਂ ਲਾਲ ਕੱਪੜਾ ਲਿਆ ਕੇ ਜੰਡ ’ਤੇ ਪਤਾ ਨੀਂ ਕਿੰਨੀਆਂ ਆਸਾਂ ਨਾਲ ਬੰਨ੍ਹਦੇ ਆ। ਨਾਲੇ ਮੱਥਾ ਟੇਕਦੇ ਆ। ਮਈ ਦਿਵਸ ਵੀ ਕੁੱਲ ਦੁਨੀਆਂ ਦੇ ਮਜ਼ਦੂਰਾਂ ਦੀਆਂ ਆਸਾਂ ਦਾ ਦਿਨ ਐ। ਉਸ ਦਿਨ ’ਤੇ ਇਹ ਕੱਪੜਾ ਝੰਡੀਆਂ ਬਣਾਉਣ ਲਈ ਵਰਤ ਲਿਆ। ਜਦ ਸਾਡੀ ਤਿਆਰੀ ਮੀਟਿੰਗ ਵਿੱਚ ਝੰਡੀਆਂ ਬਣਾਉਣ ਦੀ ਗੱਲ ਆਈ ਤਾਂ ਇਹ ਡਿਊਟੀ ਮੈਂ ਆਪਣੇ ਸਿਰ ਲੈ ਲਈ। ਇੱਕ ਦਿਨ ਦੁਪਹਿਰ ਵੇਲੇ ਜੰਡਾਂ ’ਤੇ ਬੰਨ੍ਹੇ ਨਵੇਂ ਨਵੇਂ ਲਾਲ ਕੱਪੜੇ ਉਤਾਰੇ ’ਤੇ ਆਪਣੇ ਘਰ ਲੈ ਆਇਆ। ਮੈਂ ਕੈਂਚੀ ਨਾਲ ਝੰਡੀਆਂ ਕੱਟੀਆਂ ਤੇ ਮੇਰੀ ਬਾਰ੍ਹਵੀਂ ਵਿੱਚ ਪੜ੍ਹਦੀ ਬੇਟੀ ਨੇ ਮਸ਼ੀਨ ’ਤੇ ਸਿਉਣਾਂ ਮਾਰ ਦਿੱਤੀਆਂ। ਨਾਲੇ ਮੈਂ ਉਸਨੂੰ ਸਾਰੀ ਗੱਲ ਦੱਸ ਦਿੱਤੀ। ਮਈ ਦਿਵਸ ਵਾਲੇ ਦਿਨ ਉਹ ਝੰਡੀਆਂ ਧਰਮਸ਼ਾਲਾ ਵਿੱਚ ਲਾ ਲਈਆਂ। ਪ੍ਰੋਗਰਾਮ ਤੋਂ ਬਾਅਦ ਲਾਹ ਕੇ ਗੱਟੇ ਵਿੱਚ ਪਾ ਕੇ ਸਾਂਭ ਲਈਆਂ। ਲੋੜ ਪੈਣ ’ਤੇ ਵਰਤ ਲਿਆ ਕਰਾਂਗੇ। ਨਾਲੇ ਮੌਕਾ ਮਿਲਣ ’ਤੇ ਮਜ਼ਦੂਰਾਂ ਨੂੰ ਸਮਝਾਇਆ ਕਰਾਂਗੇ ਕਿ ਆਹ ਵਹਿਮਾਂ ਭਰਮਾਂ ਤੇ ਸੁੱਖਾਂ ਸੀਰਨੀਆਂ ਵਿੱਚ ਕੁਝ ਨੀਂ ਪਿਆ। ਸੋਝੀ ਤੇ ਸੰਘਰਸ਼ਾਂ ਨਾਲ ਹੀ ਸਾਡੀ ਹਾਲਤ ਬਦਲਣੀ ਹੈ।”

ਪ੍ਰਧਾਨ ਦੁਆਰਾ ਕੀਤਾ ਕੰਮ ਮੈਨੂੰ ਸੋਝੀ ਦਾ ਸਬਕ ਲੱਗਾ। ਇਹ ਸਬਕ ਸਾਰੇ ਮਜ਼ਦੂਰਾਂ ਤੱਕ ਪੁਚਾਉਣਾ ਵਕਤ ਦੀ ਲੋੜ ਹੈ।

97819 25566

ਪੁਨਰ ਜਨਮ ਦੀ ਇੱਕ ਹੋਰ ਕਹਾਣੀ ਤਰਕਸ਼ੀਲਾਂ ਨੇ ਝੂਠ ਸਿੱਧ ਕੀਤੀ

20 ਜੂਨ 2023 ਨੂੰ ਅਸੀਂ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਬਰਨਾਲਾ-ਸੰਗਰੂਰ ਤੇ ਮਾਨਸਾ ਜ਼ੋਨ ਵੱਲੋਂ ਰਜੇਸ਼ ਅਕਲੀਆ, ਮਾਸਟਰ ਪਰਮਵੇਦ, ਸੀਤਾ ਰਾਮ, ਅੰਮ੍ਰਿਤ ਰਿਸ਼ੀ, ਭੁਪਿੰਦਰ ਫੌਜੀ, ਬੂਟਾ ਬੀਰ, ਸੁਖਵਿੰਦਰ ਬੀਰ, ਬਲਜੀਤ ਸਿੰਘ ਆਧਾਰਿਤ ਤਰਕਸ਼ੀਲ ਟੀਮ ਵਲੋਂ ਹੋਡਲਾ ਕਲਾਂ ਵਿਖੇ ਛਾਜਲੇ ਦੇ ਵਿਅਕਤੀ ਆਤਮਾ ਸਿੰਘ ਪੁੱਤਰ ਛੱਜੂ ਸਿੰਘ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਖੀਵਾ ਮੀਂਹਾਂ ਸਿੰਘ ਵਾਲਾ ਵਿਖੇ ਅੰਗਰੇਜ ਸਿੰਘ ਤੇ ਮਾਤਾ ਪਰਮਜੀਤ ਕੌਰ ਦੇ ਘਰ (ਪ੍ਰਤੀਕ ਹੁਣ ਨਾਮ) ਦੁਬਾਰਾ ਜਨਮ ਦੀ ਪੜਤਾਲ ਕਰਨ ਪਹੁੰਚੇ। ਹੁਣ ਇਨ੍ਹਾਂ ਆਪਣੀ ਰਿਹਾਇਸ ਖੀਵੇ ਤੋਂ ਹੋਡਲੇ ਕਲਾਂ ਕਰ ਲਈ ਹੈ। ਸਭ ਤੋਂ ਪਹਿਲਾਂ ਅਸੀਂ ਹੋਡਲਾ ਕਲਾਂ ਦੇ ਸਰਪੰਚ ਦੇਵਿੰਦਰ ਸਿੰਘ ਨੂੰ ਮਿਲੇ ਤੇ ਆਪਣੀ ਜਾਣ ਪਛਾਣ ਕਰਵਾਉਣ ਉਪਰੰਤ ਅਸੀਂ ਪ੍ਰਤੀਕ ਪੁੱਤਰ ਅੰਗਰੇਜ ਸਿੰਘ, ਜਿਸਨੇ ਆਤਮਾ ਸਿੰਘ ਛਾਜਲੇ ਦਾ ਕਿਹਾ ਜਾਂਦਾ ਦੁਬਾਰਾ ਜਨਮ ਲੈ ਲਿਆ ਹੈ, ਕੋਲ ਜਾਣ ਤੇ ਲੜਕੇ ਪ੍ਰਤੀਕ ਨਾਲ ਗੱਲਬਾਤ ਕਰਨ ਬਾਰੇ ਕਿਹਾ। ਸਰਪੰਚ ਦੁਆਰਾ ਪ੍ਰਤੀਕ ਦੇ ਘਰੇ ਫੋਨ ਕਰਕੇ ਉਸ ਨਾਲ ਗੱਲਬਾਤ ਕਰਨ ਬਾਰੇ ਕਿਹਾ। ਇਸ ਉਪਰੰਤ ਸਰਪੰਚ ਦੇਵਿੰਦਰ ਸਿੰਘ ਸਮੇਤ ਅਸੀਂ ਸਾਰੇ ਸੰਬੰਧਤ ਘਰੇ ਪਹੁੰਚੇ। ਪ੍ਰਤੀਕ ਦੇ ਘਰੇ ਉਸਦੀ ਮਾਂ ਪਰਮਜੀਤ ਕੌਰ, ਉਸਦੀ ਦਾਦੀ, ਨੌਵੀਂ ਜਮਾਤ ਵਿੱਚ ਪੜ੍ਹਦੀ ਪ੍ਰਤੀਕ ਦੀ ਭੈਣ ਹਾਜਰ ਸਨ। ਅਸੀਂ ਜਾ ਕੇ ਆਤਮੇ ਤੋਂ ਪ੍ਰਤੀਕ ਬਣੇਂ ਲੜਕੇ ਨਾਲ ਗੱਲਬਾਤ ਕਰਨ ਲੱਗੇ। ਮਾਂ ਤੇ ਦਾਦੀ ਨੇ ਕਿਹਾ ਕਿ ਇਹ ਤਾਂ ਗੱਲਬਾਤ ਲਈ ਹਮੇਸ਼ਾ ਤਿਆਰ ਹੀ ਰਹਿੰਦਾ ਹੈ। ਮਾਸਟਰ ਪਰਮਵੇਦ ਤੇ ਅੰਮ੍ਰਿਤ ਰਿਸ਼ੀ ਨੇ ਗੱਲਬਾਤ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਉਨ੍ਹਾਂ ਪ੍ਰਤੀਕ ਬਾਰੇ ਜਾਣਕਾਰੀ ਲਈ, ਉਸਨੇ ਦੱਸਿਆ ਕਿ ਉਸਦੇ ਪਿਤਾ ਦਾ ਨਾਮ ਅੰਗਰੇਜ ਸਿੰਘ, ਦਾਦੇ ਦਾ ਨਾਮ ਗੱਜਣ ਸਿੰਘ, ਮਾਤਾ ਦਾ ਨਾਮ ਪਰਮਜੀਤ ਕੌਰ ਹੈ, ਉਹ ਆਪ ਤੀਸਰੀ ਜਮਾਤ ਵਿੱਚ ਪੜ੍ਹਦਾ ਹੈ, ਭੈਣ ਨੌਵੀਂ ਵਿਚ ਪੜ੍ਹਦੀ ਹੈ। ਅਸੀਂ ਉਸ ਨਾਲ ਪੂਰੀ ਅਪਣੱਤ ਤੇ ਪਿਆਰ ਜਤਾਉਂਦੇ ਹੋਏ ਕਿਹਾ ਕਿ ਹੁਣ ਅਸੀਂ ਤੇਰੇ ਤੋਂ ਤੇਰੇ ਪਹਿਲੇ ਜਨਮ ਦੇ ਆਤਮਾ ਸਿੰਘ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਹਾਂ। ਅਸੀਂ ਪਹਿਲਾਂ ਆਤਮਾ ਸਿੰਘ ਬਾਰੇ ਤਰਕਸ਼ੀਲ ਆਗੂ ਲਾਭ ਸਿੰਘ ਛਾਜਲਾ, ਨਛੱਤਰ ਸਿੰਘ ਛਾਜਲਾ, ਸੀਤਾ ਰਾਮ ਤੇ ਮਾਸਟਰ ਪਰਮਵੇਦ ਆਧਾਰਤ ਤਰਕਸ਼ੀਲ ਟੀਮ ਛਾਜਲੇ ਪਿੰਡ ਜਾ ਕੇ ਸਾਰੀ ਜਾਣਕਾਰੀ ਇਕੱਠੀ ਕਰ ਚੁੱਕੇ ਸੀ। ਆਤਮਾ ਸਿੰਘ ਦੇ ਮਾਪਿਆਂ, ਬੱਚਿਆਂ, ਚਾਚੇ, ਚਾਚੀਆਂ, ਮਾਸੀਆਂ, ਨਾਨਕਿਆਂ, ਆਤਮਾ ਸਿੰਘ ਦੇ ਸਹੁਰੇ ਪਰਿਵਾਰ, ਸਾਲੇ, ਸਾਲੀਆਂ, ਭਰਾਵਾਂ ਦੇ ਸਹੁਰੇ ਪਰਿਵਾਰ,ਪਿੰਡ ਦੀ ਉਸਦੇ ਸਮੇਂ ਦੀ ਪੰਚਾਇਤ, ਵਾਪਰੇ ਐਕਸੀਡੈਂਟ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਲਈ ਸੀ। ਵੀਡੀਓ ਵਿੱਚ ਦਿੱਤੀ ਜਾਣਕਾਰੀ ਤੋਂ ਹਟ ਕੇ ਅਸੀਂ ਸਵਾਲ ਕੀਤੇ ।

ਪਿੰਡ ਛਾਜਲੇ ਦੇ ਆਤਮਾ ਸਿੰਘ ਦੇ ਪਿੰਡ ਖੀਵੇ ਦੁਬਾਰਾ ਜਨਮ ਲੈਣ ਦਾ ਸੱਚ

ਅਸੀਂਪੁੱਛਿਆ ਤੂੰ ਅਕਸਰ ਛਾਜਲੇ ਤੋਂ ਸੁਨਾਮ ਆਉਂਦਾ ਸੀ, ਰਸਤੇ ਵਿੱਚ ਕਿਹੜੇ ਕਿਹੜੇ ਪਿੰਡ ਆਉਂਦੇ ਹਨ-(ਜਵਾਬ) ਪਤਾ ਨਹੀਂ। ਤੇਰਾ ਜਨਮ ਕਦੋਂ ਹੋਇਆ-(ਪਤਾ ਨਹੀਂ)। ਤੇਰੇ ਦੋ ਲੜਕੇ ਹਨ, ਉਹ ਕਿਹੜੇ ਸਕੂਲ ਵਿੱਚ ਪੜ੍ਹਦੇ ਸਨ-(ਜਵਾਬ) ਪਤਾ ਨਹੀਂ। ਪਿਤਾ ਛੱਜੂ ਸਿੰਘ ਦੇ ਸਹੁਰੇ ਭਾਵ ਆਤਮਾ ਸਿੰਘ (ਤੇਰੇ) ਨਾਨਕੇ ਕਿੱਥੇ ਹਨ-(ਪਤਾ ਨਹੀਂ)। ਨਾਨੇ ਦਾ ਨਾਮ-ਪਤਾ ਨਹੀਂ, ਨਾਨੀ ਦਾ ਨਾਮ-ਪਤਾ ਨਹੀਂ, ਮਾਮਿਆਂ ਦਾ ਨਾਮ-ਪਤਾ ਨਹੀਂ, ਮਾਮੀਆਂ ਦਾ ਨਾਮ-ਪਤਾ ਨਹੀਂ, ਸਾਲੇ ਦਾ ਨਾਮ-ਪਤਾ ਨਹੀਂ, ਸਾਲੇਹਾਰ ਦਾ ਨਾਮ-ਪਤਾ ਨਹੀਂ, ਤਰਸੇਮ ਸਿੰਘ (ਕਿਹਾ ਜਾਂਦਾ ਹੈ ਇਸਨੂੰ ਆਤਮਾ ਸਿੰਘ ਨੇ ਆਪਣੇ ਪੁਨਰਜਨਮ ਬਾਰੇ ਦੱਸਿਆ ਸੀ, ਜੋ ਖੀਵੇ ਤੋਂ ਨੇੜੇ ਹੀਰੋਂ ਖੁਰਦ ਵਿਆਹਿਆਂ ਹੋਇਆ ਹੈ) ਦੀ ਘਰਵਾਲੀ ਦਾ ਨਾਮ-ਪਤਾ ਨਹੀਂ, ਤਰਸੇਮ ਦੇ ਭਰਾ ਦਾ ਨਾਮ-ਪਤਾ ਨਹੀਂ। ਪੰਜਵੀਂ ਜਮਾਤ ਕਿਹੜੇ ਸਕੂਲ ਤੋਂ ਕੀਤੀ-ਪਤਾ ਨਹੀਂ, ਆਤਮਾ ਸਿੰਘ (ਤੇਰੇ) ਤੇ ਤੇਰੀ ਮਾਸੀ ਦੇ ਲੜਕੇ ਬਾਦਲ ਦੀ ਉਮਰ ਵਿੱਚ ਕਿੰਨਾ ਅੰਤਰ ਹੈ-ਪਤਾ ਨਹੀਂ, ਬਾਦਲ ਵੱਡਾ ਹੈ ਜਾਂ ਤੂੰ-ਜਵਾਬ ਮੈਂ (ਆਤਮਾ ਸਿੰਘ) ਜਦੋਂ ਕਿ ਆਤਮਾ ਸਿੰਘ ਬਾਦਲ ਤੋਂ ਇੱਕ ਮਹੀਨਾ ਛੋਟਾ ਸੀ। ਅਸੀਂ ਪੁੱਛਿਆ, ਐਕਸੀਡੈਂਟ ਸਮੇਂ ਕਿੱਧਰੋਂ ਆ ਰਿਹਾ ਸੀ -(ਜਵਾਬ) ਛਾਜਲੇ ਤੋਂ ਸੁਨਾਮ, ਜਦੋਂ ਕਿ ਉਹ ਸੁਨਾਮ ਤੋਂ ਛਾਜਲੇ ਜਾ ਰਿਹਾ ਸੀ। ਕਿੰਨੇ ਸਾਲੇ ਹਨ-(ਜਵਾਬ) ਦੋ, ਅਸਲ ਵਿੱਚ ਇੱਕ ਸਾਲਾ ਹੈ ਪ੍ਰਕਾਸ਼ ਸਿੰਘ।

ਸਾਲੇ ਦੀ ਘਰਵਾਲੀ ਕੀ ਲਗਦੀ ਹੈ-ਸਾਲੀ (ਰਿਸ਼ਤਿਆਂ ਦੀ ਜਾਣਕਾਰੀ ਨਹੀਂ)

ਆਤਮਾ ਸਿੰਘ (ਤੂੰ) ਕਿੰਨਾ ਪੜ੍ਹਿਆ ਸੀ-(ਬਾਰ੍ਹਾਂ, ਜਦ ਕਿ ਉਹ ਅੱਠ ਪੜ੍ਹਿਆ ਸੀ)

ਬਾਕੀ ਭਰਾ ਕਿੰਨੇ ਪੜ੍ਹੇ ਹੋਏ ਹਨ- ਸਾਰੇ ਬਾਰਾਂ, ਜਾਣਕਾਰੀ ਗਲਤ।

ਤੇਰੀ ਭੈਣ ਰਾਣੀ ਤੇ ਤੇਰਾ ਵਿਆਹ ਕਦੋਂ ਹੋਇਆ, ਪਤਾ ਨਹੀਂ।

ਰਾਣੀ ਦਾ ਵਿਆਹ ਤੇਰੇ ਵਿਆਹ ਤੋਂ ਕਿੰਨੇ ਸਮੇਂ ਬਾਅਦ ਹੋਇਆ– ਪਤਾ ਨਹੀਂ, ਜਦ ਕਿ ਰਾਣੀ ਦਾ ਵਿਆਹ ਆਤਮੇ ਦੇ ਵਿਆਹ ਤੋਂ ਅਗਲੇ ਦਿਨ ਹੋਇਆ ਸੀ।

ਆਪਣੇ ਸਮੇਂ ਦੀ ਪੰਚਾਇਤ ਦੇ ਸਰਪੰਚ ਦਾ ਨਾਮ ਦੱਸਿਆ, ਪੰਚਾਇਤ ਮੈਂਬਰਾਂ ਦੇ ਨਾਮ ਪੁੱਛਣ 'ਤੇ ਕਿਹਾ, ਪਤਾ ਨਹੀਂ । ਕਿੰਨੇ ਟਰੈਕਟਰ ਸਨ–ਚਾਰ, ਸਾਰੇ ਸੋਨਾਲੀਕਾ, ਜਦ ਕਿ ਦੋ ਟਰੈਕਟਰ ਹਨ। ਇਕ ਸੋਨਾਲੀਕਾ। ਦੂਜਾ ਆਈਸਰ 368 । ਜਾਣਕਾਰੀ ਮੁਤਾਬਕ ਆਤਮਾ ਸਿੰਘ ਦਾ ਆਪਣਾ 368 ਹੀ ਸੀ ਦੂਜਾ ਸਾਂਝਾ ਸੀ।

ਉਪਰੋਕਤ ਪ੍ਰਤੀਕ ਨਾਲ ਹੋਈ ਗਲ ਤੋਂ ਸਪੱਸ਼ਟ ਹੈ ਕਿ ਇਹ ਪੁਨਰਜਨਮ ਦੀ ਕਹਾਣੀ ਮਨਘੜਤ ਤੇ ਝੂਠੀ ਹੈ ।

ਪੁਨਰਜਨਮ ਦੀ ਕਹਾਣੀ ਦੀ ਸ਼ੁਰੂਆਤ: ਇਸ ਦੀ ਕਹਾਣੀ ਅਜੀਬ ਹੈ, ਆਤਮਾ ਸਿੰਘ ਦੇ ਚਾਚੇ ਭਾਨਾ ਸਿੰਘ ਦਾ ਲੜਕਾ ਤਰਸੇਮ ਸਿੰਘ ਜੋ ਮਿਸਤਰੀ ਦਾ ਕੰਮ ਕਰਦਾ ਹੈ, ਖੀਵੇ ਤੋਂ ਦੋ ਕਿਲੋਮੀਟਰ ਦੂਰ ਹੀਰੋਂ ਖੁਰਦ ਵਿਆਹਿਆਂ ਹੋਇਆ ਹੈ ਤੇ ਤਰਸੇਮ ਦਾ ਜਾਣੂ ਇਕ ਵਿਅਕਤੀ ਖੀਵੇ ਮੀਂਹਾਂ ਸਿੰਘ ਵਾਲੇ ਪਿੰਡ ਵਿੱਚ ਸੀਰੀ ਹੈ, ਜਦ ਅੰਗਰੇਜ ਸਿੰਘ ਖੀਵੇ ਮੀਂਹਾਂ ਸਿੰਘ ਵਾਲੇ ਦੇ ਘਰ ਲੜਕੇ ਨੇ ਜਨਮ ਲਿਆ ਤਾਂ ਇਸ ਸੀਰੀ ਵਿਅਕਤੀ ਨੇ ਪਹਿਲਾਂ ਤਰਸੇਮ ਨੂੰ ਲੜਕੇ ਦੇ ਜਨਮ ਬਾਰੇ ਦੱਸਿਆ ਤੇ ਫਿਰ ਤਰਸੇਮ ਸਿੰਘ ਦੇ ਕਹਿਣ 'ਤੇ ਅੰਗਰੇਜ ਸਿੰਘ ਦੇ ਘਰ ਆ ਕੇ ਕਿਹਾ ਕਿ ਮ੍ਰਿਤਕ ਆਤਮਾ ਸਿੰਘ ਛਾਜਲੇ ਨੇ ਤੁਹਾਡੇ ਘਰ ਜਨਮ ਲਿਆ ਹੈ। ਮ੍ਰਿਤਕ ਆਤਮਾ ਸਿੰਘ ਆਪਣੇ ਚਾਚੇ ਦੇ ਲੜਕੇ ਤਰਸੇਮ ਨੂੰ 'ਸੁਪਨੇ' ਵਿੱਚ ਆ ਕੇ ਦਸ ਗਿਆ ਸੀ ਕਿ ਮੈਂ ਖੀਵੇ ਮੀਹਾਂ ਸਿੰਘ ਵਾਲੇ 13/11/14 ਨੂੰ ਦੁਬਾਰਾ ਜਨਮ ਲਵਾਂਗਾ। ਸੋ ਉਹ ਪਰਿਵਾਰ ਕਹਿੰਦਾ ਹੈ ਸਾਡੇ ਆਤਮਾ ਸਿੰਘ ਨੇ ਸਾਨੂੰ ਮਰਨ ਤੋਂ ਕੁਝ ਦਿਨ ਬਾਅਦ ਦੱਸਿਆ ਸੀ ਕਿ ਮੈਂ ਖੀਵੇ ਮਹਾਂ ਸਿੰਘ ਵਾਲੇ ਜਨਮ ਲਵਾਂਗਾ, ਆਤਮਾ ਸਿੰਘ ਛਾਜਲੇ ਨੇ ਤੁਹਾਡੇ ਘਰ ਦੁਬਾਰਾ ਜਨਮ ਲਿਆ ਹੈ ਉਹ ਇਸਨੂੰ ਦੇਖਣਾ ਚਾਹੁੰਦੇ ਹਨ। ਇਥੋਂ ਕਹਾਣੀ ਸ਼ੁਰੂ ਹੁੰਦੀ ਹੈ। ਜਨਮ ਤੋਂ ਪਹਿਲਾਂ ਨਾ ਦੱਸ ਕਿ ਜਨਮ ਤੋਂ ਬਾਅਦ ਹੀ ਦੱਸਿਆ ਗਿਆ ਕਿ ਸਾਡੇ ਆਤਮਾ ਸਿੰਘ ਨੇ ਸੁਪਨੇ ਵਿੱਚ ਦੱਸਿਆ ਸੀ ਕਿ ਮੈਂ ਖੀਵੇ ਮੀਂਹਾਂ ਸਿੰਘ ਵਾਲੇ ਦੁਬਾਰਾ ਜਨਮ ਲਵਾਂਗਾ। ਵਾਰ-ਵਾਰ ਕਹਿਣ 'ਤੇ ਘਰ ਆਉਣ ਤੋਂ ਬਾਅਦ ਅੰਗਰੇਜ ਸਿੰਘ ਦੇ ਪਰਿਵਾਰ ਨੇ ਮੰਨ ਲਿਆ ਕਿ ਦੋ ਮਹੀਨੇ ਪਹਿਲਾਂ ਦੁਰਘਟਨਾ ਵਿੱਚ ਮਰੇ ਆਤਮਾ ਸਿੰਘ ਛਾਜਲੇ ਨੇ ਹੀ ਸਾਡੇ ਘਰ ਦੁਬਾਰਾ ਜਨਮ ਲਿਆ ਹੈ। ਜਨਮ ਤੋਂ ਕੁੱਝ ਮਹੀਨੇ ਬਾਅਦ ਦੋਨਾਂ ਪਰਿਵਾਰਾਂ ਦਾ ਆਉਣ ਜਾਣ ਸ਼ੁਰੂ ਹੋ ਜਾਂਦਾ ਹੈ। ਜਨਮ ਤੋਂ ਬਾਅਦ ਹੀ ਸਾਰੀ ਕਹਾਣੀ ਦੀ ਸ਼ੁਰੂਆਤ ਹੁੰਦੀ ਹੈ। ਬੱਚਾ ਤਾਂ 7 ਮਹੀਨੇਂ ਪਹਿਲਾਂ ਹੀ ਮਾਂ ਦੇ ਪੇਟ ਵਿਚ ਆ ਚੁੱਕਿਆ ਸੀ। 18 ਸਤੰਬਰ 2014 ਨੂੰ ਆਤਮਾ ਸਿੰਘ ਦੀ ਮੌਤ ਹੁੰਦੀ ਹੈ ਤੇ ਇਸ ਨੇ 13 ਨਵੰਬਰ 2014 ਨੂੰ ਦੁਬਾਰਾ ਜਨਮ ਲੈ ਲਿਆ। ਮਰਨ ਤੋਂ ਸਿਰਫ ਦੋ ਕੁ ਮਹੀਨੇ ਬਾਅਦ। ਇਹ ਪੁਨਰਜਨਮ ਦੀ ਕਹਾਣੀ ਵੀ ਪਹਿਲੀਆਂ ਪੁਨਰਜਨਮ ਦੀਆਂ ਕਹਾਣੀਆਂ ਦੀ ਤਰ੍ਹਾਂ ਝੂਠੀ ਤੇ ਮਨਘੜਤ ਹੈ।

ਰਿਪੋਰਟਰ: ਮਾਸਟਰ ਪਰਮ ਵੇਦ, ਅਮ੍ਰਿਤ ਰਿਸ਼ੀ


ਪੰਨਾ 7 ਦਾ ਬਾਕੀ ... ਉਨ੍ਹਾਂ ਵਿਚੋਂ ਸਭ ਤੋਂ ਵੱਡਾ ਥੰਮ੍ਹ ਹੈ ਲੋਕ/ਖ਼ਲਕਤ ਤੇ ਉਨ੍ਹਾਂ ਦੇ ਮਨਾਂ ਵਿਚਲੀ ਜਮਹੂਰੀਅਤ ਲਈ ਲਲ੍ਹਕ। ਲੋਕਾਂ ਦੇ ਮਨਾਂ ਵਿਚਲੀ ਜਮਹੂਰੀਅਤ ਲਈ ਸਿੱਕ ਅਤੇ ਉਨ੍ਹਾਂ ਦੀ ਜੁਰਅੱਤ ਹੀ ਜਮਹੂਰੀਅਤ ਨੂੰ ਬਚਾ ਸਕਦੀ ਹੈ, ਇਸ ਸਿੱਕ ਦਾ ਇਕ ਵਿਸ਼ੇਸ਼ ਹਿੱਸਾ ਸਮਾਜ ਦੇ ਉਹ ਚੇਤਨ ਲੋਕ ਹਨ ਜੋ ਜਮਹੂਰੀਅਤ ਦਾ ਦਮ ਭਰਦੇ ਅਤੇ ਸੱਤਾ ਤੋਂ ਬਾਹਰ ਹਨ, ਇਸ ਹਿੱਸੇ ਵਿਚ ਮਜ਼ਦੂਰ, ਕਿਸਾਨ ਤੇ ਮੁਲਾਜ਼ਮ ਜਥੇਬੰਦੀਆਂ ਹਨ, ਲੋਕਾਂ ਨਾਲ ਜੁੜੇ ਦਾਨਿਸ਼ਵਰ ਹਨ, ਜ਼ਬਰ ਵਿਰੁੱਧ ਲੋਕਾਂ ਨੂੰ ਇੱਕਠਾ ਕਰਨ ਵਾਲੇ ਸਮਾਜਿਕ ਕਾਰਕੁੰਨ ਹਨ, ਇਸ ਹਿੱਸੇ ਨੂੰ ਅਸੀਂ ਪੰਜਾਬੀ ਵਿਚ ਜਮਹੂਰੀ ਸਮਾਜ ਕਹਿ ਸਕਦੇ ਹਾਂ; ਅੰਗਰੇਜੀ ਵਿਚ ਇਸ ਨੂੰ ਸਿਵਲ ਸੁਸਾਇਟੀ ਕਿਹਾ ਜਾਂਦਾ ਹੈ, ਇਸ ਦੇ ਅਰਥ ਨਿੱਤ ਵਿਸ਼ਾਲ ਤੇ ਵਿਆਪਕ ਹੋ ਰਹੇ ਹਨ। ਨਵਸ਼ਰਨ ਭਾਰਤ ਤੇ ਪੰਜਾਬ ਦੇ ਜਮਹੂਰੀ ਸਮਾਜ ਦਾ ਹਿੱਸਾ ਹੈ, ਇਸ ਹਿੱਸੇ ਦੀ ਮੋਹਰੀ ਆਵਾਜ ਹੈ। ਮਹਿਲਾ ਪਹਿਲਵਾਨਾਂ ਦੇ ਜੰਤਰ ਮੰਤਰ ਵਿਚ ਚੱਲ ਰਹੇ ਸੰਘਰਸ਼ ਦੇ ਹੱਕ ਵਿਚ ਆਵਾਜ ਉਠਾਉਣ ਵਾਲਿਆਂ 'ਚ ਵੀ ਨਵਸ਼ਰਨ ਮੋਹਰੀ ਸੀ/ਹੈ।(ਦੇਖੋ 2 ਮਈ, 2023 ਦੇ "ਪੰਜਾਬੀ ਟ੍ਰਿਬਿਊਨ" ਵਿਚ ਉਹਨਾਂ ਦਾ ਲੇਖ "ਇਸ ਪੀੜ ਨੂੰ ਦਫ਼ਨ ਨਹੀਂ ਕੀਤਾ ਜਾ ਸਕਦਾ।") ਨਵਸ਼ਰਨ ਸਿਰਫ਼ ਲੋਕਾਂ ਦੇ ਹੱਕਾਂ ਬਾਰੇ ਲਿਖਣ ਵਾਲੀ ਚਿੰਤਕ ਤੇ ਖੋਜੀ ਹੀ ਨਹੀਂ, ਉਹ ਸੰਘਰਸ਼ਾਂ ਵਿੱਚ ਕਦਮ ਦਰ ਕਦਮ ਲੋਕਾਂ ਨਾਲ ਕਦਮ ਮਿਲਾ ਕੇ ਚੱਲਣ ਵਾਲੀ ਸਮਾਜਿਕ ਕਾਰਕੁਨ ਹੈ।ਅੱਜ ਪੰਜਾਬ ਦੇ ਕਿਸਾਨਾਂ, ਮਜਦੂਰਾਂ, ਖੇਤ ਮਜਦੂਰਾਂ, ਔਰਤਾਂ, ਲੇਖਕਾਂ, ਰੰਗਕਰਮੀਆਂ ਤੇ ਸਮਾਜਿਕ ਕਾਰਕੁਨਾਂ ਦੀਆਂ ਜਥੇਬੰਦੀਆਂ ਨਵਸ਼ਰਨ ਦੀ ਪਿੱਠ 'ਤੇ ਹਨ, ਸਾਰਾ ਪੰਜਾਬ ਨਵਸ਼ਰਨ ਦੇ ਨਾਲ ਹੈ।ਉਸ ਨੇ ਭਾਜੀ ਗੁਰਸ਼ਰਨ ਸਿੰਘ ਦੀ ਲੋਕ-ਪੱਖੀ ਵਿਰਾਸਤ ਨੂੰ ਅਗਾਂਹ ਵਧਾਇਆ ਹੈ। ਉਹ ਸੁਲਤਾਨ ਬਾਹੂ ਦੇ ਇਨ੍ਹਾਂ ਸ਼ਬਦਾਂ 'ਤੇ ਪੂਰੀ ਉਤਰਨ ਵਾਲੀ ਪੰਜਾਬ ਦੀ ਧੀ ਹੈ, "ਜੇ ਸਿਰ ਦਿੱਤਿਆਂ ਹੱਕ ਹਾਸਲ ਹੋਵੇ ਬਾਹੂ/ਮੌਤੋਂ ਮੂਲ ਨਾ ਡਰਨਾ ਹੂੰ॥"

(ਸ੍ਰੋਤ: ਲੇਖ "ਸੱਚ ਵੰਨੀ ਹੋਵਸਾਂ ਮੈਂ", ਪੰਜਾਬੀ ਟ੍ਰਿਬਿਊਨ, 21 ਮਈ 2023) 95010 13006



ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫ਼ਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਬਰਨਾਲਾ -148101 (ਪੰਜਾਬ)
email : tarkshiloffice@gmail.com



ਮੈਗਜ਼ੀਨ (ਮਈ-ਜੂਨ 2023 ਅੰਕ) ਦੀਆਂ ਕੁਝ ਚੋਣਵੀਆਂ ਤੇ ਅਤਿ ਮਹੱਤਵਪੂਰਨ ਸਤਰਾਂ ਤੋਂ ਇਹ ਭਲੀ-ਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮੈਗਜ਼ੀਨ (ਸਮੁੰਦਰ) 'ਚ ਹੀਰੇ ਜਵਾਹਰਾਤ ਦਾ ਕਿੰਨਾਂ ਅਥਾਹ ਭੰਡਾਰ ਪਿਆ ਹੈ। ਮਾਰੋ ਚੁੱਭੀ ਤੇ ਪਾਓ ਹੱਥ ਹੀਰੇ ਮੋਤੀਆਂ ਦੇ ਖਜਾਨੇ ਨੂੰ।

* ਅਜੇ ਨਾ ਆਈ ਮੰਜ਼ਲ ਤੇਰੀ...

* ਤੋੜੇ-ਭੰਨੇ ਜਾ ਰਹੇ ਇਤਿਹਾਸ ਦੇ ਸਹੀ ਤੱਥਾਂ ਨੂੰ ਕਿਤਾਬਾਂ/ ਲਿਖਤਾਂ ਦੇ ਰੂਪ ਵਿੱਚ ਸਮਾਜ ਵਿੱਚ ਹਾਕਮਾਂ ਦੇ ਇਤਿਹਾਸ ਦੇ ਸਮਾਂਤਰ ਇੱਕ ਬਦਲ ਦੇ ਰੂਪ ਵਿੱਚ ਲੈ ਕੇ ਜਾਣਾ ਵੀ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ।

* ਅਪੰਗਤਾ ਦੇ ਬਾਵਜੂਦ ਜੇਕਰ ਮੈਂ ਮੌਤ ਦਾ ਰਸਤਾ ਰੋਕ ਸਕਦਾ ਹਾਂ, ਤੁਸੀਂ ਲੋਕ ਜਿਨ੍ਹਾਂ ਦੇ ਸਾਰੇ ਅੰਗ ਸਲਾਮਤ ਹਨ ਕਿਉਂ ਮਾਯੂਸ ਹੋ ?

* ਹਰ ਰੋਜ ਕਿਸੇ ਚੰਗੀ ਲਿਖਤ ਦੇ ਕੁੱਝ ਪੰਨੇ ਜਰੂਰ ਪੜ੍ਹੋ।

* ਜੇ ਸ਼ੇਰ ਦਾ ਸ਼ਿਕਾਰ ਕਰਨ ਨਿਕਲੇ ਹੋ ਤਾਂ ਆਪਣਾ ਗੋਲੀ-ਬਾਰੂਦ ਚਿੜੀਆਂ ਜਨੌਰਾਂ 'ਤੇ ਨਸ਼ਟ ਨਾ ਕਰੋ।

* ਕਿਹੜੀ ਮਿੱਟੀ ਦੇ ਬਣੇ ਹੋਏ ਲੋਕ ਨੇ ਇਹ ਜੋ ਸਾਰੀਆਂ ਰਸਮਾਂ ਤਿਆਗ ਕੇ, ਆਪਣਾ ਦੁੱਖ ਦਰਦ ਭੁਲਾ ਕੇ, ਆਪਣੇ ਘਰ ਦੇ ਜੀਅ ਨੂੰ ਮੈਡੀਕਲ ਵਿਦਿਆਰਥੀਆਂ ਦੀ ਪੜ੍ਹਾਈ ਤੇ ਖੋਜ ਲਈ ਦੇ ਕੇ ਸਮਾਜ ਦਾ ਭਲਾ ਲੋਚਦੇ ਹਨ।

* ਏਡੀ ਵੱਡੀ ਦੁਨੀਆਂ ਵਿੱਚ ਜੇ ਇੱਕ ਵੀ ਬੰਦਾ ਅਜਿਹਾ ਹੈ ਜੋ ਅੱਧੀ ਰਾਤ ਮੇਰੀ ਗੱਲ ਧਿਆਨ ਨਾਲ ਸੁਣ ਸਕਦਾ ਹੈ ਤਾਂ ਇਸ ਦੁਨੀਆਂ ਵਿੱਚ ਜੀਵਿਆ ਜਾ ਸਕਦਾ ਹੈ।

* 22ਵੀਂ ਸਦੀ ਪੁਸਤਕ ਪੜ੍ਹਨਾ ਵੱਧ ਮਹੱਤਵਪੂਰਨ ਹੈ।

* ਤੁਹਾਡੀ ਮੁਕਤੀ ਦਾ ਰਾਹ ਧਰਮ ਸ਼ਾਸਤਰ ਜਾਂ ਮੰਦਿਰ ਨਹੀਂ ਹਨ, ਸਗੋਂ ਇਹ ਤੁਹਾਡੀ ਉੱਚ ਸਿੱਖਿਆ, ਰੁਜਗਾਰ, ਉੱਚ ਆਚਰਣ ਅਤੇ ਨੈਤਿਕਤਾ ਵਿੱਚ ਹੈ।

* ਖੁਦਕੁਸ਼ੀ ਸਿਰਫ ਇੱਕ ਮਨੋਵਿਗਿਆਨਕ ਵਰਤਾਰਾ ਨਹੀਂ ਹੈ ਸਗੋਂ ਇੱਕ ਸਮਾਜਿਕ ਵਰਤਾਰਾ ਵੀ ਹੈ।

* ਸ਼ਖਸੀਅਤ ਉਸਾਰੀ ਵਿੱਚ ਤਨ ਨਾਲੋਂ ਮਨ ਵਧੇਰੇ ਮਹੱਤਵਪੂਰਨ ਹੈ। ਕਿਤਾਬਾਂ, ਫਿਲਮਾਂ, ਨਾਟਕ ਅਤੇ ਕਿਸੇ ਕਲਾ ਨਾਲ ਜੁੜੇ ਰਹਿਣਾ ਮਨ ਦੀ ਮਜਬੂਤੀ ਲਈ ਜਿਮ ਦਾ ਕੰਮ ਕਰਦੇ ਹਨ।

* 39 ਦਿਨ ਜੀਵੀ ਅਬਾਬਤ ਭਾਰਤ ਦੀ ਸਭ ਤੋਂ ਛੋਟੀ ਉਮਰ ਦੀ ਸਰੀਰ ਪ੍ਰਦਾਨੀ ਬਣੀ।

*ਡਾਰਵਿਨ ਦਾ ਸਿਧਾਂਤ ਪੜ੍ਹ ਕੇ ਰੂੜ੍ਹੀਵਾਦੀਆਂ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। **- ਅਜੀਤ ਪ੍ਰਦੇਸੀ**

ਮਈ-ਜੂਨ ਅੰਕ ਦਾ ਮੁੱਖ ਪੰਨਾ ਖਿੱਚ ਭਰਭੂਰ ਸੀ। ਮੁੱਖ ਪੰਨੇ 'ਤੇ ਲੱਗੀ ਡਾਰਵਿਨ ਦੀ ਤਸਵੀਰ ਆਪਣੇ ਆਪ ਵਿਚ ਅੱਜ ਦੇ ਸਮੇਂ ਦਾ ਬਹੁਤ ਕੁਝ ਬਿਆਨ ਕਰ ਰਹੀ ਸੀ। ਮਈ ਦਿਵਸ 'ਤੇ ਸ਼ਿਕਾਗੋ ਦੇ ਸ਼ਹੀਦਾਂ ਬਾਰੇ ਹਾਵਰਡ ਫਾਸਟ ਵਲੋਂ ਦਿੱਤੀ ਜਾਣਕਾਰੀ ਬਹੁਤ ਵਧੀਆ ਸੀ। ਮਾਸਟਰ ਸੁਭਾਸ਼ ਤਰਕਸ਼ੀਲ ਵੱਲੋਂ ਅੱਖਾਂ ਬੰਦ ਕਰਕੇ ਨੱਕ ਨਾਲ ਸੁੰਘ ਕੇ ਪੜ੍ਹਨ ਦੇ ਪਾਖੰਡ ਦਾ ਪਰਦਾਫਾਸ਼ ਬਹੁਤ ਵਧੀਆ ਢੰਗ ਨਾਲ ਕੀਤਾ ਗਿਆ। ਗੁਰਚਰਨ ਨੂਰਪੁਰ ਦੇ ਤਰਕ ਦੇ ਮੋਤੀ, ਤਿਲਕਣੀ ਉਮਰ ਹੈ ਕਿਸ਼ੋਰ ਅਵਸਥਾ, ਡਾ. ਦੀਪਤੀ ਅਤੇ ਰਾਜਪਾਲ ਸਿੰਘ ਵੱਲੋਂ ਪੜ੍ਹਨ ਯੋਗ ਪੁਸਤਕਾਂ ਦੀ ਲੜੀ 10 ਵਿਚ ਰਾਹੁਲ ਸੰਕਰਾਤਾਇਨ ਦੀ "22ਵੀਂ ਸਦੀ" ਪੁਸਤਕ ਬਾਰੇ ਦਿੱਤੀ ਜਾਣਕਾਰੀ ਬਹੁਤ ਵਧੀਆ ਲੱਗੀ ਅਤੇ ਇਹ ਪੁਸਤਕ ਜਲਦੀ ਪੜ੍ਹਨ ਲਈ ਮਨ ਵਿਚ ਤਾਂਘ ਜਾਗੀ। ਹਰੀ ਸ਼ੰਕਰ ਪਰਸਾਈ ਦਾ ਵਿਅੰਗ "ਮੁੰਡਨ" ਮੌਜੂਦਾ ਸਿਸਟਮ 'ਤੇ ਗਹਿਰੀ ਚੋਟ ਮਾਰ ਗਿਆ। ਬਾਲ ਪੰਨਾ ਤੇ ਬੂਟਾ ਸਿੰਘ ਵਾਕਫ਼ ਵਲੋਂ ਪਲਾਸਟਿਕ ਪ੍ਰਦੂਸ਼ਣ ਬਾਰੇ ਦਿੱਤੀ ਜਾਣਕਾਰੀ ਬਹੁਤ ਵਧੀਆ ਸੀ। ਆਖਰੀ ਪੰਨੇ 'ਤੇ ਜਸਵੰਤ ਮੁਹਾਲੀ ਦਾ ਲੇਖ "ਤਨ ਤੇ ਮਨ ਦਾ ਟੁੱਟਦਾ ਤਾਲਮੇਲ" ਵੀ ਚੰਗਾ ਲੱਗਿਆ। ਆਉਣ ਵਾਲੇ ਸਮੇਂ ਵਿਚ ਬੱਚਿਆਂ ਜਾਂ ਵਿਦਿਆਰਥੀਆਂ ਲਈ ਮੈਗਜ਼ੀਨ ਵਿਚ ਪੇਜ ਵਧਾਉਣੇ ਚਾਹੀਦੇ ਹਨ। ਇਸ ਚੀਜ ਦੀ ਘਾਟ ਰੜਕਦੀ ਸੀ। ਮੈਗਜੀਨ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। **ਗੁਰਪ੍ਰੀਤ ਸ਼ਹਿਣਾ**

"ਤਰਕਸ਼ੀਲ" ਮੈਗਜ਼ੀਨ ਅੰਕ ਮਈ-ਜੂਨ 2023 ਵਿਚ ਯਸ਼ਪਾਲ ਜੀ ਨੇ "ਮਨੁੱਖੀ ਜਿਸਮ ਦੀ ਰੋਗ ਪ੍ਰਤੀਰੋਧੀ ਸੁਰੱਖਿਆ ਛਤਰੀ" ਲੇਖ ਵਿਚ ਬਹੁਤ ਹੀ ਗਿਆਨਵਾਨ ਜਾਣਕਾਰੀ ਸਾਂਝੀ ਕੀਤੀ ਹੈ। ਉਹ ਆਪ ਸਾਇੰਸ ਅਧਿਆਪਕ ਰਹੇ ਹਨ। ਉਨ੍ਹਾਂ ਨੂੰ ਸਰੀਰ ਅੰਦਰ ਸੂਖਮ ਜੀਵਾਣੂਆਂ ਨਾਲ ਲੜਣ ਲਈ ਰੋਗ ਪ੍ਰਤੀਰੋਧੀ ਸੁਰੱਖਿਆ ਛਤਰੀ ਬਾਰੇ (Im-munity) ਕਾਫੀ ਸਮਝ ਹੈ। ਪਰ ਉਨ੍ਹਾਂ ਵੱਲੋਂ ਕੁਦਰਤ ਸਬੰਧੀ

ਲੇਖ ਵਿਚ ਜੋ ਲਿਖਿਆ ਗਿਆ ਹੈ, ਉਸ ਨੂੰ ਹੋਰ ਵਧ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹਾਂ।

1. ਕੁਦਰਤ ਵੀ ਇਸ ਤੋਂ ਭਲੀ-ਭਾਂਤ ਜਾਣੂ ਹੈ।

2. ਕੁਦਰਤ ਨੇ ਇਨ੍ਹਾਂ ਅੰਗਾਂ ਲਈ ਇਕ ਬਦਲਵੀਂ ਸੁੱਰਖਿਆ ਦਾ ਜੁਗਾੜ ਕੀਤਾ ਹੋਇਆ।

3. ਕੁਦਰਤ ਵਲੋਂ ਘੁਸਪੈਠੀਆਂ ਨਾਲ ਨਿਪਟਣ ਲਈ ਹੋਰ ਵੀ ਜੁਗਤਾਂ ਘੜੀਆਂ ਹੋਈਆਂ ਹਨ। ਇਸ ਤੋਂ ਲੱਗਦਾ ਹੈ ਕਿ ਸਮੁੱਚੇ ਬ੍ਰਹਿਮੰਡ ਵਿਚ ਕੋਈ ਸੁਚੇਤ ਰੂਪ ਵਿਚ ਸ਼ਕਤੀ ਹੈ, ਜਿਹੜੀ ਇਸ ਸਾਰੇ ਸਿਸਟਮ ਨੂੰ ਨਿਯਤੰਰਤ ਕਰਦੀ ਹੈ, ਉਸ ਦਾ ਨਾਂ ਹੈ ਕੁਦਰਤ। **- ਪ੍ਰਿੰ. ਖਰੜ ਗੁਰਮੀਤ**

ਮਈ-ਜੂਨ 2023 ਦਾ "ਤਰਕਸ਼ੀਲ" ਕਾਬਲੇ ਤਰੀਫ਼ ਹੈ। ਸਾਰਾ ਹੀ ਮੈਟਰ ਵਧੀਆ ਹੈ। ਹਰ ਉਮਰ ਦੇ ਪਾਠਕ ਦੇ ਮਾਨਸਿਕ ਪੱਧਰ ਅਨੁਸਾਰ ਹੈ। ਜੇਕਰ ਮੈਗਜੀਨ ਦਾ ਘੇਰਾ ਵਿਦਿਆਰਥੀਆਂ ਵਿੱਚ ਵਧਾਇਆ ਜਾਵੇ, ਬਹੁਤ ਲਾਭਦਾਇਕ ਹੋ ਸਕਦਾ ਹੈ। ਇਹ ਕੰਮ ਅਧਿਆਪਕਾਂ ਦੁਆਰਾ ਵਧੀਆ ਢੰਗ ਨਾਲ ਕੀਤਾ ਜਾ ਸਕਦਾ ਹੈ। "ਤਰਕਸ਼ੀਲ" ਮੈਗਜੀਨ ਦੇ ਪਾਠਕਾਂ ਨਾਲ ਸੁਸਾਇਟੀ ਦੇ ਮੈਂਬਰਾਂ ਨੂੰ ਲਗਾਤਾਰ ਸੰਪਰਕ ਬਣਾ ਕੇ ਰੱਖਣਾ ਚਾਹੀਦਾ ਹੈ। ਮੈਗਜੀਨ ਵਿੱਚ ਤਤਕਲੀਨ ਮੁੱਦਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਬਹੁਤ ਵਧੀਆ ਲੱਗਿਆ। ਕੇਸ ਰਿਪੋਰਟਾਂ ਅਤੇ ਆਪ ਬੀਤੀਆਂ ਨੂੰ ਕਾਫੀ ਸਥਾਨ ਦਿੱਤਾ ਗਿਆ ਹੈ। ਇਸ ਦਾ ਫਾਇਦਾ ਹੈ ਕਿ ਇਹਨਾ ਦੀ ਭਾਸ਼ਾ ਬਹੁਤ ਸੌਖੀ ਹੁੰਦੀ ਹੈ, ਪਾਠਕ ਦੀ ਦਿਲਚਸਪੀ ਬਣੀ ਰਹਿੰਦੀ ਹੈ। ਆਮ ਮੁਹਾਰੇ ਹੀ ਵਿਗਿਆਨਕ ਜਾਣਕਾਰੀ ਵਿਅਕਤੀ ਦੇ ਦਿਮਾਗ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਵਹਿਮਾ ਭਰਮਾਂ ਦੀ ਦਿਮਾਗ ਵਿੱਚੋਂ ਸਫ਼ਾਈ ਕਰ ਦਿੰਦੀ ਹੈ। ਬੌਧਿਕ ਤੇ ਵਿਚਾਰਧਾਰਕ ਲੇਖ ਵੀ ਕਾਬਲੇ ਤਰੀਫ਼ ਹਨ। ਕਵਿਤਾਵਾਂ ਅਤੇ ਵਿਅੰਗ ਕਹਾਣੀ 'ਮੁੰਡਨ' ਵੀ ਵਧੀਆ ਹਨ। ਮੈਟਰ ਬਹੁਤ ਵਧੀਆ ਹੈ, ਲੋੜ ਹੈ ਕਿ ਇਸ ਨੂੰ ਵੱਧ ਤੋਂ ਵੱਧ ਲੋਕਾਂ ਦੇ ਹੱਥਾਂ ਵਿੱਚ ਪਹੁੰਚਦਾ ਕੀਤਾ ਜਾਵੇ ਅਤੇ ਪੜ੍ਹਾਇਆ ਜਾਵੇ। **- ਰੁਪਿੰਦਰ ਪਾਲ ਸਿੰਘ, ਜੰਡਿਆਲੀ (ਲੁਧਿਆਣਾ)**

ਚਿਰਾਂ ਤੋਂ "ਤਰਕਸ਼ੀਲ" ਮੈਗਜ਼ੀਨ ਪੜ੍ਹਦੇ ਆ ਰਹੇ ਹਾਂ। ਹੇਮ ਰਾਜ ਜੀ ਦੀਆਂ ਰਚਨਾਵਾਂ ਬਹੁਤ ਹੀ ਗਹਿਰ-ਗੰਭੀਰ ਤੇ ਰਾਹ ਦਿਸੇਰੀਆਂ ਹੁੰਦੀਆਂ ਹਨ। ਅੱਜ ਹੀ ਮੈਗਜ਼ੀਨ ਮਿਲਿਆ। ਉਸ ਵਿੱਚ ਉਹਨਾਂ ਦੀ ਲਿਖਤ 'ਵਿਚਾਰਵਾਦ' ਪੜ੍ਹੀ। ਬਹੁਤ ਸੂਖਮਤਾ ਨਾਲ ਵਿਚਾਰਵਾਦ ਤੇ ਪਦਾਰਥਵਾਦ ਦੇ ਫਰਕ ਨੂੰ ਸਮਝਾਇਆ ਹੈ। ਤਰਕਸ਼ੀਲ ਸੋਚ ਦੇ ਪ੍ਰਚਾਰ-ਪਸਾਰ ਲਈ ਉਹਨਾਂ ਦੀ ਮਿਹਨਤ ਨੂੰ ਸਲਾਮ ਹੈ।

ਜਸਵਿੰਦਰ ਰੱਤੀਆਂ

ਪੰਨਾ 40 ਦਾ ਬਾਕੀ ਜਿੰਦਰ ਬਾਗਪੁਰ, ਦਲਬੀਰ ਕਟਾਣੀ, ਅਸ਼ਵਨੀ ਕੁਮਾਰ, ਮਹਿੰਦਰ ਪਾਲ ਮਾਨਸਾ, ਅਵਤਾਰ ਦੀਪ, ਅਵਤਾਰ ਬਰਨਾਲਾ, ਪੁਰਸ਼ੋਤਮ ਬੱਲੀ, ਅਕਸ਼ੈ ਖਨੌਰੀ, ਭੁਪਿੰਦਰ ਫੌਜੀ, ਪਰਮਜੀਤ ਕੌਰ ਜੋਧਪੁਰ, ਕੁਲਜੀਤ ਫਾਜ਼ਿਲਕਾ, ਬਲਦੇਵ ਜਲਾਲ, ਹਰਪ੍ਰੀਤ ਮੀਆਂਵਿੰਡ, ਮਾਸਟਰ ਤਸਵੀਰ ਸਿੰਘ, ਚੰਨਣ ਵਾਂਦਰ, ਤਰਲੋਚਨ ਗੁਰਦਾਸਪੁਰ, ਰਣਜੀਤ ਸਿੰਘ ਬਠਿੰਡਾ, ਦੀਵਾਨ ਸਿੰਘ, ਮਾਸਟਰ ਦਲਬੀਰ ਸਿੰਘ, ਰਾਜ ਕੁਮਾਰ ਵੇਰਕਾ, ਅਸ਼ੋਕ ਕੁਮਾਰ, ਪਵਨ ਰੱਤੋਂ, ਚਰਨਜੀਤ ਪਟਵਾਰੀ, ਅੰਮ੍ਰਿਤ ਮਾਨਸਾ ਆਦਿ ਕਾਰਕੁਨਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਡੈਲੀਗੇਟਾਂ ਦੀ ਰਜਿਸਟਰੇਸ਼ਨ ਲਈ ਤਰਕਸ਼ੀਲ ਕਾਰਕੁਨਾਂ ਹੇਮ ਰਾਜ ਸਟੈਨੋ, ਰਾਜੇਸ਼ ਅਕਲੀਆ, ਬਲਰਾਜ ਮੌੜ, ਭੀਮ ਰਾਜ ਬਰਨਾਲਾ ਅਤੇ ਮੱਖਣ ਭੋਤਨਾ ਵਲੋਂ ਸਹੀ ਪ੍ਰਬੰਧ ਕੀਤੇ ਗਏ ਜਦ ਕਿ ਖਾਣੇ ਅਤੇ ਚਾਹ ਪਾਣੀ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਰਾਜੇਸ਼ ਅਕਲੀਆ ਵਲੋਂ ਬਾਖੂਬੀ ਨਿਭਾਈ ਗਈ। ਇਸ ਤਰ੍ਹਾਂ ਇਹ ਡੈਲੀਗੇਟ ਇਜਲਾਸ ਤਰਕਸ਼ੀਲ ਲਹਿਰ ਦਾ ਘੇਰਾ ਹੋਰ ਵਿਸ਼ਾਲ ਕਰਨ ਅਤੇ ਇਕ ਸਿਹਤਮੰਦ ਸਮਾਜ ਅਤੇ ਸੱਭਿਆਚਾਰ ਉਸਾਰਨ ਦਾ ਅਹਿਦ ਲੈਂਦਾ ਹੋਇਆ ਸਮਾਪਤ ਹੋਇਆ।

- ਸੂਬਾ ਆਗੂ (ਮੀਡੀਆ ਵਿਭਾਗ)

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬਠਿੰਡਾ ਦੇ ਜ਼ੋਨ ਆਗੂ ਬਲਰਾਜ ਮੌੜ ਦੀ ਸਤਿਕਾਰਤ ਮਾਤਾ ਗੁਰਨਾਮ ਕੌਰ ਜੀ (ਸਰੀਰ ਪ੍ਰਦਾਨੀ), ਇਕਾਈ ਸੁਨਾਮ ਦੇ ਮੈਂਬਰ ਦਾਰਾ ਸਿੰਘ ਜੀ ਦੇ ਸਤਿਕਾਰਤ ਮਾਤਾ ਜੀ ਅਤੇ ਇਕਾਈ ਗੜ੍ਹ ਸ਼ੰਕਰ ਦੇ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਦੇ ਮੁਖੀ ਡਾ. ਰਾਮ ਲਾਲ ਜੀ ਦੇ ਚਾਚੇ ਦੇ ਨੌਜਵਾਨ ਲੜਕੇ, ਚਾਚੀ ਜੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ ਅਤੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

ਖ਼ਤਰਨਾਕ



ਉਹ ਕਰਨਾ ਚਾਹੁੰਦੇ ਨੇ
ਮੁਲਕ ਭਰ ਦੀਆਂ
ਕਲਮਾਂ ਦੀ ਨਸਬੰਦੀ
ਸਕੂਲਾਂ ਦੀ ਭਰੂਣ ਹੱਤਿਆ
ਯੂਨੀਵਰਸਿਟੀਆਂ, ਕਾਲਜਾਂ ਦਾ ਗਰਭਪਾਤ
ਕਿਉਂਕਿ, ਉਹ ਜਾਣਦੇ ਹਨ
ਕਿ ਚਾਨਣ ਦੀ ਕੁੱਖ 'ਚੋਂ ਜੰਮੇ
ਸਤਮਾਹੇ ਵਿਚਾਰ ਵੀ
ਖ਼ਤਰਨਾਕ ਹੁੰਦੇ ਹਨ।

ਗੁਰਸੇਵਕ ਲੰਬੀ
99141 50353

ਨਿਵੇਕਲੇ ਕਦਮ

ਮਨੁੱਖਤਾ ਦੀ ਭਲਾਈ ਅਤੇ ਮੈਡੀਕਲ ਸਿੱਖਿਆ ਲਈ ਮਾਤਾ ਗੁਰਨਾਮ ਕੌਰ ਦਾ ਮ੍ਰਿਤਕ ਸਰੀਰ ਖੋਜ ਕਾਰਜਾਂ ਲਈ ਪ੍ਰਦਾਨ ਕੀਤਾ।



ਤਰਕਸ਼ੀਲ ਆਗੂ ਅਤੇ ਫੀਲਡ ਐਂਡ ਵਰਕਸ਼ਾਪ ਵਰਕਰਜ ਯੂਨੀਅਨ ਪੰਜਾਬ ਦੇ ਸਰਕਲ ਬਠਿੰਡਾ ਦੇ ਜਨਰਲ ਸਕੱਤਰ ਸਾਥੀ ਬਲਰਾਜ ਸਿੰਘ ਮੌੜ ਦੇ ਸਤਿਕਾਰਯੋਗ ਮਾਤਾ ਗੁਰਨਾਮ ਕੌਰ ਜੀ (ਪਤਨੀ ਸੁਖਦੇਵ ਸਿੰਘ ਜੀ ਮੌੜ ਕਲਾਂ) ਦੇ ਦਿਹਾਂਤ ਉਪਰੰਤ ਮਾਤਾ ਜੀ ਦੀ ਅੰਤਿਮ ਇੱਛਾ ਅਨੁਸਾਰ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਮਾਤਾ ਜੀ ਦਾ ਮ੍ਰਿਤਕ ਸਰੀਰ ਮਨੁੱਖਤਾ ਦੀ ਭਲਾਈ ਅਤੇ ਮੈਡੀਕਲ ਖੋਜ ਕਾਰਜਾਂ ਲਈ ਮੈਡੀਕਲ ਕਾਲਜ ਏਮਜ ਬਠਿੰਡਾ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਰਾਹੀਂ ਪ੍ਰਦਾਨ ਕਰ ਦਿੱਤਾ ਗਿਆ। ਇਸ ਮੌਕੇ ਮਾਤਾ ਜੀ ਦੇ ਸਪੁੱਤਰਾਂ, ਉਹਨਾਂ ਦੇ ਪਰਿਵਾਰ ਅਤੇ ਧੀਆਂ ਸਮੇਤ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਅਤੇ ਸੂਬਾਈ ਆਗੂ ਹਾਜ਼ਰ ਸਨ। ਡਾਕਟਰ ਮੈਡਮ ਬੰਦਨਾ ਤਿਵਾੜੀ ਅਨਾਟਮੀ ਵਿਭਾਗ ਸਮੇਤ ਸਟਾਫ ਨੇ ਡੈਡ ਬਾਡੀ ਰਿਸੀਵ ਕਰਦਿਆਂ ਸਰੀਰਪ੍ਰਦਾਨੀ ਮਾਤਾ ਜੀ, ਸਮੂਹ ਪਰਿਵਾਰ ਅਤੇ ਤਰਕਸ਼ੀਲ ਸੰਸਥਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੀ ਮੈਡੀਕਲ ਸੰਸਥਾ ਲਈ ਇਹ ਬਹੁਤ ਉਪਯੋਗੀ ਅਤੇ ਮਹੱਤਵਪੂਰਨ ਹੈ। ਉਹਨਾਂ ਨੇ ਪਰਿਵਾਰ ਨੂੰ ਇਸ ਸਬੰਧੀ ਸਰਟੀਫਿਕੇਟ ਵੀ ਜਾਰੀ ਕੀਤਾ। ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬਠਿੰਡਾ ਦੇ ਵਿਤ ਮੁਖੀ ਮਾਸਟਰ ਗਿਆਨ ਸਿੰਘ, ਕੁਲਵੰਤ ਸਿੰਘ, ਕੁਲਵਿੰਦਰ ਹੈਪੀ, ਮੇਜਰ ਸਿੰਘ, ਹਰਨੇਕ ਸਿੰਘ ਮੌੜ, ਗੁਰਜੰਟ ਸਿੰਘ ਮੌੜ, ਭੁਪਿੰਦਰ ਮੌੜ ਅਤੇ ਹੋਰ ਸਰਗਰਮ ਮੈਂਬਰ ਹਾਜਰ ਸਨ। ਸੂਬਾਈ ਆਗੂ ਰਾਜਪਾਲ ਸਿੰਘ ਬਠਿੰਡਾ ਨੇ ਵੀ ਸਰੀਰਪ੍ਰਦਾਨੀ ਪਰਿਵਾਰ ਦਾ ਮਨੁੱਖਤਾ ਦੀ ਭਲਾਈ ਅਤੇ ਮੈਡੀਕਲ ਸਿੱਖਿਆ ਵਿੱਚ ਯੋਗਦਾਨ ਪਾਉਣ ਲਈ ਇਸ ਨਵੀ ਪਿਰਤ ਅਤੇ ਵਿਗਿਆਨਕ ਸਮਝ ਅਪਨਾਉਂਦਿਆਂ ਸਰੀਰਪ੍ਰਦਾਨ ਕਰਨ ਦਾ ਮਹੱਤਵ ਸਮਝਾਉਂਦਿਆਂ ਧੰਨਵਾਦ ਕੀਤਾ।

ਰਿਪੋਰਟ: ਰਾਮ ਸਿੰਘ ਨਿਰਮਾਣ ਚੁੱਘੇ ਕਲਾਂ।

ਪਿਤਾ ਦੀ ਰਾਖ ਨੂੰ ਟੋਏ 'ਚ ਦੱਬ ਕੇ 'ਤੇ ਫਲਦਾਰ ਤੇ ਛਾਂਦਰ ਪੌਦਾ ਲਾਇਆ: ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਜਿੱਥੇ ਸਾਡੇ ਸਮਾਜ ਵਿੱਚ ਵੇਲਾ ਵਿਹਾ ਚੁੱਕੀਆਂ ਰਸਮਾਂ, ਰੀਤਾਂ ਤੇ ਹੋਰ ਹਰ ਤਰ੍ਹਾਂ ਦਾ ਅੰਧਵਿਸ਼ਵਾਸੀ ਵਰਤਾਰਾ ਅਸੀਂ ਬਿਨਾਂ ਕਿਸੇ ਕਾਰਨ ਜਾਣਿਆ, ਆਪਣੇ ਸਿਰਾਂ 'ਤੇ ਢੋਂਹਦੇ ਆ ਰਹੇ ਹਾਂ, ਉੱਥੇ ਅੱਜ ਅਗਾਂਹਵਧੂ ਸੋਚ ਦੇ ਧਾਰਨੀ ਲੋਕ ਵੀ ਇਨ੍ਹਾਂ ਤੋਂ ਛੁਟਕਾਰਾ ਪਾ ਕੇ-ਸਮਾਜ ਵਿੱਚ ਨਵੀਆਂ ਪਿਰਤਾਂ ਪਾ ਰਹੇ ਹਨ। ਤਰਕਸ਼ੀਲ ਸੁਸਾਇਟੀ ਦੇ ਹਮਦਰਦ ਤੇ ਸਮਰਥਕ ਜਰਨੈਲ ਸਿੰਘ ਜੀ ਮੌੜ ਕਮਾਂਡੈਂਟ ਸੰਗਰੂਰ ਨੇ ਆਪਣੇ ਪਿਤਾ ਬੰਤ ਸਿੰਘ ਜੀ ਦੀ ਮੌਤ ਉਪਰੰਤ ਫੁੱਲ ਚੁਗਣ ਦੀ ਰਸਮ ਨੂੰ ਨਾ ਕਰਦਿਆਂ ਸਾਰੇ ਅੰਗੀਠੇ ਨੂੰ ਇਕੱਠਾ ਕਰਕੇ ਟੋਏ ਵਿੱਚ ਦੱਬ ਕੇ ਉਨ੍ਹਾਂ ਦੀ ਯਾਦ ਵਿੱਚ ਫਲਦਾਰ ਤੇ ਛਾਂਦਾਰ ਬੂਟੇ ਲਾ ਕੇ ਫੁੱਲ ਚੁਗਣ/ਪਾਉਣ ਦੀ ਰਸਮ ਨੂੰ ਤੋੜਿਆ, ਤਾਂ ਜੋ ਵਾਧੂ ਦੇ ਝਮੇਲਿਆਂ ਤੋਂ ਸਮਾਜ ਨੂੰ ਛੁਟਕਾਰਾ ਮਿਲ ਸਕੇ। ਉਹਨਾਂ ਕਿਹਾ, "ਅੱਜ ਜਦ ਡੈਥ ਸਰਟੀਫਿਕੇਟ ਸਾਨੂੰ ਸਾਡੇ ਘਰ ਬੈਠਿਆਂ ਮਿਲ ਜਾਂਦਾ ਹੈ ਤਾਂ ਕੀ ਜ਼ਰੂਰਤ ਹੈ ਕਿ ਅਸੀਂ ਮੱਚ ਚੁੱਕੀਆਂ ਹੱਡੀਆਂ ਦੀ ਪੋਟਲੀ ਚੁੱਕ ਕੇ ਵੱਖ ਵੱਖ ਤੀਰਥ ਅਸਥਾਨਾਂ 'ਤੇ ਭੀੜਾਂ ਵਧਾਉਂਦੇ ਫਿਰੀਏ। ਅਸੀਂ ਇਸ ਨਾਲ ਸੁਨੇਹਾ ਦੇਣਾ ਚਾਹੁੰਦੇ ਹਾਂ ਕਿ ਆਓ ਸਾਡੇ ਪਾਣੀਆਂ ਨੂੰ ਪਲੀਤ ਹੋਣ ਤੋਂ ਬਚਾਈਏ ਤੇ ਨਾਲ ਹੀ ਦੂਸ਼ਿਤ ਹੁੰਦੇ ਵਾਤਾਵਰਣ ਨੂੰ ਰੁੱਖ ਲਗਾ ਕੇ ਸ਼ੁੱਧ ਕਰੀਏ।" ਬੰਤ ਸਿੰਘ ਨੇ 90 ਸਾਲ ਤੰਦਰੁਸਤ ਤੇ ਨਸ਼ਾ ਮੁਕਤ ਜੀਵਨ ਜੀਵਿਆ। ਉਹ ਬਹੁਤ ਹੀ ਨਿਮਰ ਸੁਭਾਅ ਤੇ ਅਗਾਂਹ ਵਧੂ ਸੋਚ ਦੇ ਧਾਰਨੀ ਸਨ, ਜਿਨ੍ਹਾਂ ਨਿਰੋਲ ਛੋਟੀ ਕਿਸਾਨੀ ਵਿੱਚੋਂ ਉੱਪਰ ਉੱਠ ਕੇ ਆਪਣੇ ਪਰਿਵਾਰ ਨੂੰ ਵਧੀਆ ਸਮਾਜ ਦੇ ਪਾਤਰ ਸਿਰਜਣ ਵਿੱਚ ਕਾਮਯਾਬੀ ਹਾਸਲ ਕੀਤੀ। ਇਸ ਤੋਂ ਇਲਾਵਾ ਪਰਿਵਾਰ ਵੱਲੋਂ ਬਾਪੂ ਬੰਤ ਸਿੰਘ ਦੀ ਯਾਦ ਵਿੱਚ 90 ਫਲਦਾਰ ਤੇ ਛਾਂਦਾਰ ਬੂਟੇ ਲਾਉਣ ਦਾ ਫੈਸਲਾ ਕੀਤਾ ਗਿਆ, ਜੋ ਵੱਖ ਵੱਖ ਥਾਂਵਾਂ 'ਤੇ ਲਗਾਏ ਜਾਣਗੇ। **-ਬਲਰਾਜ ਮੌੜ (ਜ਼ੋਨ ਜਥੇਬੰਦਕ ਆਗੂ ਬਠਿੰਡਾ)**

'ਤੇ ਫਿਰ ਕੱਪੜੇ ਕੱਟਣੇ ਬੰਦ ਹੋ ਗਏ...

ਪਿਛਲੇ ਮਹੀਨੇ ਕੱਥੂਨੰਗਲ ਤੋਂ ਕੁੱਝ ਮੀਲ ਦੂਰ ਇਕ ਪਿੰਡ ਤੋਂ ਪਤੀ ਪਤਨੀ ਨੇ ਤੈਅ ਕੀਤੇ ਸਮੇਂ ਅਨੁਸਾਰ ਮੇਰੇ ਘਰ ਆਣ ਦਸਤਕ ਦਿੱਤੀ। ਉਹ ਬਹੁਤ ਪ੍ਰੇਸ਼ਾਨ ਲੱਗ ਰਹੇ ਸਨ। ਪੁੱਛਣ ਤੇ ਦੋਵਾਂ ਜੀਆਂ ਨੇ ਦੱਸਿਆ ਕਿ ਕੁਝ ਦਿਨ ਤੋਂ ਘਰ ਵਿਚ ਆਪਣੇ ਆਪ ਕਪੜੇ ਕੱਟਣ ਅਤੇ ਅੱਗ ਲੱਗਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਜਦਕਿ ਉਨ੍ਹਾਂ ਦੋਵਾਂ ਤੋਂ ਸਿਵਾ ਘਰ ਵਿਚ ਕੋਈ ਹੋਰ ਮੈਂਬਰ ਮੌਜੂਦ ਨਹੀਂ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਅਜੇ ਤਕ ਕਿਸੇ ਵੀ ਬਾਬੇ, ਸਾਧ ਕੋਲ ਨਹੀਂ ਗਏ। ਮੈਂ ਆਪਣੀ ਗੋਪਾਲਪੁਰ ਮਜਵਿੰਡ ਇਕਾਈ ਦੇ ਆਗੂਆਂ ਸੇਵਾ ਸਿੰਘ ਮਜਵਿੰਡ, ਸੁਖਦੀਪ ਮਜਵਿੰਡ, ਜੋਗਿੰਦਰ ਗੋਪਾਲਪੁਰ ਨੂੰ ਇਸ ਕੇਸ ਦੇ ਬਾਰੇ ਫੋਨ ਉੱਤੇ ਦੱਸਿਆ ਅਤੇ ਤੁਰੰਤ ਆਉਣ ਲਈ ਕਿਹਾ। ਤਰਕਸ਼ੀਲ ਸਾਥੀਆਂ ਦੇ ਆਉਣ ਤੋਂ ਬਾਅਦ ਅਸੀਂ ਉਸਦੀ ਪਤਨੀ ਨੂੰ ਦੂਜੇ ਕਮਰੇ ਵਿਚ ਬੈਠਣ ਲਈ ਕਿਹਾ ਅਤੇ ਉਸਦੇ ਪਤੀ ਤੋਂ ਹੁਣ ਤੱਕ ਵਾਪਰੀਆਂ ... ਬਾਕੀ ਪੰਨਾ 55 'ਤੇ

ਪੇਸ਼ਕਦਮੀਆਂ

ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸ਼ੋਸੀਏਸ਼ਨਜ (F.I.R.A.) ਦੀ ਇੱਕਤਰਤਾ: ਇਹ ਇੱਕਤਰਤਾ ਕੋਜ਼ੀਕੋਡ (ਕਾਲੀਕੱਟ ਕੇਰਲਾ) ਵਿਖੇ 14 ਮਈ ਨੂੰ ਡਾ. ਨਰਿੰਦਰ ਨਾਇਕ ਦੀ ਪ੍ਰਧਾਨਗੀ ਹੇਠ ਹੋਈ। ਸਾਰੇ ਹਾਜ਼ਰ ਸਾਥੀਆਂ ਨੂੰ ਜੀ ਆਇਆਂ ਆਖਦਿਆਂ ਕੇਰਲਾ ਯੁਕਤੀਵਾਦੀ ਸੰਗਮ ਦੇ ਪ੍ਰਧਾਨ ਇਰਿੰਗਲ ਕ੍ਰਿਸ਼ਨਨ ਨੇ ਕਿਹਾ ਕਿ ਕੇਰਲਾ ਵਿੱਚ ਜਿੱਥੇ ਡਾ. ਕਾਵੂਰ ਨੇ ਤਰਕਸ਼ੀਲਤਾ ਦੀ ਲਹਿਰ ਦੀ ਅਗਵਾਈ ਕੀਤੀ, ਅੱਜ ਇਹ ਲਹਿਰ ਕੇਰਲਾ ਦੀ ਭੂਮੀ ’ਤੇ ਵਧਣ ਫੁੱਲਣ ਤੋਂ ਬਾਅਦ ਸਾਰੇ ਦੇਸ਼ ਵਿੱਚ ਫੈਲ ਰਹੀ ਹੈ। ਕੇਂਦਰ ਦੀ ਹੁਕਮਰਾਨ ਪਾਰਟੀ ਦੇ ਸਹਿਯੋਗ ਨਾਲ ਬਣੀ ਕੇਰਲਾ ਸਟੋਰੀ ਨਾਂ ਦੀ ਫਿਲਮ ਬਾਰੇ ਦੱਸਿਆ ਕਿ ਜੋ ਕੁੱਝ ਫਿਲਮ ਵਿੱਚ ਦਿਖਾਇਆ ਗਿਆ ਹੈ ਅਜਿਹਾ ਇੱਥੇ ਕੁੱਝ ਨਹੀਂ, ਇਹ ਤੱਥਾਂ ਨੂੰ ਤੋੜ ਮੋੜ ਕੇ ਪੇਸ਼ ਕੀਤੀ ਕਹਾਣੀ ਹੈ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ F.I.R.A. ਦੇ ਪ੍ਰਧਾਨ ਡਾ. ਨਾਇਕ ਨੇ ਕਿਹਾ ਕਿ ਸਾਨੂੰ ਹਰ ਰੋਜ਼ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਸਮੇਂ ਦੀ ਲੋੜ ਹੈ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਤਰਕਸ਼ੀਲਤਾ ਨਾਲ ਜੋੜਿਆ ਜਾਵੇ ਇਹ ਸਾਡੇ ਲਈ ਚਣੌਤੀ ਹੈ। ਨੈਸ਼ਨਲ ਸੈਕਟਰੀ ਡਾ. ਘੋੜੇਰਾਓ ਨੇ ਕਾਨਫਰੰਸ ਅਤੇ ਪਿਛਲੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਜਿਸ ਨੂੰ ਲੋੜੀਂਦੀਆਂ ਸੋਧਾਂ ਨਾਲ ਪਾਸ ਕਰ ਲਿਆ ਗਿਆ। F.I.R.A. ਦੇ ਫੰਡ ਬਾਰੇ ਹਿਸਾਬ ਕਿਤਾਬ ਦੀ ਰਿਪੋਰਟ ਕੈਸ਼ੀਅਰ ਵਜੋਂ ਹਰਚੰਦ ਭਿੰਡਰ ਨੇ ਪੇਸ਼ ਕੀਤੀ। ਇਸ ਉਪਰੰਤ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਆਪੋ ਆਪਣੀ ਜਥੇਬੰਦੀ ਦੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਇਸ ਸਮੇਂ ਇਹ ਵੀ ਧਿਆਨ ਵਿੱਚ ਆਇਆ ਕਿ ਭਾਜਪਾ ਵਾਲੇ ਸ਼ਾਸ਼ਤ ਰਾਜਾਂ ਵਿੱਚ ਤਰਕਸ਼ੀਲ ਜਥੇਬੰਦੀਆਂ ਨੂੰ ਕੱਟੜਵਾਦ ਅਤੇ ਧਾਰਮਿਕ ਮੂਲਵਾਦ ਕਾਰਣ ਬਹੁਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਤਰਕਸ਼ੀਲ ਸਰਗਰਮੀਆਂ ਕਰਨ ਜਾਂ ਪ੍ਰੋਗਰਾਮ ਕਰਨ ਵਿੱਚ ਦਿੱਕਤਾਂ ਵੀ ਆ ਰਹੀਆਂ ਹਨ। ਇਸ ਬਾਵਜੂਦ ਵੀ ਧਾਰਮਿਕ ਅੰਧ ਵਿਸ਼ਵਾਸਾਂ ਦੇ ਵਿਰੁੱਧ ਅਤੇ ਸੂਰਜ ਗ੍ਰਹਿਣ ਦੇ ਸਬੰਧ ਵਿੱਚ ਅਨੇਕਾਂ ਪ੍ਰੋਗਰਾਮ ਕੀਤੇ ਗਏ। ਇਸ ਦੇ ਨਾਲ ਹੀ ਬਾਗੇਸ਼ਵਰ ਧਾਮ ਵਾਲੇ ਧਿਰੇਂਦਰ ਸ਼ਾਸਤਰੀ ਵਿਰੁੱਧ ਮਹਾਂਰਾਸ਼ਟਰ ਦੇ ਸਾਥੀਆਂ ਵੱਲੋਂ ਕੀਤੀ ਗਈ ਕਾਰਵਾਈ ਨੂੰ ਉਤਸ਼ਾਹਤ ਕੀਤਾ ਗਿਆ। ਇਸਤੋਂ ਇਲਾਵਾ ਰੈਸ਼ਨੇਲਿਸਟ ਫੋਰਮ ਦੇ ਵੀ. ਮੋਹਨ ਨੇ ਡੀ. ਕੇ. ਮੁਖੀ ਦੇ ਸਬੰਧ ਵਿੱਚ ਵੀ ਆਰ ਐਸ ਐਸ ਦੀਆਂ ਟਿੱਪਣੀਆਂ ਬਾਰੇ ਗੱਲ ਕੀਤੀ।

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕੀਤੇ ਗਏ ਕੰਮਾਂ ਦੀ ਰਿਪੋਰਟਿੰਗ ਕੀਤੀ ਗਈ। ਇਹ ਦੱਸਿਆ ਗਿਆ ਕਿ ਸਾਰਾ ਸਾਲ ਹੀ ਕੋਈ ਨਾ ਕੋਈ ਸਰਗਰਮੀ ਚਲਦੀ ਰਹਿੰਦੀ ਹੈ। ਵਿਦਿਆਰਥੀ ਚੇਤਨਾ ਪ੍ਰਖ ਪ੍ਰੀਖਿਆ ਵੀ ਹਰ ਸਾਲ ਲਗਾਤਾਰ ਕਰਵਾਈ ਜਾ ਰਹੀ ਹੈ। ਕਿਤਾਬਾਂ ਨੂੰ ਪਾਠਕਾਂ ਤੱਕ ਪਹੁੰਚਾਉਣ ਦੇ ਲਈ ਹਰ ਤਰ੍ਹਾਂ ਦੇ ਯਾਦਗਾਰੀ ਮੇਲਿਆਂ, ਖੇਤੀ ਮੇਲਿਆਂ ਅਤੇ ਹੋਰ ਸਾਹਿਤਕ ਪ੍ਰੋਗਰਾਮਾਂ ਵਿੱਚ ਸਾਹਿਤ ਵੈਨ ਦੀ ਹਾਜ਼ਰੀ ਯਕੀਨੀ ਬਣਾਈ ਜਾਂਦੀ ਹੈ। ਵੱਡੀ ਗਿਣਤੀ ਵਿੱਚ ਪੰਜਾਬੀ ਤੇ ਹਿੰਦੀ ਦੇ ਮੈਗਜ਼ੀਨ ਲਗਦੇ ਹਨ। ਪੰਜਾਬ ਦੇ ਨਾਲ ਨਾਲ ਹੀ ਗੁਆਂਢੀ ਰਾਜਾਂ ਜੰਮੂ ਕਸ਼ਮੀਰ, ਹਿਮਚਲ ਪ੍ਰਦੇਸ਼, ਉੱਤਰਾ ਖੰਡ ਅਤੇ ਰਾਜਸਥਾਨ ਆਦਿ ਵਿੱਚ ਵੀ ਤਰਕਸ਼ੀਲ ਸਰਗਰਮੀਆਂ ਚਲਦੀਆਂ ਹਨ। ਇਸ ਦੇ ਨਾਲ ਹੀ ਸੋਸ਼ਲ ਮੀਡੀਏ ਅਤੇ ਪ੍ਰਿੰਟ ਮੀਡੀਏ ਰਾਹੀਂ ਵੀ ਜਥੇਬੰਦੀ ਦਾ ਪ੍ਰਚਾਰ ਹੋ ਰਿਹਾ ਹੈ। ਕੇਨੇਡਾ ਵਿੱਚ ਵਸੇ ਭਾਰਤੀਆਂ ਵਿੱਚ ਵੀ ਵਿਗਿਆਨਕ ਚੇਤਨਾ ਪੈਦਾ ਕਰਨ ਹਿੱਤ ਬਾਈ ਅਵਤਾਰ ਦੀ ਪ੍ਰਧਾਨਗੀ ਹੇਠ ਵੱਡੇ ਪੱਧਰ ’ਤੇ ਤਰਕਸ਼ੀਲ ਸਰਗਮੀਆਂ ਹੋ ਰਹੀਆਂ ਹਨ।

F.I.R.A. ਦੇ ਪਹਿਲੇ ਸੈਕਟਰੀ ਅਤੇ ਹੁਣ ਸਰਪ੍ਰਸਤ ਮਿਸਟਰ ਯੁ ਕਲਾਨਾਥਨ ਵੀ ਆਪਣੀ ਪਤਨੀ ਨਾਲ ਮੀਟਿੰਗ ਵਿੱਚ ਵਿਸ਼ੇਸ ਤੌਰ ’ਤੇ ਪਹੁੰਚੇ ਭਾਵੇਂ ਉਹ ਬਿਮਾਰੀ ਕਾਰਣ ਮਾਨਸਿਕ ਤੌਰ ’ਤੇ ਠੀਕ ਨਹੀਂ ਸਨ। ਉੜੀਸਾ ਦੇ ਰਾਜਾ ਸੁਰੇਸ਼ ਜੋ ਕਿ F.I.R.A. ਦੇ ਸੈਕਟਰੀ ਰਹੇ ਸਨ ਨੂੰ ਉਹਨਾਂ ਦੀ ਦੂਜੀ ਬਰਸੀ ’ਤੇ ਯਾਦ ਕੀਤਾ ਗਿਆ।

ਇਸ ਸਮੇਂ ਇਹ ਮਤੇ ਪਾਸ ਕੀਤੇ ਗਏ:

1. ਜੀਵ ਵਿਕਾਸ ਦੇ ਸਿਧਾਂਤ ਨਾਲ ਸਬੰਧਤ ਕੁਝ ਅਧਿਆਇ ਜੋ NCERT ਨੇ ਪਾਠ ਪੁਸਤਕਾਂ ਵਿੱਚੋਂ ਹਟਾ ਦਿੱਤੇ ਹਨ, ਉਹਨਾਂ ਨੂੰ ਬਹਾਲ ਕੀਤਾ ਜਾਵੇ।
2. ਪਾਠ ਪੁਸਤਕਾਂ ਵਿੱਚੋਂ ਭਾਰਤੀ ਇਤਿਹਾਸ ਦੇ ਮਿਟਾਏ ਹਿੱਸਿਆਂ ਨੂੰ ਵੀ ਤਰੁੰਤ ਬਹਾਲ ਕੀਤਾ ਜਾਵੇ।
3. ਜਿਹੜੇ ਲੋਕ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ– ਉਹ ਜਿੱਥੇ ਕਿਤੇ ਵੀ ਜ਼ਿਕਰ ਦੀ ਜਰੂਰਤ ਹੋਵੇ– ਮਾਨਵਵਾਦੀ ਵਜੋਂ ਦਰਜ ਕੀਤੇ ਜਾਣ।

ਹਰਚੰਦ ਭਿੰਡਰ (ਕੈਸ਼ੀਅਰ F.I.R.A.)

ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਬਨਾਉਣ ਲਈ ਦਿੱਤਾ ਯਾਦ ਪੱਤਰ: ਤਰਕਸ਼ੀਲ ਸੁਸਾਇਟੀ ਪੰਜਾਬ ਦਾ ਵਫਦ ਜਸਵਿੰਦਰ ਫਗਵਾੜਾ, ਸੂਬਾਈ ਮੁਖੀ, ਕਾਨੂੰਨ ਵਿਭਾਗ ਅਤੇ ਡਾ. ਜੋਗਿੰਦਰ ਕੁਲੇਵਾਲ, ਸੂਬਾਈ ਆਗੂ, ਸਭਿਆਚਾਰਕ

ਵਿਭਾਗ ਦੀ ਅਗਵਾਈ ਵਿੱਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸਨ ਸਿੰਘ ਰੋੜੀ ਨੂੰ ਗੜ੍ਹਸ਼ੰਕਰ ਜ਼ਿਲਾ ਹੁਸ਼ਿਆਰਪੁਰ ਵਿਖੇ ਮਿਲਿਆ ਅਤੇ ਯਾਦ ਪੱਤਰ ਸਮੇਤ ਅੰਧ-ਵਿਸ਼ਵਾਸ ਵਿਰੋਧੀ ਕਾਨੂੰਨ ਦਾ ਖਰੜਾ ਦੇ ਕੇ ਮੰਗ ਕੀਤੀ ਕਿ ਪੰਜਾਬ ਦੇ ਆਮ ਤੇ ਗਰੀਬ ਲੋਕਾਂ ਦੇ ਵਡੇਰੇ ਹਿਤਾਂ ਨੂੰ ਮੁੱਖ ਰੱਖਦੇ ਹੋਏ ਉਕਤ ਕਾਨੂੰਨ ਬਣਾਇਆ ਜਾਵੇ। ਉਨ੍ਹਾਂ ਨੂੰ ਇਸ ਕਾਨੂੰਨ ਨੂੰ ਬਣਵਾਉਣ ਲਈ ਸੰਸਥਾ ਵਲੋਂ ਹੁਣ ਤੱਕ ਕੀਤੇ ਗਏ ਯਤਨਾਂ ਦੀ ਵੀ ਜਾਣਕਾਰੀ ਦਿੱਤੀ ਅਤੇ ਸੰਸਥਾ ਦਾ ਬੁਲਾਰਾ "ਤਰਕਸ਼ੀਲ" ਮੈਗਜ਼ੀਨ ਵੀ ਦਿੱਤਾ। ਡਿਪਟੀ ਸਪੀਕਰ ਨੇ ਭਰੋਸਾ ਦਿੱਤਾ ਕਿ ਉਹ ਇਹ ਕਾਨੂੰਨ ਬਨਵਾਉਣ ਲਈ ਅਗਲੇ ਸੈਸ਼ਨ ਵਿੱਚ ਯਤਨ ਕਰਨਗੇ। ਇਸ ਵਫਦ ਵਿੱਚ ਕਾਫੀ ਵੱਡੀ ਗਿਣਤੀ ਵਿੱਚ ਜ਼ੋਨ ਨਵਾਂ ਸ਼ਹਿਰ ਅਤੇ ਜ਼ੋਨ ਜਲੰਧਰ ਦੇ ਸਾਥੀ ਸਤਪਾਲ ਸਲੋਹ, ਮਾਸਟਰ ਜਗਦੀਸ਼ ਰਾਏਪੁਰ ਡੱਬਾ, ਰਾਜ ਕੁਮਾਰ ਗੜ੍ਹਸ਼ੰਕਰ, ਮਾ. ਨਰੇਸ਼ ਭੰਗੀਆਂ, ਭਾਗ ਸਿੰਘ, ਹਰਜਿੰਦਰ ਸਿੰਘ ਸੂੰਨੀ ਬੰਗਾ, ਮਾ. ਰਾਮ ਲਾਲ ਰਾਹੋਂ, ਜੋਨ ਜਲੰਧਰ ਦੇ ਆਗੂ ਸੁਰਜੀਤ ਟਿੱਬਾ, ਸੁਖਵਿੰਦਰ ਬਾਗਪੁਰ, ਨਸੀਬ ਚੰਦ, ਬਲਵਿੰਦਰ ਬੁਲੋਵਾਲ, ਮਾ. ਪਰਮਜੀਤ ਸਿੰਘ ਸੂਬੇਦਾਰ, ਸੁਰਿੰਦਰਪਾਲ ਦੁਸਾਂਝ, ਕੁਲਵੰਤ ਸਿੰਘ ਬਾਸੀ ਫਗਵਾੜਾ ਆਦਿ ਸ਼ਾਮਲ ਹੋਏ।

ਜਸਵਿੰਦਰ ਫਗਵਾੜਾ (ਸੂਬਾ ਆਗੂ) (ਕਾਨੂੰਨ ਵਿਭਾਗ)

ਜ਼ੋਨ ਬਠਿੰਡਾ: ਗੰਗਾ ਨਗਰ (ਰਾਜਸਥਾਨ) ਵਿਖੇ ਤਰਕਸ਼ੀਲ ਚਰਚਾ- ਜ਼ੋਨ ਬਠਿੰਡਾ ਵੱਲੋਂ ਭੂਰਾ ਸਿੰਘ ਮਹਿਮਾ ਸਰਜਾ, ਬਲਰਾਜ ਮੌੜ ਜ਼ੋਨ ਜਥੇਬੰਦਕ ਮੁਖੀ ਬਠਿੰਡਾ, ਅਵਤਾਰ ਸਿੰਘ ਵਕੀਲ ਤਲਵੰਡੀ ਸਾਬੋ, ਹਰਜਿੰਦਰ ਸਿੰਘ ਤਲਵੰਡੀ ਸਾਬੋ ਅਤੇ ਕੁਲਵੰਤ ਸਿੰਘ ਬਠਿੰਡਾ ਅਧਾਰਿਤ ਇਕ ਟੀਮ 26 ਮਈ ਨੂੰ ਗੰਗਾ ਨਗਰ (ਰਾਜਸਥਾਨ) ਵਿਖੇ ਗਈ। ਵਿਰਸਾ ਪਰਸਨੈਲਟੀ ਡਿਵੈਲਮੈਂਟ ਰਿਹਾਇਸੀ ਕੈਂਪ ਪ੍ਰੋਗਰਾਮ ਅਧੀਨ ਜਿਲ੍ਹਾ ਪੱਧਰੀ 13 ਤੋਂ 20 ਸਾਲ ਵਰਗ ਦੀਆਂ ਲੜਕੀਆਂ ਦੇ ਸਰਵਪੱਖੀ ਸਖਸੀਅਤ ਵਿਕਾਸ ਲਈ ਲਾਏ 9 ਰੋਜਾ ਮਿਤੀ 20 ਤੋਂ 29 ਮਈ ਕੈਂਪ ਜੋ ਕਿ ਰਿਟਾਇਰਡ ਪ੍ਰਿੰਸੀਪਲ ਨਰਿੰਦਰ ਕੌਰ ਅਤੇ ਉਹਨਾਂ ਦੇ ਪਤੀ ਬੱਬਰਜੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ ਦੀ ਦੇਖ ਰੇਖ ਵਿੱਚ ਲਾਇਆ ਗਿਆ ਸੀ, ਵੱਲੋ ਤਰਕਸ਼ੀਲ ਵਿਚਾਰਾਂ ਦੀ ਜਰੂਰਤ ਮਹਿਸੂਸ ਕਰਦਿਆ ਇਸ ਕੈਂਪ ਵਿੱਚ ਸਾਮਿਲ ਬੱਚੀਆਂ ਨੂੰ ਵਹਿਮਾਂ ਭਰਮਾਂ ਤੋਂ ਮੁਕਤ ਕਰਨ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਬਠਿੰਡਾ ਨਾਲ ਅਵਤਾਰ ਸਿੰਘ ਵਕੀਲ ਇਕਾਈ ਤਲਵੰਡੀ ਸਾਬੋ ਰਾਹੀਂ ਸੰਪਰਕ ਕੀਤਾ ਗਿਆ। ਅਸੀਂ ਸਾਢੇ ਅੱਠ ਵਜੇ ਸਕੂਲ ਕੈਂਪ ਵਿੱਚ ਪਹੁੰਚ ਗਏ, ਬੜੇ ਅਦਬ ਸਤਿਕਾਰ ਨਾਲ ਸੁਆਗਤ ਕੀਤਾ ਗਿਆ। 10 ਵਜੇ ਸਟੇਜ ਦੀ ਕਾਰਵਾਈ ਇਕ ਕੈਂਪ ਵਿਦਿਆਰਥਣ ਵੱਲੋ ਤਰਕਸ਼ੀਲ ਟੀਮ ਦਾ ਸੁਆਗਤ ਕਰਦਿਆਂ ਅਵਤਾਰ ਸਿੰਘ ਵਕੀਲ ਨੂੰ ਸੰਭਾਈ ਗਈ। ਸਟੇਜ ਤੋਂ ਮੈਜਿਕ ਟ੍ਰਿਕ ਕੁਲਵੰਤ ਸਿੰਘ ਬਠਿੰਡਾ ਨੇ ਸਾਂਝੇ ਕੀਤੇ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਇਤਿਹਾਸ ਦੀ ਜਾਣਕਾਰੀ, ਕੰਮ ਢੰਗ ਅਤੇ ਸੁਸਾਇਟੀ ਵੱਲੋਂ ਕੀਤੀਆਂ ਜਾਂਦੀਆਂ ਸਰਗਰਮੀਆਂ ਸਮੇਤ ਹੋਰ ਅੰਧਵਿਸ਼ਵਾਸਾਂ ਸਬੰਧੀ ਵਿਚਾਰ ਸਾਂਝੇ ਕਰਦਿਆਂ ਬਲਰਾਜ ਮੌੜ ਜ਼ੋਨ ਜਥੇਬੰਦਕ ਮੁਖੀ ਬਠਿੰਡਾ ਨੇ ਕਿਹਾ ਕਿ ਮਨੁੱਖ ਦੀ ਤਾਰਕਿਕ ਸੋਚ ਨੂੰ ਧਾਰਮਿਕ ਸਥਾਪਤੀ ਵੱਲੋ ਪੁਜਾਰੀ ਵਰਗ ਰਾਹੀਂ ਖੁੰਢਾ ਕਰ ਦਿੱਤਾ ਜਾਂਦਾ ਹੈ। ਸਾਥੀ ਭੂਰਾ ਸਿੰਘ ਮਹਿਮਾ ਸਰਜਾ ਨੇ ਔਰਤ ਜਾਤੀ ਨਾਲ ਪਿਛਲੇ ਸਮੇਂ ਤੋਂ ਧਰਮ ਦੀ ਆੜ ਵਿੱਚ ਹੋਈਆਂ ਬੇਰਹਿਮ ਜਿਆਦਤੀਆਂ ਦੀ ਦਾਸਤਾਨ ਸਾਂਝੀ ਕਰਦਿਆਂ ਕਿਹਾ ਕਿ ਕਿਵੇਂ ਧਾਰਮਿਕਤਾ ਦੀ ਆੜ ਵਿੱਚ ਰਾਜੇ ਨੂੰ ਰੱਬ ਦਾ ਅਵਤਾਰ ਬਣਾ ਕੇ ਪੇਸ਼ ਕੀਤਾ ਗਿਆ। ਔਰਤਾਂ/ਲੜਕੀਆਂ ਦੀ ਦਸ਼ਾ ਅਤੇ ਦਿਸ਼ਾ ਦੀ ਗੱਲ ਕਰਦਿਆਂ ਵਿਚਾਰਕ ਮਾਹੌਲ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਸਾਰੇ ਪ੍ਰੋਗ੍ਰਾਮ ਨੂੰ ਸਮੂਹ ਸਟਾਫ ਸਮੇਤ ਕੈਂਪ ਵਿਦਿਆਰਥਣਾਂ ਨੇ ਬੜ੍ਹੀ ਸਿਦਤ ਨਾਲ ਸੁਣਿਆ। ਅੰਤ ਵਿੱਚ ਸਵਾਲਾਂ ਦੇ ਜਵਾਬ ਦਿੱਤੇ ਗਏ ਅਤੇ ਕੁੱਝ ਮੈਜਿਕ ਟ੍ਰਿਕ ਨੂੰ ਬਣਾਉਣ ਅਤੇ ਇਸ ਪਿੱਛੇ ਕੰਮ ਕਰਦੇ ਫੈਕਟਰ ਨੂੰ ਵੀ ਦੱਸਿਆ ਗਿਆ। ਇਸ ਉਪਰੰਤ ਹਰਜੀਤ ਸਿੰਘ ਐਡਵੋਕੇਟ ਨੇ ਵੀ ਕੁੱਝ ਘਟਨਾਵਾਂ ਨੂੰ ਸਾਂਝਾ ਕਰਦਿਆਂ ਤਰਕਸ਼ੀਲ ਵਿਗਿਆਨਕ ਵਿਚਾਰਾਂ ਦੀ ਪ੍ਰੋੜਤਾ ਕੀਤੀ ਅਤੇ ਆਪਣੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਕਿਹਾ। ਇਸ ਉਪਰੰਤ ਉਹਨਾਂ ਨੇ ਸਾਰੀ ਤਰਕਸ਼ੀਲ ਟੀਮ ਨੂੰ ਪ੍ਰਸ਼ੰਸ਼ਾ ਪੱਤਰ ਦਿੰਦਿਆਂ ਭੂਰਾ ਸਿੰਘ ਮਹਿਮਾ ਸਰਜਾ ਨੂੰ ਸਨਮਾਨਿਤ ਕੀਤਾ। ਇਸ ਤੋਂ ਬਾਅਦ ਪ੍ਰਿੰਸੀਪਲ ਮੈਡਮ ਨਰਿੰਦਰ ਕੌਰ ਨੇ ਦੱਸਿਆ ਕਿ ਸ਼ਾਮ ਨੂੰ ਅੱਜ ਇਸ ਸਾਰੇ ਤਰਕਸ਼ੀਲ ਵਿਚਾਰਾਂ ਵਾਲੇ ਲੈਕਚਰ ਵਿੱਚੋ ਪੇਪਰ ਲਿਆ ਜਾਵੇਗਾ। ਅੱਗੇ ਆਉਣ ਵਾਲੇ ਬੱਚਿਆਂ ਨੂੰ ਹੌਂਸਲਾ ਅਫ਼ਜਾਈ ਕਰਦਿਆਂ ਸਨਮਾਨਿਤ ਕੀਤਾ ਜਾਵੇਗਾ। ਅੰਤ ਵਿੱਚ ਸਾਰੀ ਪ੍ਰਬੰਧਕੀ ਟੀਮ ਵੱਲੋਂ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦ ਕਰਦਿਆਂ ਸਾਰੇ ਪ੍ਰੋਗ੍ਰਾਮ ਦੀ ਪ੍ਰਸ਼ੰਸਾ ਕੀਤੀ ਗਈ। ਆਖਰ ਤੇ ਹਰਜਿੰਦਰ ਸਿੰਘ ਤਲਵੰਡੀ ਸਾਬੋ ਵੱਲੋ ਅੱਖਾਂ 'ਤੇ ਪੱਟੀ ਬੰਨ ਕੇ ਸਕੂਲ ਦੇ ਵਿਹੜੇ ਵਿੱਚ ਮੋਟਰਸਾਈਕਲ ਚਲਾ ਕੇ ਦਿਖਾਇਆ ਗਿਆ। **-ਬਲਰਾਜ ਮੌੜ**

ਜ਼ੋਨ ਲੁਧਿਆਣਾ :1. ਮਾਰਚ ਮਹੀਨੇ ਵਿੱਚ ਖੇਤੀਬਾੜੀ

ਯੂਨੀਵਰਸਿਟੀ ਲੁਧਿਆਣਾ ਦੇ ਮੇਲੇ ਵਿੱਚ ਪੁਸਤਕ ਸਟਾਲ ਵਿੱਚ ਇਕਾਈ ਲੁਧਿਆਣਾ, ਜਗਰਾਉਂ ਅਤੇ ਸੁਧਾਰ ਨੇ ਸ਼ਮੂਲੀਅਤ ਕੀਤੀ।

2. ਜੋਨ ਨੇ ਮਹਿਲਾ ਪਹਿਲਵਾਨਾਂ ਦੇ ਯੋਨ ਸ਼ੋਸਣ ਦੇ ਵਿਰੋਧ ਵਿੱਚ ਭਾਜਪਾ ਐਮ ਪੀ ਬ੍ਰਿਜਭੂਸ਼ਣ ਨੂੰ ਗ੍ਰਿਫ਼ਤਾਰ ਕਰਨ ਸਬੰਧੀ ਇਕੱਲੇ ਅਤੇ ਨਾਲ ਮਿਲਕੇ ਸਾਂਝੇ ਤੌਰ ’ਤੇ ਮਹਿਲਾਂ ਪਹਿਲਵਾਨਾਂ ਦੇ ਹੱਕ ਵਿੱਚ ਮੋਮਬੱਤੀ ਮਾਰਚ ਕੀਤਾ।

3. ਭਰਾਤਰੀ ਜਥੇਬੰਦੀਆਂ ਨਾਲ ਰਲ ਕੇ ਸ਼ਹੀਦ ਸੁਖਦੇਵ ਦਾ ਜਨਮ ਦਿਨ ਮਨਾਇਆ।

4. ਲੁਧਿਆਣਾ ਵਿਖੇ ਘਰ ਵਿੱਚ ਰੱਖੀ ਇੱਕ ਫੋਟੋ ਵਿੱਚੋਂ ਸ਼ਹਿਦ ਨਿਕਲਣ ਦੇ ਸਬੰਧ ਵਿੱਚ ਪਰਦਾਫਾਸ ਕਰਕੇ ਚੈਲਿੰਜ਼ ਕੀਤਾ।

ਇਕਾਈ ਲੁਧਿਆਣਾ : 1. ਮਈ ਦਿਵਸ ਮਨਾ ਕੇ ਕੌਮਾਂਤਰੀ ਪੱਧਰ ’ਤੇ ਇਸ ਸਬੰਧ ਵਿੱਚ ਸ਼ਹੀਦ ਹੋਏ ਮਜ਼ਦੂਰਾਂ ਅਤੇ ਆਗੂਆਂ ਨੂੰ ਯਾਦ ਕੀਤਾ।

2. ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੀ ਤਿਆਰੀ ਵਾਸਤੇ ਪੰਜ ਸਕੂਲਾਂ ਤੱਕ ਪਹੁੰਚ ਕੀਤੀ। ਸਰਕਾਰੀ ਹਾਈ ਸਕੂਲ ਸਰਾਭਾ ਨਗਰ, ਦੌਦ, ਸੀਨੀਅਰ ਸ.ਸ. ਸਕੂਲ ਥਰੀਕੇ ਨਾਲ ਸੰਪਰਕ ਕਰਕੇ ਕਿਤਾਬਾਂ ਦਿੱਤੀਆਂ। ਸਰਕਾਰੀ ਹਾਈ ਸਕੂਲ ਜਵੱਦੀ, ਸਰਕਾਰੀ ਹਾਈ ਸਕੂਲ ਸਰਾਭਾ ਨਗਰ ਅਤੇ ਸਰਕਾਰੀ ਹਾਈ ਸਕੂਲ ਸਨੇਤ ਵਿਖੇ ਜਸਵੰਤ ਜੀਰਖ, ਆਤਮਾ ਸਿੰਘ, ਬਲਵਿੰਦਰ ਸਿੰਘ, ਮਾ. ਜਰਨੈਲ ਅਤੇ ਰਾਕੇਸ਼ ਆਜ਼ਾਦ ਨੇ ਪ੍ਰੋਗਰਾਮ ਪੇਸ਼ ਕਰਕੇ ਵਿਦਿਆਰਥੀਆਂ ਨੂੰ ਚੇਤਨਾ ਪਰਖ ਪ੍ਰੀਖਿਆ ਵਾਸਤੇ ਉਤਸ਼ਾਹਤ ਕੀਤਾ।

3. ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਮਹਿਲਾ ਪਹਿਲਵਾਨਾਂ ਦੇ ਹੱਕ ਵਿੱਚ ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ।

ਇਕਾਈ ਜਗਰਾਉਂ: 1. ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੀ ਤਿਆਰੀ ਵਾਸਤੇ ਮਾਸਟਰ ਸੁਰਜੀਤ ਦੌਧਰ ਦੀ ਅਗਵਾਈ ਵਿੱਚ 6 ਸਕੂਲਾਂ ਤੱਕ ਪਹੁੰਚ ਕੀਤੀ ਅਤੇ ਪ੍ਰੋਗਰਾਮ ਦਿੱਤੇ। ਇਹਨਾਂ ਵਿੱਚੋ 5 ਸਕੂਲਾਂ ਵਿੱਚ ਕਿਤਾਬਾਂ ਵੀ ਦਿੱਤੀਆਂ।

2. 9 ਮਈ ਨੂੰ ਜਗਰਾਉਂ ਵਿਖੇ ਕਈ ਜਥੇਬੰਦੀਆਂ ਵੱਲੋਂ ਮਹਿਲਾ ਪਹਿਲਵਾਨਾਂ ਦੇ ਹੱਕ ਵਿੱਚ ਬ੍ਰਿਜ ਭੂਸ਼ਣ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਅਤੇ ਜਮਹੂਰੀ, ਮਨੁੱਖੀ ਹੱਕਾਂ ਦੀ ਕਾਰਕੁਨ ਅਤੇ ਵਿਦਵਾਨ ਡਾ. ਨਵਸ਼ਰਨ ਨੂੰ ਕੇਂਦਰੀ ਏਜੰਸੀ ਈ ਡੀ ਵੱਲੋ ਬਿਨਾਂ ਕਿਸੇ ਦੋਸ਼ ਦੇ ਪੁੱਛ ਗਿੱਛ ਵਾਸਤੇ ਬੁਲਾ ਕੇ ਪ੍ਰੇਸ਼ਾਨ ਕਰਨ ਵਿਰੁੱਧ ਰੋਸ਼ ਮੁਜ਼ਾਹਰਾ ਕੀਤਾ ਗਿਆ ਜਿਸ ਵਿੱਚ ਇਕਾਈ ਜਗਰਾਉਂ ਨੇ ਸ਼ਮੂਲੀਅਤ ਕੀਤੀ।

ਇਕਾਈ ਮਲੇਰਕੋਟਲਾ : ਪਿੰਡ ਦੰਦਰਾਲਾ ਦਾ ਇੱਕ ਮਾਨਸਿਕ ਸਿਹਤ ਦਾ ਕੇਸ ਠੀਕ ਕੀਤਾ। ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੀ ਤਿਆਰੀ ਵਾਸਤੇ 9 ਸਕੂਲਾਂ ਤੱਕ ਪਹੁੰਚ ਕਰਕੇ ਕਿਤਾਬਾਂ ਪਹੁੰਚਾਈਆਂ ਅਤੇ ਹੋਰ 16 ਨਵੇਂ ਸਕੂਲਾਂ ਨਾਲ ਰਾਬਤਾ ਬਣਇਆ ਹੈ, ਜਿਨ੍ਹਾਂ ਵਿੱਚੋਂ ਤਿੰਨ ਦੀ ਸਹਿਮਤੀ ਆ ਗਈ ਹੈ।

- ਹਰਚੰਦ ਭਿੰਡਰ (**ਜ਼ੋਨ ਲੁਧਿਆਣਾ**)

ਜ਼ੋਨ ਪਟਿਆਲਾ: 1. **ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਵਸ ਨੂੰ ਸਮਰਪਿਤ ਸਕੂਲੀ ਵਿਦਿਆਰਥੀਆਂ ਦਾ ਭਾਸ਼ਣ ਮੁਕਾਬਲਾ ਕਰਵਾਇਆ:** ਜ਼ੋਨ ਦੀ ਸਮੁੱਚੀ ਜਥੇਬੰਦਕ ਟੀਮ ਦੀ ਅਗਵਾਈ ਵਿੱਚ ਤਰਕਸ਼ੀਲ ਹਾਲ ਪਟਿਆਲਾ ਵਿਖੇ ਇਹ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਇਸ ਮੌਕੇ ’ਤੇ ਸ਼ਹਿਰ ਦੇ ਦਰਜਨ ਦੇ ਕਰੀਬ ਸਕੂਲਾਂ ਦੇ 70 ਦੇ ਲਗਭਗ ਵਿਦਿਆਰਥੀਆਂ ਨੇ ਭਾਗ ਲਿਆ। ਭਾਸ਼ਣ ਮੁਕਾਬਲਾ ਦੋ ਪੱਧਰਾਂ ਮਿਡਲ ਅਤੇ ਸੈਕੰਡਰੀ ਪੱਧਰ ’ਤੇ ਕਰਵਾਇਆ ਗਿਆ। ਭਾਸ਼ਣ ਦੇ ਦੋ ਵਿਸ਼ੇ “ਸ਼ਹੀਦ ਕਰਤਾਰ ਸਿੰਘ ਸਰਾਭਾ–ਨੌਜਵਾਨਾਂ ਲਈ ਪ੍ਰੇਰਨਾ ਸਰੋਤ” ਤੇ “ਵਿਦੇਸ਼ਾਂ ਵੱਲ ਵੱਧ ਰਿਹਾ ਰੁਝਾਨ” ਸਨ। ਵਿਦਿਆਰਥੀਆਂ ਨੇ ਬਹੁਤ ਵਧੀਆ ਢੰਗ ਨਾਲ ਭਾਸ਼ਣ ਪੇਸ਼ ਕੀਤੇ। ਮੁੱਖ ਮਹਿਮਾਨ ਡਾ. ਭੀਮਇੰਦਰ ਸਿੰਘ, ਚੇਅਰਮੈਨ, ਸ਼ਹੀਦ ਕਰਤਾਰ ਸਿੰਘ ਸਰਾਭਾ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਗ਼ਦਰ ਪਾਰਟੀ ਦਾ ਸਰਗਰਮ ਕਾਰਕੁੰਨ ਸੀ। ਸਰਾਭਾ ਨੇ ਭਾਰਤ ਉੱਤੇ ਕਾਬਜ ਬਰਤਾਨਵੀ ਹਕੂਮਤ ਨੂੰ ਉਖਾੜ ਸੁੱਟਣ ਲਈ ਅਮਰੀਕਾ ਅਤੇ ਕਨੇਡਾ ਵਿੱਚ ਵਸੇ ਭਾਰਤੀਆਂ ਨੂੰ ਇਕਜੁੱਟ ਕਰਨ ਦਾ ਕੰਮ ਕੀਤਾ ਸੀ। ਜੋਨ ਪਟਿਆਲਾ ਦੇ ਜਥੇਬੰਦਕ ਮੁਖੀ ਅਕਸ਼ੈ ਖਨੌਰੀ ਅਤੇ ਰਾਮ ਕੁਮਾਰ ਨੇ ਵੀ ਸੰਬੋਧਨ ਕੀਤਾ। ਵਿਦਿਆਰਥੀਆਂ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ’ਤੇ ਡਾਕੂਮੈਂਟਰੀ ਦਿਖਾਈ ਗਈ। ਭਾਸ਼ਣ ਮੁਕਾਬਲੇ ਵਿੱਚ ਮਿਡਲ ਪੱਧਰ ’ਤੇ ਪਹਿਲਾ ਸਥਾਨ ਸ਼ਾਹਬਾਜ ਸਿੰਘ, ਦੂਜਾ ਸਥਾਨ ਨੂਰਵਿੰਦਰ ਕੌਰ ਅਤੇ ਤੀਸਰਾ ਸਥਾਨ ਹਰਗੁਨ ਕੌਰ ਨੇ ਪ੍ਰਾਪਤ ਕੀਤਾ। ਸੈਕੰਡਰੀ ਪੱਧਰ ’ਤੇ ਪਹਿਲਾ ਸਥਾਨ ਮਹਿਕਪ੍ਰੀਤ ਕੌਰ, ਦੂਜਾ ਸਥਾਨ ਰਿਆ ਅਤੇ ਤੀਸਰਾ ਸਥਾਨ ਪਾਇਲ ਨੇ ਪ੍ਰਾਪਤ ਕੀਤਾ। ਇਹਨਾਂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਜੱਜ ਦੀ ਭੂਮਿਕਾ ਪ੍ਰੋ. ਰਵਿੰਦਰ ਸਿੰਘ ਅਤੇ ਮੈਡਮ ਕਿਰਨਦੀਪ ਕੌਰ ਨੇ ਨਿਭਾਈ। ਇਸ ਮੌਕੇ ’ਤੇ ਰਾਮ ਕੁਮਾਰ, ਮੈਡਮ ਕੁਲਵੰਤ, ਸੁਖਦੀਪ ਭਵਾਨੀਗੜ, ਰਾਮ ਸਿੰਘ ਬੰਗ, ਸੁਰਿੰਦਰਪਾਲ, ਐਡਵੋਕੇਟ ਰਾਜੀਵ ਲੋਹਟਬੱਦੀ, ਲੈਕਚਰਾਰ

ਧਰਮਿੰਦਰ ਸਿੰਘ, ਅਧਿਆਪਕ ਨਰਿੰਦਰਪਾਲ ਸਿੰਘ, ਬਲਵਿੰਦਰ ਸਿੰਘ, ਰਣਜੀਤ ਸਿੰਘ, ਤਰਸੇਮ ਸਿੰਘ, ਮੈਡਮ ਸੁਨੇਹ ਲਤਾ, ਚਰਨਜੀਤ ਪਟਵਾਰੀ, ਜਨਕ ਰਾਜ, ਰਾਣਾ ਕਾਲਾਝਾੜ, ਭੁਪਿੰਦਰ, ਗੁਰਤੇਜ, ਗੁਰਜੰਟ ਸਿੰਘ, ਲਖਵੀਰ ਸਿੰਘ, ਗੁਰਦੀਪ ਸਿੰਘ ਆਦਿ ਮੌਜੂਦ ਸਨ। ਇਸ ਮੌਕੇ 'ਤੇ ਸਰਕਾਰੀ ਸ.ਸ.ਸਮਾਰਟ ਸਕੂਲ ਸਿਵਲ ਲਾਇਨਜ, ਬਹਾਦਰਗੜ, ਫੀਲਖਾਨਾ, ਪਬਲਿਕ ਸਕੂਲ ਪੰਜਾਬੀ ਯੂਨੀਵਰਸਿਟੀ, ਸਰਕਾਰੀ ਮਿਡਲ ਸਕੂਲ ਭਾਨਰੀ , ਸਰਕਾਰੀ ਸ.ਸ.ਸਕੂਲ ਗੱਜੂਮਾਜਰਾ, ਵੀਰ ਹਕੀਕਤ ਰਾਏ ਸ.ਸ.ਮਾਡਲ ਸਕੂਲ, ਸੋਨੀ ਪਬਲਿਕ ਸਕੂਲ, ਐਸ.ਡੀ ਮਾਡਲ ਹਾਈ ਸਕੂਲ, ਸਰਕਾਰੀ ਹਾਈ ਸਕੂਲ ਚੋਰਾ ਅਤੇ ਸਰਕਾਰੀ ਮਿਡਲ ਸਕੂਲ ਤਰੈ ਦੇ ਵਿਦਿਆਰਥੀਆਂ ਨੇ ਭਾਗ ਲਿਆ।

2. **ਮਾਨਸਿਕ ਸਿਹਤ ਵਿਭਾਗ ਵੱਲੋਂ ਇੱਕਤਰਤਾ**-ਜ਼ੋਨ ਪਟਿਆਲਾ ਦੀਆਂ ਪੰਜ ਇਕਾਈਆਂ ਪਟਿਆਲਾ, ਅਰਬਨ ਅਸਟੇਟ, ਘਨੌਰ, ਸਮਾਣਾ ਤੇ ਚੰਨੋ ਦੇ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਦੇ ਮੁਖੀਆਂ ਦੀ ਮੀਟਿੰਗ ਮਿਤੀ 27.05.2023 ਨੂੰ ਬੰਗ ਮੀਡੀਆ ਸੈਂਟਰ, ਪਟਿਆਲਾ ਵਿਖੇ ਸੂਬਾ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਮੁਖੀ ਅਜੀਤ ਪ੍ਰਦੇਸੀ ਦੀ ਪ੍ਰਧਾਨਗੀ ਹੇਠ ਹੋਈ।ਕੇਸਾਂ ਨੂੰ ਡੀਲ ਕਰਨ ਸਬੰਧੀ ਟਰੇਨਿੰਗ ਵਰਕਸ਼ਾਪ ਲਗਾਉਣ ਅਤੇ ਸੈਮੀਨਾਰ ਕਰਵਾਉਣ ਬਾਰੇ ਚਰਚਾ ਕੀਤੀ ਗਈ। ਡਾ. ਸ਼ਿਆਮ ਸੁੰਦਰ ਦੀਪਤੀ ਜੀ ਦੀ ਪੁਸਤਕ ਮਨ, ਮਾਹੌਲ ਅਤੇ ਮਨੋਰੋਗ ਦੇ ਵੱਧ ਤੋਂ ਵੱਧ ਪਾਠਕ ਬਣਾਉਣ ਸਬੰਧੀ ਚਰਚਾ ਕੀਤੀ ਗਈ। ਇਸ ਮੌਕੇ ਬਲਵਾਨ ਸਿੰਘ, ਨੂਪ ਰਾਮ, ਹਰਨੇਕ ਸਿੰਘ, ਹਰਬੰਸ ਸਿੰਘ, ਰਮਣੀਕ ਸਿੰਘ, ਰਾਮ ਸਿੰਘ ਬੰਗ, ਗੁਰਤੇਜ ਸਿੰਘ ਅਤੇ ਹਰਪਾਲ ਸਿੰਘ ਆਦਿ ਸਾਥੀ ਸ਼ਾਮਿਲ ਸਨ।

3. **ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੀ ਤਿਆਰੀ**- ਇਸ ਸਬੰਧੀ ਚਲਾਈ ਮੁਹਿੰਮ ਦੀ ਲੜੀ ਤਹਿਤ ਜ਼ੋਨ ਪਟਿਆਲਾ ਦੇ ਆਗੂਆਂ ਅਕਸ਼ੈ ਖਨੌਰੀ, ਰਾਮ ਕੁਮਾਰ ਪਟਿਆਲਾ, ਕੁਲਵੰਤ ਕੌਰ, ਬਲਵਾਨ ਸਿੰਘ ਅਤੇ ਸੁਖਦੀਪ ਸਿੰਘ ਦੀ ਅਗਵਾਈ ਹੇਠ ਇਕ ਹਫਤੇ ਦੌਰਾਨ ਤਿੰਨ ਦਰਜਨ ਦੇ ਕਰੀਬ ਸਕੂਲਾਂ ਵਿਖੇ ਜਾਇਆ ਗਿਆ। ਇਕਾਈਆਂ ਦੇ ਜਥੇਬੰਦਕ ਮੁਖੀਆਂ ਦੀ ਅਗਵਾਈ ਵਿੱਚ ਟੀਮਾਂ ਸਰਕਾਰੀ ਸ.ਸ.ਸਮਾਰਟ ਸਕੂਲ ਸਿਵਲ ਲਾਈਨ ਪਟਿਆਲਾ, ਮਲਟੀਪਰਪਜ, ਕਲਿਆਣ, ਰੱਖੜਾ, ਸਨੌਰ, ਡਕਾਲਾ, ਅਰਵਿੰਦੋ ਸਕੂਲ, ਸਰਕਾਰੀ ਸ.ਸ.ਸਮਾਰਟ ਸਕੂਲ ਫੀਲਖਾਨਾ, ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ, ਮੈਰੀਟੋਐਰਸ ਸਕੂਲ, ਸਰਕਾਰੀ ਸਕੂਲ ਬਹਾਦਰਗੜ, ਚੋਰਾ, ਥੇੜੀ, ਕੇ.ਜੀ.ਐਸ ਸਕੂਲ, ਐਸ.ਡੀ ਸਕੂਲ, ਵੀਰ ਹਕੀਕਤ ਰਾਏ ਸਕੂਲ, ਸਰਕਾਰੀ ਸਕੂਲ ਚੰਨੋ, ਕਾਲਾਝਾੜ, ਨਦਾਮਪੁਰ, ਗੱਜੂਮਾਜਰਾ, ਮਰਦਾਪੁਰ, ਆਦਰਸ਼ ਸਕੂਲ ਸ਼ੁਤਰਾਣਾ, ਖਾਲਸਾ ਹਾਈ ਸਕੂਲ ਸ਼ੁਤਰਾਣਾ, ਅਪੋਲੋ ਸਕੂਲ ਪਟਿਆਲਾ, ਰਿਆਨ ਸਕੂਲ ਪਟਿਆਲਾ, ਪਲੇਅ ਵੇਅ ਸਕੂਲ ਪਟਿਆਲਾ ਆਦਿ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮਿਲਿਆ ਗਿਆ। ਇਸ ਮੁਹਿੰਮ ਵਿੱਚ ਸੁਰਿੰਦਰਪਾਲ, ਐਡਵੋਕੇਟ ਰਾਜੀਵ ਲੋਹਟਬੱਦੀ, ਬਲਵਿੰਦਰ ਸਿੰਘ, ਰਣਜੀਤ ਸਿੰਘ, ਧਰਮਿੰਦਰ ਸਿੰਘ, ਨਰਿੰਦਰਪਾਲ, ਤਰਸੇਮ ਭਵਾਨੀਗੜ, ਗੁਰਬਚਨ ਸਿੰਘ, ਰਾਣਾ ਕਾਲਾਝਾੜ, ਮੈਡਮ ਸੁਨੇਹ ਲਤਾ, ਮੈਡਮ ਸੁਨੇਹ ਦੀਪ, ਅਮਰਿੰਦਰ ਸਿੰਘ, ਲਖਵੀਰ ਸਿੰਘ, ਗੁਰਤੇਜ ਸਿੰਘ, ਹਰਨੇਕ ਸਿੰਘ, ਨੂਪ ਰਾਮ, ਰਾਮ ਸਿੰਘ ਬੰਗ, ਜਨਕ ਰਾਜ ਆਦਿ ਸਾਥੀਆਂ ਨੇ ਅਹਿਮ ਜ਼ਿੰਮੇਵਾਰੀ ਨਿਭਾਈ।

4. ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਪਟਿਆਲਾ ਤੇ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਜੰਤਰ ਮੰਤਰ ਤੋਂ ਪਹਿਲਵਾਨ ਕੁੜੀਆਂ ਦਾ ਧਰਨਾ ਖਿਡਾਉਣ ਤੇ ਹਮਾਇਤੀਆਂ ਨੂੰ ਰੋਕਣ ਖਿਲਾਫ਼ ਤੁਰੰਤ ਰੋਸ ਪ੍ਰਗਟ ਕੀਤਾ ਗਿਆ। ਜੋਨ ਪਟਿਆਲਾ ਵੱਲੋਂ ਸ਼ਮੂਲੀਅਤ ਕੀਤੀ ਗਈ।

ਇਕਾਈ ਪਟਿਆਲਾ ਅਰਬਨ ਅਸਟੇਟ- 1. **ਡਾ. ਅਬਰਾਹਮ ਟੀ.ਕਾਵੂਰ ਦਾ ਜਨਮ ਦਿਨ ਮਨਾਇਆ** 125ਵਾਂ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਇਕਾਈ ਦੀ ਅਗਵਾਈ ਹੇਠ ਇੱਕਤਰਤਾ ਕਰਕੇ ਵਿਚਾਰ-ਚਰਚਾ ਕੀਤੀ ਗਈ। ਜਥੇਬੰਦਕ ਮੁਖੀ ਸੁਰਿੰਦਰਪਾਲ, ਇਕਾਈ ਆਗੂ ਐਡਵੋਕੇਟ ਰਾਜੀਵ ਲੋਹਟਬੱਦੀ ਅਤੇ ਮੀਡੀਆ ਮੁਖੀ ਅਕਸ਼ੈ ਖਨੌਰੀ ਨੇ ਡਾ. ਕਾਵੂਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਮਾਨਸਿਕ ਸਿਹਤ ਮਸ਼ਵਰਾ ਮੁਖੀ ਬਲਵਾਨ ਸਿੰਘ ਸਭਿਆਚਾਰਕ ਮੁਖੀ ਨਰਿੰਦਰਪਾਲ, ਰਣਜੀਤ ਸਿੰਘ, ਬਲਵਿੰਦਰ ਸਿੰਘ, ਪਰਮਜੀਤ ਸਿੰਘ, ਹਰਪਾਲ ਸਿੰਘ ਆਦਿ ਸਾਥੀਆਂ ਨੇ ਵੀ ਵਿਚਾਰ ਰੱਖੇ।

2. **ਮਹਾਨ ਮੁੱਕੇਬਾਜ ਕੌਰ ਸਿੰਘ ਨੂੰ ਸਿਜਦਾ ਕਰਦਿਆਂ ਵਿਦਿਆਰਥੀਆਂ ਨੂੰ ਸਿਹਤਮੰਦ ਸਮਾਜ ਬਣਾਉਣ ਦਾ ਸੱਦਾ ਦਿੱਤਾ**: ਇਲੀਟ ਕਲੱਬ ਵਿਖੇ ਵੱਖ-ਵੱਖ ਖੇਡਾਂ ਖੇਡਦੇ 50 ਦੇ ਕਰੀਬ ਵਿਦਿਆਰਥੀਆਂ ਨਾਲ ਵਿਚਾਰ-ਚਰਚਾ ਕੀਤੀ ਗਈ। ਐਡਵੋਕੇਟ ਰਾਜੀਵ ਲੋਹਟਬੱਦੀ ਨੇ ਇਸ ਮੁੱਕੇਬਾਜ ਬਾਰੇ ਜਾਣਕਾਰੀ ਦਿੱਤੀ। ਜੋਨ ਦੇ ਜਥੇਬੰਦਕ ਮੁਖੀ ਅਕਸ਼ੈ ਖਨੌਰੀ ਨੇ ਵਿਗਿਆਨਕ ਸਮਝ ਬਾਰੇ ਸੰਬੋਧਨ ਕੀਤਾ। ਇਕਾਈ ਮੁਖੀ ਸੁਰਿੰਦਰਪਾਲ ਨੇ ਵੀ ਸੰਬੋਧਨ ਕੀਤਾ। ਕੋਚ ਗੁਰਬਾਜ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਵਿਦਿਆਰਥੀਆਂ ਨੂੰ "ਤਰਕਸ਼ੀਲ" ਮੈਗਜੀਨ ਵੰਡੇ ਗਏ।

3. ਰਾਸ਼ਟਰੀ ਤਕਨਾਲੋਜੀ ਦਿਵਸ ਮਨਾਇਆ: ਸੀਨੀਅਰ ਸਿਟੀਜਨ ਐਸੋਸੀਏਸ਼ਨ ਅਤੇ Helpage India ਨਾਲ ਸਾਂਝਾ ਪ੍ਰੋਗਰਾਮ ਕੀਤਾ ਗਿਆ: ਜੋਨ ਦੇ ਜਥੇਬੰਦਕ ਮੁਖੀ ਅਕਸ਼ੈ ਖਨੌਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ 11 ਮਈ ਨੂੰ ਪੂਰੇ ਦੇਸ਼ ਵਿੱਚ ਤਕਨਾਲੋਜੀ ਦਿਵਸ ਮਨਾਇਆ ਜਾਂਦਾ ਹੈ। ਜੋਨ ਦੇ ਸਭਿਆਚਾਰ ਮੁਖੀ ਰਾਮ ਕੁਮਾਰ ਨੇ ਜਾਦੂ ਦੇ ਸ਼ੋਅ ਵਿਖਾਏ। ਇਸ ਮੌਕੇ 'ਤੇ ਸੀਨੀਅਰ ਸਿਟੀਜਨ ਐਸੋਸੀਏਸ਼ਨ ਫੇਜ-2 ਦੇ ਆਗੂ ਰਣਜੀਤ ਸਿੰਘ ਨੇ ਵੀ ਸੰਬੋਧਨ ਕੀਤਾ। ਤਰਕਸ਼ੀਲ ਆਗੂ ਰਮਨੀਕ ਸਿੰਘ ਨੇ ਕਿਹਾ ਕਿ ਸਾਨੂੰ ਅਜਿਹੇ ਦਿਨ ਮਨਾ ਕੇ ਵਿਗਿਆਨੀਆਂ ਬਾਰੇ ਜਾਨਣਾ ਚਾਹੀਦਾ ਹੈ। ਇਕਾਈ ਮੁਖੀ ਸੁਰਿੰਦਰਪਾਲ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ Helpage India ਵੱਲੋਂ ਸਾਈਬਰ ਕਰਾਈਮ ਦੇ ਸੰਬੰਧ ਵਿੱਚ ਦੱਸਿਆ ਗਿਆ। ਲੈਕਚਰਾਰ ਧਰਮਿੰਦਰ ਸਿੰਘ, ਬਲਵਾਨ ਸਿੰਘ, ਬਲਵਿੰਦਰ ਸਿੰਘ, ਸੁਨੇਹ ਲਤਾ, ਕਮਲੇਸ਼ ਰਾਣੀ ਆਦਿ ਤਰਕਸ਼ੀਲ ਆਗੂ ਮੌਜੂਦ ਸਨ। **ਰਿਪੋਰਟ: ਅਕਸ਼ੈ ਖਨੌਰੀ**

ਇਕਾਈ ਬਠਿੰਡਾ : 1. ਜਬਰ ਵਿਰੋਧੀ ਸਾਂਝਾ ਫ਼ਰੰਟ ਵੱਲੋਂ ਪਹਿਲਵਾਨਾਂ ਦੇ ਘੋਲ ਦੇ ਹੱਕ ਵਿੱਚ ਸ਼ਹਿਰ ਵਿੱਚ ਮਾਰਚ ਸਮੇਂ ਸ਼ਮੂਲੀਅਤ ਕੀਤੀ ਗਈ ਅਤੇ ਜਮੂਹਰੀ ਅਧਿਕਾਰ ਸਭਾ ਵੱਲੋਂ ਮਈ ਮਹੀਨੇ ਕੀਤੇ ਗਏ ਮੋਮਬਤੀ ਮਾਰਚ ਵਿੱਚ ਇਕਾਈ ਮੈਂਬਰ ਸ਼ਾਮਲ ਹੋਏ।

2. ਤਿੰਨ ਸਕੂਲਾਂ ਵਿੱਚ ਕੁਲਵੰਤ ਸਿੰਘ, ਸੁਰਿੰਦਰ ਕੁਮਾਰ, ਕੁਲਵਿੰਦਰ ਹੈਪੀ, ਮੇਜਰ ਸਿੰਘ ਅਤੇ ਕੇਵਲ ਕ੍ਰਿਸ਼ਨ ਬੱਬੂ ਵੱਲੋਂ ਪ੍ਰੋਗਰਾਮ ਪੇਸ਼ ਕੀਤੇ ਗਏ। ਟੀਚਰਜ਼ ਹੋਮ ਸਰਗਰਮੀਆਂ ਮੌਕੇ ਹਾਕਮ ਸਿੰਘ, ਰਣਧੀਰ ਗਿੱਲਪੱਤੀ, ਬਿਕਰਮਜੀਤ ਆਦਿ ਨੇ ਕਿਤਾਬਾਂ ਦੀਆਂ ਪ੍ਰਦਰਸ਼ਨੀਆਂ ਲਾਈਆਂ।

3. 14 ਜੂਨ ਨੂੰ ਖ਼ੂਨਦਾਨੀਆਂ ਨੂੰ ਸਮਰਪਿਤ ਕਾਫਲਾ ਜੋ ਯੂਨਾਈਟਿਡ ਵੈਲਫੇਅਰ ਸੋਸਾਇਟੀ ਦੇ ਬਾਨੀ ਵਿਜੈ ਭੱਟ ਦੀ ਅਗਵਾਈ ਵਿੱਚ ਕੱਢਿਆ ਗਿਆ। ਇਸ ਵਿੱਚ ਸੋਸਾਇਟੀ ਦੇ ਮੈਂਬਰ ਕੁਲਵਿੰਦਰ ਹੈਪੀ ਵੱਲੋਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਸ਼ਹਿਰ ਵਿੱਚ ਕਾਫ਼ਲੇ ਦੀ ਅਗਵਾਈ, ਕੁਲਵੰਤ ਸਿੰਘ, ਵਿਪਨ ਕੁਮਾਰ ਆਦਿ ਸਾਥੀਆਂ ਦੀ ਸਹਾਇਤਾ ਨਾਲ ਕੀਤੀ ਗਈ।

ਇਕਾਈ ਲੌਂਗੋਵਾਲ: "ਜੋਤਿਸ਼ ਦੇ ਕੱਚ-ਸੱਚ ਦਾ ਵਿਗਿਆਨਕ ਵਿਸ਼ਲੇਸ਼ਣ" ਵਿਸ਼ੇ 'ਤੇ ਸੈਮੀਨਾਰ: ਇਹ ਸੈਮੀਨਾਰ ਸ਼ਹੀਦ ਭਗਵਾਨ ਸਿੰਘ ਸ.ਪ੍ਰ.ਸਕੂਲ, ਲੌਂਗੋਵਾਲ ਵਿਖੇ ਕਰਵਾਇਆ ਗਿਆ ਜਿਸ ਦੇ ਮੁੱਖ ਬੁਲਾਰੇ ਸੁਰਜੀਤ ਦੌਧਰ ਸਨ। ਮੰਚ ਦਾ ਸੰਚਾਲਨ ਇਕਾਈ ਦੇ ਜਥੇਬੰਦਕ ਵਿਭਾਗ ਦੇ ਮੁਖੀ ਜੁਝਾਰ ਲੌਂਗੋਵਾਲ ਨੇ ਕੀਤਾ। ਮੈਗਜ਼ੀਨ "ਤਰਕਸ਼ੀਲ" ਦੇ ਮੁੱਖ ਸੰਪਾਦਕ ਬਲਬੀਰ ਲੌਂਗੋਵਾਲ ਨੇ ਵੀ ਇਸ ਸਮੇਂ ਸੰਬੋਧਨ ਕਰਦਿਆਂ ਤਰਕਸ਼ੀਲ ਵਿਚਾਰਧਾਰਾ ਬਾਰੇ ਗੱਲ ਕੀਤੀ। ਸਵਾਲ-ਜਵਾਬ ਸ਼ੈਸ਼ਨ ਵਿੱਚ ਨਿਰਮਲ ਦੁੱਲਟ, ਰਣਜੀਤ ਸਿੰਘ, ਪੱਤਰਕਾਰ ਰਵੀ ਗਰਗ, ਸੁਖਜੀਤ ਚੀਮਾ, ਸੁਰੇਸ਼ ਰਾਣੀ ਸੁਨਾਮ, ਲਖਵੀਰ ਲੌਂਗੋਵਾਲ, ਪਦਮ ਸੁਨਾਮ, ਸੁਖਪਾਲ ਸਿੰਘ ਰੰਗ ਕਰਮੀ, ਕਮਲਜੀਤ ਜਗਰਾਉਂ ਆਦਿ ਨੇ ਹਿੱਸਾ ਲਿਆ। ਇਸ ਸਮੇਂ ਜੋਰਾ ਸਿੰਘ ਲੈਕਚਰਾਰ, ਪ੍ਰਿੰਸੀਪਲ ਵਰਿੰਦਰ ਚੀਮਾ, ਪ੍ਰਿੰਸੀਪਲ ਅਨਿਲ ਕੁਮਾਰ, ਕਰਮ ਸਿੰਘ ਸੁਨਾਮ, ਨਰਿੰਦਰ ਬਸੇਤੀਆ, ਡੀ ਟੀ ਐਫ ਦੇ ਆਗੂ ਜਸਵੀਰ ਨਮੋਲ, ਪਰਵਿੰਦਰ ਉੱਭਾਵਾਲ, ਬਿੱਕਰ ਸੇਖੂਵਾਸ, ਕੁਲਦੀਪ ਕੌਰ, ਕਿਰਪਾਲ ਨਮੋਲ, ਪਵਨ ਸੁਨਾਮ, ਬਲਜੀਤ ਨਮੋਲ, ਚੰਦਰ ਸ਼ੇਖਰ, ਲੈਕਚਰਾਰ ਧਨਵੰਤ ਸਿੰਘ, ਲੈਕਚਰਾਰ ਵਿਸ਼ਵ ਕਾਂਤ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਹਰਦੇਵ ਦੁੱਲਟ, ਮਾਸਟਰ ਬੀਰਬਲ ਸਿੰਘ, ਗੋਬਿੰਦ ਸਿੰਘ, ਗੁਰਮੇਲ ਸਿੰਘ, ਕੇਵਲ ਸਿੰਘ, ਰਾਮ ਗੋਪਾਲ, ਕਾਮਰੇਡ ਗੁਲਜਾਰ ਸਿੰਘ, ਸੁਖਵੀਰ ਸਿੰਘ, ਬੂਟਾ ਸਿੰਘ, ਹਰਪ੍ਰੀਤ ਹੈਪੀ, ਜਸਵੰਤ ਰਾਏ ਆਦਿ ਹਾਜਰ ਸਨ। ਇਸ ਮੌਕੇ ਬਲਦੇਵ ਮੰਡੇਰ ਨੇ ਇਨਕਲਾਬੀ ਗੀਤ ਪੇਸ਼ ਕੀਤੇ।

ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ: ਦੇ ਸੰਬੰਧ ਵਿੱਚ ਜੁਝਾਰ ਲੌਂਗੋਵਾਲ, ਇਕਾਈ ਜਥੇਬੰਦਕ ਮੁਖੀ ਅਤੇ ਇਕਾਈ ਆਗੂ ਬੀਰਬਲ ਸਿੰਘ ਦੀ ਅਗਵਾਈ ਹੇਠ ਆਸ਼ੀਰਵਾਦ ਡੇ ਬੋਰਡਿੰਗ ਪ.ਸਕੂਲ, ਝਾੜੋਂ, ਸ.ਸ.ਸ.ਸ. ਨਮੋਲ, ਟੈਗੋਰ ਪਬਲਿਕ ਸਕੂਲ ਲੌਂਗੋਵਾਲ ਆਦਿ ਸਕੂਲਾਂ ਵਿੱਚ ਸਿਰਕਤ ਕਰਕੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਗਿਆ। ਕਿਤਾਬਾਂ ਦੀ ਵੰਡ ਵੀ ਕੀਤੀ ਗਈ। **- ਜੁਝਾਰ ਲੌਂਗੋਵਾਲ**

ਮਾਝਾ ਜੋਨ: "ਭਾਰਤੀ ਸਮਾਜ ਚ ਜਾਤ ਪਾਤ ਦਾ ਖਾਤਮਾ ਕਿਵੇਂ ਹੋਵੇ ?" ਵਿਸ਼ੇ ਸਬੰਧੀ ਸੈਮੀਨਾਰ ਕਰਵਾਇਆ: ਇਹ ਸੈਮੀਨਾਰ 4 ਜੂਨ ਨੂੰ ਗੁਰਦਾਸਪੁਰ ਵਿਖੇ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਸੂਬਾਈ ਸੱਭਿਆਚਾਰਕ ਵਿਭਾਗ ਦੇ ਮੁੱਖੀ ਜੋਗਿੰਦਰ ਕੁੱਲੇਵਾਲ, ਪੰਜਾਬ ਸਟੂਡੈਂਟ ਯੂਨੀਅਨ ਦੇ ਆਗੂ ਅਮਰ ਕ੍ਰਾਂਤੀ, ਸੂਬਾਈ ਮੀਡੀਆ ਵਿਭਾਗ ਦੇ ਮੁਖੀ ਸੁਮੀਤ ਸਿੰਘ, ਸ਼ੋਸ਼ਲ ਮੀਡੀਆ ਵਿਭਾਗ ਦੇ ਮੁੱਖੀ ਸੰਦੀਪ ਧਾਰੀਵਾਲ ਭੋਜਾ, ਮਾਝਾ ਜੋਨ ਦੇ ਮੁਖੀ ਰਾਜਵੰਤ ਬਾਗੜੀਆਂ ਅਤੇ ਗੁਰਦਾਸਪੁਰ ਇਕਾਈ ਦੇ ਮੁੱਖੀ ਤਰਲੋਚਨ ਸਿੰਘ ਨੇ ਕੀਤੀ। ਇਸ ਸੈਮੀਨਾਰ ਵਿਚ ਮਾਝਾ ਜੋਨ ਦੀਆਂ ਅੰਮ੍ਰਿਤਸਰ, ਤਰਨਤਾਰਨ, ਗੋਪਾਲਪੁਰ ਮਝਵਿੰਡ, ਧਾਰੀਵਾਲ ਭੋਜਾ, ਜੰਡਿਆਲਾ, ਖਿਲਚੀਆਂ, ਗੁਰਦਾਸਪੁਰ ਇਕਾਈਆਂ ਦੇ ਸਾਥੀਆਂ ਨੇ ਵੱਡੀ ਗਿਣਤੀ ਵਿਚ ਭਾਗ ਲਿਆ। ਮੁੱਖ ਬੁਲਾਰੇ ਜੋਗਿੰਦਰ ਕੁੱਲੇਵਾਲ ਨੇ ਕਿਹਾ ਕਿ ਜਾਤ ਪਾਤ ਦੀ ਹੋਂਦ ਜਿੱਥੇ ਸਰਾਸਰ ਮਨੁੱਖ ਵਿਰੋਧੀ ਹੈ ਉਥੇ ਹੀ ਸਾਡੇ ਸਮਾਜ ਉਤੇ ਬੜਾ ਵੱਡਾ ਕਲੰਕ ਵੀ ਹੈ ਜਿਸਨੂੰ ਖਤਮ

ਕਰਨ ਲਈ ਸਮਾਜ ਦੇ ਸਮੂਹ ਵਰਗ ਨੂੰ ਵਿਗਿਆਨਕ ਸੋਚ ਰਾਹੀਂ ਜਮਾਤੀ ਪੱਧਰ ’ਤੇ ਚੇਤਨ ਹੋ ਕੇ ਇਸਨੂੰ ਆਪਣੀ ਮਾਨਿਸਕਤਾ ਚ ਮੁੱਢੋਂ ਹੀ ਮਨਫੀ ਕਰਨਾ ਚਾਹੀਦਾ ਹੈ।ਸੈਮੀਨਾਰ ਦੇ ਦੂਜੇ ਬੁਲਾਰੇ ਅਮਰ ਕ੍ਰਾਂਤੀ ਨੇ ਕਿਹਾ ਕਿ ਭਾਰਤੀ ਸਮਾਜ ਵਿਚ ਜਾਤ ਪਾਤ ਦਾ ਸੰਕਲਪ ਅਤੇ ਵਿਤਕਰਾ ਸਦੀਆਂ ਤੋਂ ਚਲਿਆ ਆ ਰਿਹਾ ਹੈ ਅਤੇ ਸਮਾਜ ਵਿਚ ਪੈਦਾਵਾਰੀ ਸਾਧਨਾਂ ਦੀ ਕਾਣੀ ਵੰਡ ਅਤੇ ਦਿਨੋਂ ਦਿਨ ਵਧ ਰਹੀ ਆਰਥਿਕ ਨਾਬਰਾਬਰੀ ਨੇ ਇਸ ਨੂੰ ਹੋਰ ਪੇਚੀਦਾ ਬਣਾਇਆ ਹੈ। ਉਨ੍ਹਾਂ ਕਿਹਾ ਕਿ ਅੰਤਰਜਾਤੀ ਵਿਆਹ ਦੇ ਅਮਲ ਰਾਹੀਂ ਅਤੇ ਪੈਦਾਵਾਰੀ ਸਾਧਨਾਂ ਦੀ ਸਹੀ ਵੰਡ ਕਰਕੇ ਜਾਤ ਪਾਤ ਨੂੰ ਵੱਡੀ ਹੱਦ ਤਕ ਖਤਮ ਕੀਤਾ ਜਾ ਸਕਦਾ ਹੈ। ਮਾਝਾ ਜੋਨ ਦੇ ਮੁਖੀ ਰਾਜਵੰਤ ਬਾਗੜੀਆਂ ਨੇ ਕਿਹਾ ਕਿ ਮੰਨੂ ਸਿਮਰਤੀ ਨੇ ਮਨੁੱਖ ਨੂੰ ਚਾਰ ਜਾਤਾਂ ਵਿਚ ਵੰਡ ਕੇ ਭਾਰਤੀ ਸਮਾਜ ਵਿਚ ਫ਼ਿਰਕੂ ਨਫ਼ਰਤ ਪੈਦਾ ਕੀਤੀ ਹੈ।

ਸੂਬਾ ਕਮੇਟੀ ਮੈਂਬਰ ਸੁਮੀਤ ਸਿੰਘ ਅਤੇ ਸੰਦੀਪ ਧਾਰੀਵਾਲ ਭੋਜਾਂ ਨੇ ਕਿਹਾ ਕਿ ਸਾਮਰਾਜ ਪੱਖੀ ਹਾਕਮ ਜਮਾਤਾਂ ਅਤੇ ਫ਼ਿਰਕੂ ਸਿਆਸੀ ਪਾਰਟੀਆਂ ਨੇ ਸੱਤਾ ਉੱਤੇ ਲੰਬੇ ਸਮੇਂ ਤੱਕ ਕਾਬਜ ਹੋਣ ਲਈ ਸਮਾਜ ਵਿਚ ਹਮੇਸ਼ਾ ਜਾਤ ਪਾਤ ਅਤੇ ਧਰਮ ਦੇ ਵਖਰੇਵਿਆਂ ਨੂੰ ਹੋਰ ਵਧਾਇਆ ਹੈ। ਗੁਰਦਾਸਪੁਰ ਇਕਾਈ ਦੇ ਮੁੱਖੀ ਤਰਲੋਚਨ ਸਿੰਘ ਨੇ ਮੁੱਖ ਬੁਲਾਰਿਆਂ ਅਤੇ ਹਾਜਰ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਰੋਤਿਆਂ ਵਿੱਚੋਂ ਜਸਪਾਲ ਬਾਸਰਕੇ, ਬੇਟੀ ਸਿਮਰ, ਗੋਪਾਲਪੁਰ ਅਤੇ ਰੰਜਨ ਵਫਾ ਵਲੋਂ ਸਵਾਲ ਜਵਾਬ ਅਤੇ ਵਿਚਾਰ ਵਟਾਂਦਰੇ ਵਿਚ ਭਾਗ ਲਿਆ ਗਿਆ। ਮਾਝਾ ਜੋਨ ਦੇ ਵਿੱਤ ਮੁਖੀ ਮੁਖਤਿਆਰ ਗੋਪਾਲਪੁਰਾ ਵਲੋਂ ਸਟੇਜ ਦੀ ਕਾਰਵਾਈ ਬਾਖੂਬੀ ਚਲਾਉਣ ਦੇ ਇਲਾਵਾ ਇਸ ਮੌਕੇ ਕੁਝ ਮਤੇ ਵੀ ਪਾਸ ਕੀਤੇ ਗਏ ਜਿਸ ਵਿਚ ਮੰਗ ਕੀਤੀ ਗਈ ਕਿ ਸਰਕਾਰੀ ਅਤੇ ਗੈਰ ਸਰਕਾਰੀ ਫਾਰਮਾਂ ਵਿਚ ਧਰਮ ਅਤੇ ਜਾਤ ਪਾਤ ਦੀ ਜਾਣਕਾਰੀ ਲਈ ਬੰਦ ਕੀਤੀ ਜਾਵੇ ਅਤੇ ਸਰਕਾਰਾਂ ਅਤੇ ਸਮਾਜ ਵਲੋਂ ਅੰਤਰਜਾਤੀ ਵਿਆਹਾਂ ਨੂੰ ਉਤਸਾਹਿਤ ਕੀਤਾ ਜਾਵੇ। ਇਸਦੇ ਇਲਾਵਾ ਰਾਜਸੀ ਪਾਰਟੀਆਂ ਵਲੋਂ ਜਾਤ ਪਾਤ ਆਧਾਰਿਤ ਰਾਜਸੀ ਵਿੰਗ ਉਸਾਰਨ ਉਤੇ ਪਾਬੰਦੀ ਲਾਈ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੋਨ ਆਗੂ ਰਣਜੀਤ ਗੱਗੋਮਾਹਲ, ਰਾਜੂ ਝਾਕੋਲਾੜੀ, ਹਰਪ੍ਰੀਤ ਖਿਲਚੀਆਂ, ਦੀਵਾਨ ਸਿੰਘ, ਅਸ਼ਵਨੀ ਕੁਮਾਰ, ਅਜੈ ਪਾਲ, ਅਰੁਣ ਕੁਮਾਰ ਕਪਤਾਨ ਸਿੰਘ ਜੰਡਿਆਲਾ, ਮੇਜਰ ਸੋਮ ਨਾਥ, ਜੈ ਸਿੰਘ ਸੋਈ, ਸੁੱਚਾ ਸਿੰਘ, ਮਾਸਟਰ ਤਸਵੀਰ ਸਿੰਘ, ਮਾਸਟਰ ਸ਼ਿੰਗਾਰਾ ਸਿੰਘ, ਸੁਖਮੀਤ ਸਿੰਘ, ਰਮੇਸ਼ ਕੁਮਾਰ, ਅਮਨ ਗੱਗੋਮਾਹਲ, ਡਾ ਜਸਬੀਰ ਸਿੰਘ ਖਡੂਰ ਸਾਹਿਬ, ਸੰਦੀਪ ਕੁਮਾਰ, ਵਿਸ਼ਵਜੋਤ, ਮੇਲਾ ਰਾਮ ਬੀ ਈ ਓ, ਰਾਮ ਲਾਲ ਸਦਾਨਾ, ਸ਼ਕਤੀ, ਕੰਵਲਜੀਤ ਸਿੰਘ ਆਦਿ ਹਾਜਰ ਸਨ।

ਇਕਾਈ ਅੰਮ੍ਰਿਤਸਰ: ਔਰਤ ਪਹਿਲਵਾਨਾਂ ਨਾਲ ਜਿਨਸੀ ਸ਼ੋਸ਼ਣ ਦੇ ਖਿਲਾਫ਼ ਅਤੇ ਮੁਲਜਮ ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਪੀ ਐਸ ਯੂ ਲਲਕਾਰ, ਬੀ ਕੇ ਯੂ (ਏਕਤਾ ਉਗਰਾਹਾਂ), ਸੰਯੁਕਤ ਕਿਸਾਨ ਮੋਰਚਾ ਅਤੇ ਸਿਟੀਜਨ ਫੋਰਮ ਅੰਮ੍ਰਿਤਸਰ ਨਾਲ ਵੱਖ ਵੱਖ ਜਨਤਕ ਥਾਵਾਂ ਕੋਟ ਖਾਲਸਾ ਚੌਂਕ, ਦਫਤਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਭੰਡਾਰੀ ਪੁੱਲ ਵਿਖੇ ਸਾਂਝੇ ਤੌਰ ਤੇ ਰੋਸ ਪ੍ਰਦਰਸ਼ਨ ਕਰਨ ਦੇ ਇਲਾਵਾ ਬ੍ਰਿਜ ਭੂਸ਼ਣ ਦੇ ਪੁਤਲੇ ਵੀ ਸਾੜੇ ਗਏ ਜਿਸ ਵਿੱਚ ਸੁਮੀਤ ਸਿੰਘ, ਸੁਖਮੀਤ ਸਿੰਘ, ਜਸਪਾਲ ਬਾਸਰਕੇ, ਬਲਦੇਵ ਰਾਜ ਵੇਰਕਾ, ਮੇਲਾ ਰਾਮ, ਸ਼ਕਤੀ, ਰਾਜ ਕੁਮਾਰ ਵੇਰਕਾ, ਦਮਨਜੀਤ ਕੌਰ, ਨਵਜੀਤ ਆਦਿ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਨਾਮਵਰ ਚਿੰਤਕ ਡਾ. ਪਰਮਿੰਦਰ ਤੋਂ ਇਲਾਵਾ ਤਰਕਸ਼ੀਲ ਸੁਸਾਇਟੀ ਦੀ ਤਰਫੋਂ ਸੁਮੀਤ ਸਿੰਘ ਅਤੇ ਵਿਦਿਆਰਥੀ ਆਗੂਆਂ ਰਵਿੰਦਰ, ਸਿਮਰਨ ਅਤੇ ਗੁਰਪ੍ਰੀਤ ਵਲੋਂ ਵੀ ਸੰਬੋਧਨ ਕੀਤਾ ਗਿਆ।

ਇਕਾਈ ਧਾਰੀਵਾਲ ਭੋਜਾ ਵਲੋਂ ਸੰਦੀਪ ਧਾਰੀਵਾਲ ਭੋਜਾਂ, ਸਮਾਜ ਸੇਵੀ ਗੁਰਇਕਬਾਲ ਸਿੰਘ, ਚਰਨਜੀਤ ਕੌਰ, ਠਾਕੁਰ ਕੁਲਵੰਤ ਸਿੰਘ, ਸਰਪੰਚ ਠਾਕੁਰ ਵਿਕਰਮ ਸਿੰਘ ਬਾਗੜੀਆਂ ਅਤੇ ਗੁਰਮੀਤ ਬਾਜਵਾ ਦੀ ਅਗਵਾਈ ਹੇਠ ਸੈਂਕੜੇ ਲੋਕਾਂ ਵਲੋਂ ਔਰਤ ਪਹਿਲਵਾਨਾ ਨੂੰ ਇਨਸਾਫ ਦਿਵਾਉਣ ਲਈ ਕਾਹਨੂੰਵਾਨ ਬੇਟ ਖੇਤਰ ਦੇ ਆਮ ਲੋਕਾਂ ਦੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਵਾ ਕੇ ਰੋਸ ਮਾਰਚ ਕੀਤਾ ਗਿਆ ਅਤੇ ਬ੍ਰਿਜ ਭੂਸ਼ਣ ਦਾ ਪੁਤਲਾ ਵੀ ਸਾੜਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅੰਮ੍ਰਿਤ ਨਾਨੋਵਾਲ, ਕਬੱਡੀ ਖਿਡਾਰੀ ਸਤਨਾਮ ਸਿੰਘ ਸੋਨੀ, ਭੁਪਿੰਦਰ ਸਿੰਘ, ਨੰਬਰਦਾਰ ਸ਼ੁਰੇਸ਼ ਸਿੰਘ, ਸਤਿੰਦਰ ਸਿੰਘ ਫੇਰੋਚੇਚੀ, ਅਜੀਤ ਸਿੰਘ, ਸੁਖਵਿੰਦਰ ਸਿੰਘ, ਮੱਖਣ ਸਿੰਘ ਤੇ ਸਾਬਕਾ ਸਰਪੰਚ ਕੁਲਵਿੰਦਰ ਸਿੰਘ ਹਾਜਰ ਹੋਏ।

ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਲਈ ਪਹਿਲਕਦਮੀਆਂ: ਅੰਮ੍ਰਿਤਸਰ ਇਕਾਈ ਦੇ ਆਗੂਆਂ ਸੁਮੀਤ ਸਿੰਘ, ਜਸਪਾਲ ਬਾਸਰਕੇ, ਅਸ਼ਵਨੀ ਕੁਮਾਰ, ਮੇਲਾ ਰਾਮ ਬੀ ਈ ਓ, ਸ਼ਕਤੀ, ਮਾਸਟਰ ਕੁਲਜੀਤ ਵੇਰਕਾ ਅਤੇ ਸੁਖਮੀਤ ਸਿੰਘ ਵਲੋਂ 10 ਸਰਕਾਰੀ ਅਤੇ ਨਿੱਜੀ ਸਕੂਲਾਂ ਤਕ ਪਹੁੰਚ ਕਰਕੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਅਤੇ ਮਿਡਲ ਅਤੇ–ਸੈਕੰਡਰੀ ਗਰੁੱਪ ਦੀਆਂ ਕਿਤਾਬਾਂ ਵਿਚਲੇ ਪਾਠਕ੍ਰਮ ਅਤੇ ਪ੍ਰੀਖਿਆ ਸਬੰਧੀ ਜਾਣਕਾਰੀ ਦਿੱਤੀ ਗਈ। ਆਤਮ ਪਬਲਿਕ ਸਕੂਲ ਇਸਲਾਮਾਬਾਦ ਦੇ ਨਿਰਦੇਸ਼ਕ ਪ੍ਰਤੀਕ ਸਹਿਦੇਵ, ਪ੍ਰਿੰਸੀਪਲ ਮੈਡਮ ਅੰਕਿਤਾ ਸਹਿਦੇਵ ਅਤੇ ਵਾਈਸ ਪ੍ਰਿੰਸੀਪਲ ਸ਼ੁਭਾਸ਼ ਚੰਦਰ

ਦੇ ਸੁਹਿਰਦ ਯਤਨਾਂ ਨਾਲ ਇਸ ਸਕੂਲ ਵਲੋਂ ਮਿਡਲ ਅਤੇ ਸੈਕੰਡਰੀ ਗਰੁੱਪ ਦੇ 322 ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕੀਤੀ ਗਈ।

ਇਕਾਈ ਗੋਪਾਲਪੁਰ ਮਜਵਿੰਡ ਦੇ ਸਾਥੀਆਂ ਮੁਖਤਿਆਰ ਗੋਪਾਲਪੁਰ, ਸੇਵਾ ਸਿੰਘ ਮਜਵਿੰਡ, ਲਖਵਿੰਦਰ ਗੋਪਾਲਪੁਰ, ਰਣਜੀਤ ਗਗੋਮਾਹਲ, ਅਮਨ ਗਗੋਮਾਹਲ, ਕਰਮਦੀਪ ਮਜਵਿੰਡ ਨੇ 5 ਸਕੂਲਾਂ ਤਕ ਪਹੁੰਚ ਕਰਕੇ ਵਿਦਿਆਰਥੀਆਂ ਨੂੰ ਚੇਤਨਾ ਪ੍ਰੀਖਿਆ ਲਈ ਪ੍ਰੇਰਿਤ ਕੀਤਾ ਤੇ ਕਿਤਾਬਾਂ ਵਿਚਲੇ ਪਾਠਕ੍ਰਮ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ।

ਇਕਾਈ ਖਿਲਚੀਆਂ ਦੇ ਸਾਥੀਆਂ ਹਰਪ੍ਰੀਤ ਮੀਆਂਵਿੰਡ, ਜਸਬੀਰ ਖਿਲਚੀਆਂ, ਹਰਦੀਪ ਖਿਲਚੀਆਂ, ਗਵਿੰਦਰ ਖਿਲਚੀਆਂ ਮਾਸਟਰ ਸੁਰਜੀਤ ਸਿੰਘ, ਜੈ ਦੀਪ ਖਿਲਚੀਆਂ ਅਤੇ ਜਸਬੀਰ ਸੰਘਰਕਲਾਂ ਵਲੋਂ 5 ਸਕੂਲਾਂ ਤਕ ਪਹੁੰਚ ਕਰਕੇ ਪੰਜਵੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸੰਬੰਧੀ ਜਾਣਕਾਰੀ ਦਿੱਤੀ ਗਈ ਅਤੇ ਜਾਦੂਗਰ ਸੇਵਾ ਸਿੰਘ ਗੋਪਾਲਪੁਰ ਵਲੋਂ ਹੱਥ ਦੀ ਸਫ਼ਾਈ ਦੇ ਟ੍ਰਿਕ ਵਿਖਾ ਕੇ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। - **ਸੁਮੀਤ ਸਿੰਘ (ਜੋਨ ਮੀਡੀਆ ਮੁਖੀ)**

ਜ਼ੋਨ ਚੰਡੀਗੜ੍ਹ : ਇਕਾਈ ਰੋਪੜ : **1.** ਮਿਤੀ 1.5.2023 ਨੂੰ ਮਜ਼ਦੂਰ ਦਿਵਸ ਮੌਕੇ ਮਜਦੂਰ ਯੂਨੀਅਨ ਵੱਲੋਂ ਚਮਕੌਰ ਸਾਹਿਬ ਵਿਖੇ ਪ੍ਰੋਗਰਾਮ ਵਿੱਚ ਇਕਾਈ ਮੁਖੀ ਅਸ਼ੋਕ ਕੁਮਾਰ ਜੀ, ਪਵਨ ਰੱਤੋਂ ਜੀ ਨੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। **2.** ਮਿਤੀ 29.4.2023 ਨੂੰ ਸਤਲੁਜ ਪਬਲਿਕ ਸਕੂਲ ਹੁਸੈਨਪੁਰ ਵਿੱਚ ਪ੍ਰੋਗਰਾਮ, ਤਰਕਸ਼ੀਲ ਵਿਚਾਰ ਅਤੇ ਮੈਜਕ ਟ੍ਰਿਕਸ। ਪਵਨ ਰੱਤੋਂ, ਅਜੀਤ ਪ੍ਰਦੇਸੀ, ਇਕਾਈ ਮੁਖੀ ਅਸ਼ੋਕ ਕੁਮਾਰ। **3.** ਮਿਤੀ 6.5.2023 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ, ਰੋਪੜ, ਮਿਤੀ 20.5.2023 ਨੂੰ ਸਰਕਾਰੀ ਹਾਈ ਸਕੂਲ ਭਲਿਆਣ।24.5.2023 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੋਦੀਮਾਜਰਾ ਪ੍ਰੋਗਰਾਮ। ਪਵਨ ਰੱਤੋਂ, ਇਕਾਈ ਮੁਖੀ ਅਸ਼ੋਕ ਕੁਮਾਰ, ਅਜੀਤ ਪ੍ਰਦੇਸੀ ਜਾਦੂ ਦੇ ਟਰਿੱਕ, ਪੰਜਵੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸੰਬੰਧੀ। **4.** ਮਿਤੀ 26.5.2023 ਨੂੰ ਸ.ਹਾਈ ਸਕੂਲ ਰਾਏਪੁਰ ਵਿਖੇ ਪ੍ਰੋਗਰਾਮ, ਚੇਤਨਾ ਪਰਖ ਪ੍ਰੀਖਿਆ ਬਾਰੇ । **5.** ਮਿਤੀ 28.5.2023 ਨੂੰ ਸਾਹਨੀ ਹਾਲ ਰੋਪੜ ਵਿਖੇ ਡੀ.ਟੀ .ਐਫ.ਵੱਲੋ ਨਵੀਂ ਸਿੱਖਿਆ ਨੀਤੀ 2020 ਦੇ ਵਿਰੋਧ ਵਿੱਚ ਰੱਖੇ ਸੈਮੀਨਾਰ ਵਿੱਚ ਇਕਾਈ ਮੁਖੀ ਅਸ਼ੋਕ ਕੁਮਾਰ ਤਰਕਸ਼ੀਲ ਬੁਲਾਰੇ ਵਜੋਂ ਅਤੇ ਬਲਬੀਰ ਖੈਰਾਬਾਦ ਜੀ ਅਤੇ ਪਵਨ ਰੱਤੋਂ ਦਰਸਕ ਦੇ ਤੌਰ 'ਤੇ ਸ਼ਾਮਿਲ ਹੋਏ। **6.** ਮਿਤੀ 29.5.2023 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਨੌਲੀ, ਸਰਕਾਰੀ ਹਾਈ ਸਕੂਲ ਘਨੌਲਾ ਵਿਖੇ ਚੇਤਨਾ ਪਰਖ ਪ੍ਰੀਖਿਆ ਬਾਰੇ ਵਿਦਿਆਰਥੀਆਂ ਨੂੰ ਸੰਬੋਧਨ। **7.** ਮਿਤੀ 1.6.2023 ਨੂੰ ਕਿਸਾਨਾਂ ਵੱਲੋਂ ਮਹਾਰਾਜਾ ਰਣਜੀਤ ਸਿੰਘ ਬਾਗ ਰੋਪੜ ਵਿੱਚ ਪਹਿਲਵਾਨਾਂ ਦੇ ਹੱਕ ਵਿੱਚ ਬਿਰਜ ਭੂਸ਼ਣ ਦੇ ਅਰਥੀ ਫੂਕ ਮੁਜ਼ਾਹਰੇ ਵਿੱਚ ਇਕਾਈ ਮੁਖੀ ਅਸ਼ੋਕ ਕੁਮਾਰ ਜੀ ਪਵਨ ਰੱਤੋਂ, ਬਲਬੀਰ ਖੈਰਾਬਾਦ ਜੀ ਨੇ ਸ਼ਮੂਲੀਅਤ ਕੀਤੀ। **8.** 26/05/2023 ਸਰਕਾਰੀ ਸਕੂਲ ਰਾਏ ਪੁਰ (ਨੂਰ ਪੁਰ ਬੇਦੀ) ਵਿਖੇ ਪਰੋਗਰਾਮ ਦਿੱਤਾ ਗਿਆ। ਟੀਮ-ਪਵਨ ਰੱਤੋਂ, ਅਸ਼ੋਕ ਕੁਮਾਰ, ਵਿਸ਼ੇਸ਼ ਸਹਿਯੋਗੀ-ਮਾਸਟਰ ਸੁਖਦੇਵ ਜੀ ਅਤੇ ਮੁੱਖ ਅਧਿਆਪਕਾ ਮੈਡਮ ਸੀਮਾ ਜੀ। **ਵੱਲੋਂ: ਇਕਾਈ ਮੁਖੀ ਰੋਪੜ।**

ਇਕਾਈ ਸਰਹਿੰਦ: **1.** 23 ਮਾਰਚ 2023 ਪਿੰਡ ਰੰਧਾਵਾ ਤਰਕਸ਼ੀਲ ਨਾਟਕ ਮੇਲਾ। **2.** 9 ਅਪ੍ਰੈਲ 2023 ਪਿੰਡ ਮੰਢੌਰ ਤਰਕਸੀਲ ਨਾਟਕ ਮੇਲਾ। **3.** ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਲਈ ਸਕੂਲ ਤਰਖਾਣ ਮਾਜਰਾ, ਖੇੜੀ, ਸੰਗਤਪੁਰ ਸੋਢੀਆਂ, ਨਲੀਨੀ ਅਤੇ ਸਾਨੀਪੁਰ, ਅਲੀਪੁਰ ਸੋਢੀਆਂ, ਮਲਕੋ ਮਾਜਰਾ। ਵੱਖ ਵੱਖ ਪ੍ਰੋਗਰਾਮਾਂ ਵਿੱਚ ਇਕਾਈ ਮੁਖੀ ਮਨਦੀਪ ਮਾਜਰੀ ਅਤੇ ਹਰਜੀਤ ਤਰਖਾਣ ਮਾਜਰਾ, ਮਾਸਟਰ ਪਰਮਜੀਤ ਸਿੰਘ, ਬਲਵੀਰ ਕੌਰ ਜਲਾਲ, ਸ਼ਿਵਾਨੀ ਚਨਾਲੋਂ ਅਤੇ ਮਾਸਟਰ ਹਰਚੰਦ ਸਿੰਘ ਨੇ ਸ਼ਮੂਲੀਅਤ ਕੀਤੀ।

ਇਕਾਈ ਬਸੀ ਪਠਾਣਾਂ : 30 ਮਈ 2023 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਸੀ ਪਠਾਣਾਂ ਵਿਖੇ ਵਿਦਿਆਰਥੀ ਚੇਤਨ ਪਰਖ ਪ੍ਰੀਖਿਆ ਬਾਰੇ ਪ੍ਰੋਗਰਾਮ ਵਿੱਚ ਇਕਾਈ ਮੁਖੀ ਸੰਦੀਪ ਸਿੰਘ, ਕੁਲਵੰਤ ਸਿੰਘ, ਮੇਹਰ ਸਿੰਘ, ਐਡਵੋਕੇਟ ਕੰਵਲਜੀਤ ਸਿੰਘ ਅਤੇ ਹਰਨੇਕ ਸਿੰਘ ਸ਼ਾਮਲ ਸਨ।

ਇਕਾਈ ਮੋਹਾਲੀ: **1.**ਚੇਤਨਾ ਪ੍ਰਿਖਿਆ ਸਬੰਧੀ ਇਹਨਾਂ ਸਕੂਲਾਂ ਵਿਚ ਪ੍ਰੋਗਰਾਮ ਦਿੱਤੇ: ਸ.ਸ.ਸ. ਮੁੱਲਾਂਪੁਰ ਗਰੀਬਦਾਸ, ਸ.ਹ.ਸ. ਕੁੰਭੜਾ, ਸ.ਹ.ਸ ਮਟੌਰ, ਸ.ਹ.ਸ ਬਲੌਂਗੀ। **2.** ਪਹਿਲਵਾਨ ਖਿਡਾਰੀਆਂ ਉੱਤੇ ਪੁਲਿਸ ਦੇ ਜੁਲਮ ਵਿਰੁੱਧ ਸੈਕਟਰ 17 ਵਿਖੇ 29 ਮਈ ਨੂੰ ਰੱਖੇ ਧਰਨੇ ਵਿੱਚ ਸ਼ਿਰਕਤ ਕੀਤੀ। **3.** ਡਾ. ਨਵਸ਼ਰਨ ਸਮੇਤ ਅਨੇਕਾਂ ਸਮਾਜਕ ਕਾਰਕੁਨਾਂ ਵਿਰੁੱਧ ਈ ਡੀ ਵਲੋਂ ਕੀਤੀ ਜਾ ਰਹੀ ਕਾਰਵਾਈ ਦੇ ਵਿਰੋਧ ਵਿੱਚ ਪੰਜਾਬ ਦੇ ਗਵਰਨਰ ਨੂੰ ਮੈਮੋਰੰਡਮ ਦੇਣ ਦੇ ਸਾਂਝੇ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ

ਇਕਾਈ ਮੰਡੀ ਗੋਬਿੰਦਗੜ੍ਹ: ਵਿਦਿਆਰਥੀ ਚੇਤਨ ਪਰਖ ਪ੍ਰੀਖਿਆ ਬਾਰੇ ਦੋ ਸਕੂਲਾਂ: ਖਾਲਸਾ ਸੀਨੀਅਰ ਸਕੈਡੰਰੀ ਸਕੂਲ ਅਤੇ ਇਸਲਾਮੀਆ ਹਾਈ ਸਕੂਲ ਮੰਡੀ ਗੋਬਿੰਦਗੜ੍ਹ ਵਿੱਚ ਇਕਾਈ ਮੁਖੀ ਰਕੇਸ਼ ਕੁਮਾਰ, ਗੁਰਮਿੰਦਰ ਸਿੰਘ, ਸ਼ਮਸ਼ੇਰ ਮਲਿਕ ਅਤੇ ਸੁਖਦੇਵ ਸਿੰਘ ਨੇ ਸ਼ਿਰਕਤ ਕੀਤੀ।

ਇਕਾਈ ਖਰੜ: 1. ਪਹਿਲਵਾਨਾਂ ਦੇ ਹੱਕ ਵਿੱਚ ਬਿਰਜ ਭੂਸ਼ਣ ਖ਼ਿਲਾਫ ਭਰਾਤਰੀ ਜਥੇਬੰਦੀਆਂ ਨਾਲ ਰੋਸ ਧਰਨੇ ਵਿੱਚ ਇਕਾਈ ਮੁਖੀ ਕੁਲਵਿੰਦਰ ਨਗਾਰੀ ਅਤੇ ਕ੍ਰਿਸਨ ਧੁੰਕਿਆਂ ਸ਼ਾਮਲ ਹੋਏ। 2. ਸਰਕਾਰੀ ਪ੍ਰਾਇਮਰੀ ਸਕੂਲ ਮੁੰਡਿਆਂ ਵਿਖੇ ਤਰਕਸ਼ੀਲ ਪ੍ਰੋਗਰਾਮ ਵਿੱਚ ਇਕਾਈ ਮੁਖੀ ਕੁਲਵਿੰਦਰ ਨਗਾਰੀ, ਕਰਮਜੀਤ ਸਕਰੁੱਲ ਪੁਰੀ, ਸੁਜਾਨ ਸਿੰਘ ਵਡਾਲਾ, ਹਰਨਾਮ ਡੱਲਾ ਸ਼ਾਮਲ ਹੋਏ।

ਇਕਾਈ ਚੰਡੀਗੜ੍ਹ: 1. ਜੋਗਾ ਸਿੰਘ ਵੱਲੋਂ ਸੀਟੀਯੂ ਵਰਕਰਜ ਪ੍ਰੋਗਰਾਮ ਵਿੱਚ ਤਰਕਸ਼ੀਲ ਵਿਚਾਰ ਅਤੇ ਗੀਤ ਪੇਸ਼ ਕੀਤੇ।2. 1 ਜੂਨ ਨੂੰ ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਦਫ਼ਤਰੀ ਪਹਿਲੀ ਭਾਸ਼ਾ ਵਜੋਂ ਨਾ ਕਰਨ ਸਬੰਧੀ ਰੋਸ ਮਾਰਚ। ਜੋਗਾ ਸਿੰਘ, ਪ੍ਰੇਮ ਸਿੰਘ, ਦਲਵੀਰ ਸਿੰਘ, ਮਾਸਟਰ ਕ੍ਰਿਸਨ, ਸਤਨਾਮ ਕਜਹੇੜੀ, ਅਵਤਾਰ ਸਿੰਘ, ਗੁਰਦਾਸ ਅਟਵਾਲ, ਕਾਮਰੇਡ ਜੋਗਿੰਦਰ ਸਿੰਘ ਅਤੇ ਭਜਨ ਦਾਸ ਸ਼ਾਮਲ ਹੋਏ।

ਇਕਾਈ ਰਾਮਪੁਰਾ ਫੂਲ: ਪੰਜਵੀਂ ਤਰਕਸ਼ੀਲ: ਪਰਖ ਪ੍ਰੀਖਿਆ ਲਈ ਸਕੂਲਾਂ ਚ ਬੱਚਿਆਂ ਦੀ ਸ਼ਮੂਲੀਅਤ ਲਈ ਪ੍ਰੋਗਰਾਮ ਦੇਣੇ ਸ਼ੁਰੂ ਕੀਤੇ: ਗਗਨ ਗਰੋਵਰ ਤੇ ਜੰਟਾ ਸਿੰਘ ਨੇ ਸ.ਸ.ਸ.ਸ.ਮੰਡੀ ਕਲਾਂ ਤੇ ਭੂੰਦੜ ਦੇ ਵਿਦਿਆਰਥੀਆਂ ਨੂੰ ਉਕਤ ਪ੍ਰੀਖਿਆ ਬਾਰੇ ਜਾਣਕਾਰੀ ਦਿੱਤੀ। ਪ੍ਰੀਖਿਆ ਰਾਹੀਂ ਵਿਦਿਆਰਥੀਆਂ ਵਿੱਚ ਕਿਤਾਬਾਂ ਪੜ੍ਹਨ ਲਈ ਸ਼ੌਕ ਪੈਦਾ ਕਰਨ ਲਈ ਪ੍ਰੇਰਿਤ ਕੀਤਾ। ਰਿਟਾ. ਮੁੱਖ ਅਧਿਆਪਕ ਸੁਖਮੰਦਰ ਸਿੰਘ ਤੇ ਲੈਕਚਰਾਰ ਗੁਰਮੇਲ ਸਿੰਘ ਵੀ ਮੰਡੀ ਕਲਾਂ ਦੇ ਕੁੜੀਆਂ ਦੇ ਸਕੂਲ ਵਿੱਚ ਅਤੇ ਗੁਰਮੇਲ ਸਿੰਘ ਤੇ ਡਾਕਟਰ ਜਗਤਾਰ ਸਿੰਘ ਫੂਲ ਟਾਊਨ ਦੇ ਮੁੰਡਿਆਂ ਤੇ ਕੁੜੀਆਂ ਦੇ ਸਕੂਲ ਵਿੱਚ ਬੱਚਿਆਂ ਨੂੰ ਪ੍ਰੇਰਿਤ ਕਰਨ ਦਾ ਕੰਮ ਕਰ ਰਹੇ ਹਨ। 2. ਰਾਮਪੁਰਾ ਸ਼ਹਿਰ ਦੀਆਂ ਜਥੇਬੰਦੀਆਂ ਨੇਂ ਮਹਿਲਾਂ ਪਹਿਲਵਾਨਾਂ ਦੇ ਹੱਕ ਵਿੱਚ ਸ਼ਹਿਰ ਵਿੱਚ ਰਾਮਬਾਗ ਤੋਂ ਸ਼ਹੀਦ ਭਗਤ ਸਿੰਘ ਚੌਂਕ ਤੱਕ ਰੋਸ ਮਾਰਚ ਕੀਤਾ। ਮਾਰਚ ਵਿੱਚ ਜਮਹੂਰੀ ਅਧਿਕਾਰ ਸਭਾ, ਤਰਕਸ਼ੀਲ ਸੁਸਾਇਟੀ, ਪੈਨਸ਼ਨਰਜ ਐਸੋਸੀਏਸ਼ਨ, ਡੈਮੋਕਰੇਟਿਕ ਟੀਚਰਜ਼ ਫਰੰਟ, ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ, ਮਿਉਸੀਂਪਲ ਵਰਕਰ ਯੂਨੀਅਨ, ਰਿਟਾ. ਬਿਜਲੀ ਮੁਲਾਜ਼ਮ ਸ਼ਾਮਲ ਸਨ। ਮਾਰਚ ਸਮੇਂ ਵੱਖ-ਵੱਖ ਪੜਾਵਾਂ ਉੱਤੇ ਜੱਥੇਬੰਦਕ ਆਗੂਆਂ ਮਾਸਟਰ ਹਰਭਜਨ ਸਿੰਘ, ਡਾ. ਜਗਤਾਰ ਫੂਲ, ਗਗਨ ਰਾਮਪੂਰਾ, ਅਵਤਾਰ ਸਿੰਘ, ਵਿਕਾਸ ਗਰਗ ਨੇ ਸੰਬੋਧਨ ਕੀਤਾ।- **ਸੁਰਿੰਦਰ ਰਾਮਪੁਰਾ**

ਜ਼ੋਨ ਬਰਨਾਲਾ-ਸੰਗਰੂਰ: ਤਰਕਸ਼ੀਲਾਂ ਦੀ ਭਵਾਨੀਗੜ੍ਹ ਵਿਖੇ ਪਹਿਲੀ ਮੀਟਿੰਗ: ਕਰਵਾਇਆ ਸਿਖਿਆਦਾਇਕ ਪ੍ਰੋਗਰਾਮ: 14 ਮਈ ਨੂੰ ਆਪਣੀ ਪਹਿਲੀ ਮੀਟਿੰਗ ਸਮੇਂ ਭਵਾਨੀਗੜ੍ਹ ਵਿਖੇ ਵਿਦਿਆਰਥੀਆਂ ਲਈ ਤਰਕਸ਼ੀਲ ਪ੍ਰੋਗਰਾਮ ਕਰਵਾਇਆ। ਇਸ ਮੌਕੇ ਹਰਪ੍ਰੀਤ ਦਾਸ ਝਨੇੜੀ, ਸੀਤਾ ਰਾਮ, ਜਸਦੇਵ ਸਿੰਘ, ਰਘਵੀਰ ਸਿੰਘ ਤੇ ਮਾਸਟਰ ਪਰਮਵੇਦ ਹਾਜਰ ਸਨ। ਜਗਦੇਵ ਕਮੋਮਾਜਰਾ ਨੇ ਜਾਦੂ ਸੋਅ ਪੇਸ਼ ਕੀਤਾ। ਇਸਤੋਂ ਬਾਅਦ ਉੱਥੇ ਹੀ ਮਾਸਟਰ ਪਰਮ ਵੇਦ ਦੀ ਅਗਵਾਈ ਵਿਚ ਭਵਾਨੀਗੜ੍ਹ ਦੇ ਤਰਕਸ਼ੀਲ ਮੈਂਬਰਾਂ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਸਰਵਸੰਮਤੀ ਨਾਲ ਹਰਪ੍ਰੀਤ ਦਾਸ ਨੂੰ ਮੀਟਿੰਗਾਂ ਬੁਲਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ। ਮੀਟਿੰਗ ਵਿੱਚ ਹਰਪ੍ਰੀਤ ਦਾਸ, ਰਮੇਸ਼ ਕੁਮਾਰ, ਮਾਸਟਰ ਰਘਵੀਰ ਸਿੰਘ, ਦੀਪਕ ਕੁਮਾਰ, ਇੰਦਰਜੀਤ ਸਿੰਘ, ਕਰਮਜੀਤ ਨਦਾਮਪੁਰ, ਕੁਲਵੰਤ ਸਿੰਘ, ਜਸਵਿੰਦਰ ਸਿੰਘ, ਚਰਨ ਸਿੰਘ, ਸੁਖਦੀਪ ਸਿੰਘ ਸੁੱਖਾ, ਪੰਕਜ ਕੁਮਾਰ ਨੇ ਸ਼ਮੂਲੀਅਤ ਕੀਤੀ। – **ਸੀਤਾ ਰਾਮ (ਜੋਨ ਮੀਡੀਆ ਮੁਖੀ)**

ਪੰਨਾ 47 ਦਾ ਬਾਕੀ... ਸਾਰੀਆਂ ਗੈਰ ਕੁਦਰਤੀ ਘਟਨਾਵਾਂ ਇਕ ਵਾਰ ਫਿਰ ਵਿਸਥਾਰ ਵਿਚ ਦੱਸਣ ਲਈ ਕਿਹਾ । ਉਸਨੇ ਦੱਸਿਆ ਕਿ ਜਿੱਥੇ ਉਹ ਰਹਿ ਰਿਹਾ ਹੈ, ਉਸਦੀ ਪਤਨੀ ਨੂੰ ਆਂਢ ਗੁਆਂਢ ਪਸੰਦ ਨਹੀ ਹੈ ਅਤੇ ਉਹ ਮੇਰੇ ਉੱਤੇ ਇਸ ਮਕਾਨ ਨੂੰ ਵੇਚਣ ਲਈ ਜ਼ੋਰ ਪਾ ਰਹੀ ਹੈ, ਪਰ ਉਸਦੀ ਆਰਥਿਕ ਹਾਲਤ ਚੰਗੀ ਨਹੀਂ ਹੈ ਕਿ ਉਹ ਕਿਸੇ ਦੂਜੀ ਜਗ੍ਹਾ ਕੋਈ ਨਵਾਂ ਮਕਾਨ ਖਰੀਦ ਸਕੇ। ਸਾਰੀ ਜਾਣਕਾਰੀ ਲੈਣ ਤੋਂ ਬਾਅਦ ਸਾਨੂੰ ਕਾਫੀ ਹੱਦ ਤੱਕ ਪਤਾ ਲੱਗ ਚੁੱਕਾ ਸੀ ਕਿ ਘਟਨਾਵਾਂ ਕੌਣ ਅਤੇ ਕਿਵੇਂ ਕਰ ਰਿਹਾ ਹੈ। ਉਸਤੋਂ ਬਾਅਦ ਅਸੀ ਉਸਦੀ ਪਤਨੀ ਨੂੰ ਬੁਲਾ ਕੇ ਇਕੱਲੇ ਵਿਚ ਇਨ੍ਹਾਂ ਘਟਨਾਵਾਂ ਸਬੰਧੀ ਪੁੱਛ ਪੜਤਾਲ ਅਤੇ ਤਸਦੀਕ ਵੀ ਕੀਤੀ। ਉਸਨੇ ਦੱਸਿਆ ਕਿ ਉਸ ਨੂੰ ਨਹੀਂ ਪਤਾ ਲਗਦਾ ਕਿ ਇਹ ਘਟਨਾਵਾਂ ਕੌਣ ਕਰਦਾ ਹੈ ਪਰ ਜਦੋਂ ਤਰਕਸ਼ੀਲ ਟੀਮ ਨੇ ਉਸਨੂੰ ਭਰੋਸੇ ਵਿੱਚ ਲੈ ਕੇ ਘਟਨਾਵਾਂ ਦੀ ਸੂਈ ਉਸ ਵੱਲ ਘੁੰਮਣ ਦੀ ਗੱਲ ਕਹੀ ਤਾਂ ਉਸਨੇ ਮੰਨਿਆ ਕਿ ਉਹ ਮਾਨਸਿਕ ਤੌਰ 'ਤੇ ਬਹੁਤ ਜਿਆਦਾ ਪ੍ਰੇਸ਼ਾਨ ਹੋ ਗਈ ਸੀ ਅਤੇ ਭਵਿੱਖ ਵਿਚ ਉਹ ਅਜਿਹਾ ਨਹੀਂ ਕਰੇਗੀ। ਟੀਮ ਮੈਂਬਰਾਂ ਨੇ ਉਸਨੂੰ ਦੱਸਿਆ ਕਿ ਉਸਦੇ ਘਰ ਵਾਲੇ ਦੀ ਕਮਾਈ ਇੰਨੀ ਨਹੀ ਹੈ ਕਿ ਉਹ ਕੋਈ ਨਵਾਂ ਮਕਾਨ ਖਰੀਦ ਸਕੇ। ਜੇਕਰ ਉਸਨੇ ਔਖੇ ਹੋ ਕੇ ਘਰ ਬਦਲ ਵੀ ਲਿਆਂ ਤਾਂ ਇਸ ਗੱਲ ਦੀ ਕੀ ਗਾਰੰਟੀ ਹੈ ਕਿ ਉੱਥੇ ਤੁਹਾਨੂੰ ਗੁਆਂਢ ਸਹੀ ਹੀ ਮਿਲੇਗਾ। ਇਸ ਲਈ ਉਸਨੂੰ ਇਸ ਸਮੱਸਿਆ ਨੂੰ ਆਪਸੀ ਮਿਲ ਬੈਠ ਕੇ ਸੁਲਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਟੀਮ ਵਲੋਂ ਉਸਦੇ ਪਤੀ ਨੂੰ ਬੁਲਾ ਕੇ ਭਰੋਸਾ ਵੀ ਦਿੱਤਾ ਗਿਆ। ਇਸਦੇ ਨਾਲ ਹੀ ਉਨ੍ਹਾਂ ਨੂੰ "ਤਰਕਸ਼ੀਲ" ਮੈਗਜ਼ੀਨ ਤੇ "ਤਰਕਸ਼ੀਲ" ਸਾਹਿਤ ਪੜ੍ਹਨ ਅਤੇ ਜ਼ਿੰਦਗੀ ਵਿਚ ਵਿਗਿਆਨਕ ਸੋਚ ਅਪਨਾਉਣ ਲਈ ਪ੍ਰੇਰਿਤ ਕੀਤਾ। ਇਕ ਮਹੀਨੇ ਤੋਂ ਵਧ ਸਮਾਂ ਹੋ ਗਿਆ ਹੈ ਪਰ ਉਸ ਘਰ ਵਿਚ ਹੁਣ ਕੋਈ ਗੈਰ ਕੁਦਰਤੀ ਘਟਨਾ ਨਹੀਂ ਵਾਪਰੀ। **ਮੁਖਤਿਆਰ ਗੋਪਾਲਪੁਰ**

ਇਕਾਈ ਗੋਪਾਲਪੁਰ ਮਜਵਿੰਡ, ਮਾਝਾ ਜ਼ੋਨ

ਕਿਛੁ ਸੁਣੀਐ ਕਿਛੁ ਕਹੀਐ



ਜਸਵੰਤ ਮੋਹਾਲੀ

ਦੇਸ਼ ਦੇ ਮੁਖੀ ਦੀ ਜ਼ਿੰਮੇਵਾਰੀ 'ਮਨ ਕੀ ਬਾਤ' ਕਹਿਣਾ ਨਹੀਂ, 'ਜਨ ਕੀ ਬਾਤ' ਸੁਨਣ ਦੀ ਹੁੰਦੀ ਹੈ। ਜਿਸ ਸਮਾਜ ਵਿੱਚ ਲੋਕਾਂ ਦੇ ਹੱਕਾਂ, ਲੋੜਾਂ, ਮੰਗਾਂ, ਸਮੱਸਿਆਵਾਂ ਦੀ ਸੁਣਵਾਈ ਨਾ ਹੋਵੇ, ਉਹ ਸਮਾਜ ਅਸ਼ਾਂਤ ਹੋ ਜਾਂਦਾ ਹੈ।

ਮਨੋਵਿਗਿਆਨੀ ਕਹਿੰਦੇ ਹਨ ਕਿ ਭੋਜਨ ਤੋਂ ਬਾਦ ਬੰਦੇ ਦੀ ਦੂਜੀ ਵੱਡੀ ਲੋੜ ਕਿਸੇ ਨਾਲ ਮਿਲ ਬੈਠ ਕੇ ਮਨ ਸਾਂਝਾ ਕਰਨ ਦੀ ਹੁੰਦੀ ਹੈ। ਤਰਕਸ਼ੀਲ ਸੁਸਾਇਟੀ ਕੋਲ ਆਉਂਦੇ ਮਾਨਸਿਕ ਰੋਗਾਂ ਦੇ ਕੇਸਾਂ ਵਿੱਚ ਸਮੱਸਿਆਵਾਂ ਭਾਵੇਂ ਵੱਖ-ਵੱਖ ਹੁੰਦੀਆਂ ਹਨ ਪਰ ਹੱਲ ਮਨ ਦੀ ਗੰਢ ਖੋਲ੍ਹਣ ਨਾਲ ਹੁੰਦਾ ਹੈ। ਜਿਸ ਘਰ ਵਿੱਚ ਪਰਿਵਾਰ ਦਾ ਕੋਈ ਮੈਂਬਰ ਆਪਣੀ ਲੋੜ, ਮੰਗ ਜਾਂ ਸਮੱਸਿਆ ਬਾਰੇ ਗੱਲ ਨਾ ਕਰ ਸਕੇ, ਉਥੇ ਮਿਹਨਤੀ ਤੇ ਸੰਵੇਦਨਸ਼ੀਲ ਮੈਂਬਰ ਦਾ ਗੁਬਾਰ ਗੈਰ ਕੁਦਰਤੀ ਜਾਪਦੀਆਂ ਘਟਨਾਵਾਂ ਦੇ ਰੂਪ ਵਿੱਚ ਨਿਕਲ ਰਿਹਾ ਹੁੰਦਾ ਹੈ। ਉਸ ਘਰ ਵਿੱਚੋਂ ਸਕੂਨ ਚਲਾ ਜਾਂਦਾ ਹੈ।

ਐਂਟਨ ਚੈਖੋਵ ਦੀਆਂ ਕਹਾਣੀਆਂ ਨੂੰ ਮਨੋਵਿਗਿਆਨਕ ਕਹਾਣੀਆਂ ਕਿਹਾ ਜਾਂਦਾ ਹੈ। ਉਹ ਬੰਦੇ ਦੀਆਂ ਅੰਦਰਲੀਆਂ ਪਰਤਾਂ ਨੂੰ ਛੂੰਹਦਾ ਹੈ। ਉਸਦੀ ਇੱਕ ਕਹਾਣੀ ਹੈ- ਡਾਰਲਿੰਗ। ਕਿਸੇ ਇਨਸਾਨ ਦੇ ਵਿਚਾਰਾਂ ਨੂੰ ਉਸ ਦਾ ਸਮਾਜਕ ਆਲਾ ਦੁਆਲਾ ਕਿਵੇਂ ਪ੍ਰਭਾਵਿਤ ਕਰਦਾ ਹੈ, ਇਹ ਕਹਾਣੀ ਇਸ ਵਰਤਾਰੇ ਨੂੰ ਬਹੁਤ ਖੂਬਸੂਰਤੀ ਨਾਲ ਬਿਆਨ ਕਰਦੀ ਹੈ। ਡਾਰਲਿੰਗ ਅਸਲ ਵਿੱਚ ਕਹਾਣੀ ਦੀ ਮੁੱਖ ਪਾਤਰ ਹੈ ਜਿਸਦਾ ਨਾਮ ਹੈ ਓਲੈਂਕਾ। ਉਸਦਾ ਪਤੀ ਥੀਏਟਰ ਕਰਦਾ ਹੈ। ਓਲੈਂਕਾ ਥੀਏਟਰ ਬਾਰੇ ਗੱਲਾਂ ਕਰਦੀ ਹੈ। ਉਹ ਦਰਸ਼ਕਾਂ ਦੀ ਪਸੰਦ, ਨਾਪਸੰਦ ਤੋਂ ਵਾਕਫ ਹੈ। ਉਹ ਥੀਏਟਰ ਦੇ ਦਰਸ਼ਕਾਂ ਬਾਰੇ ਦੱਸਦੀ ਹੈ ਕਿ ਅਸ਼ਲੀਲ ਹਰਕਤਾਂ ਦਰਸ਼ਕਾਂ ਨੂੰ ਖਿੱਚਦੀਆਂ ਹਨ ਆਦਿ। ਇਸ ਤਰ੍ਹਾਂ ਉਹ ਨਾਟਕ-ਕਲਾ ਤੇ ਸਮਾਜ ਦੇ ਰਿਸ਼ਤੇ ਬਾਰੇ ਚਰਚਾ ਕਰਦੀ ਹੈ। ਉਸਦੇ ਪਤੀ ਦੀ ਮੌਤ ਤੋਂ ਬਾਦ ਉਸਦੀ ਜ਼ਿੰਦਗੀ ਵਿੱਚ ਚੁੱਪ ਪਸਰ ਜਾਂਦੀ ਹੈ। ਉਸਦਾ ਦੂਜਾ ਵਿਆਹ ਲੱਕੜ ਦੇ ਵਪਾਰੀ ਨਾਲ ਹੁੰਦਾ ਹੈ ਤੇ ਹੁਣ ਉਹ ਲੱਕੜ ਦੀਆਂ ਕਿਸਮਾਂ, ਵਧਦੀਆਂ ਕੀਮਤਾਂ ਤੇ ਢੋਆ ਢੁਆਈ ਦੇ ਖਰਚਿਆਂ ਦੀਆਂ ਗੱਲਾਂ ਇਸ ਤਰ੍ਹਾਂ ਕਰਦੀ ਜਿਵੇਂ ਇਸ ਕੰਮ ਦੀ ਮਾਹਰ ਹੋਵੇ। ਦੂਜੇ ਪਤੀ ਦੀ ਮੌਤ ਤੋਂ ਬਾਦ ਉਸਦੀ ਜ਼ਿੰਦਗੀ ਵਿੱਚ ਫੌਜ ਦਾ ਵੈਟਰਨਰੀ ਸਰਜਨ ਆਇਆ। ਉਸਦੀ ਚੁੱਪ ਤੇ ਸੁੰਨੀ ਹੋ ਗਈ ਦੁਨੀਆਂ ਵਿੱਚ ਗੱਲਾਂ ਪਰਤ ਆਈਆਂ। ਉਹ ਦੱਸਦੀ ਹੈ ਕਿ ਕਿਵੇਂ ਮੈਡੀਕਲ ਸਹੂਲਤਾਂ ਦੀ ਘਾਟ ਕਰਕੇ ਸਧਾਰਣ ਔਹਰ ਵੀ ਮਹਾਂਮਾਰੀ ਬਣ ਜਾਂਦੀ ਹੈ। ਤੇ ਫਿਰ ਉਸ ਸਰਜਨ ਦੀ ਦੂਰ ਬਦਲੀ ਹੋ ਗਈ। ਉਸਦੀ ਦੁਨੀਆਂ ਫਿਰ ਸੁੰਨਸਾਨ ਹੋ ਗਈ, ਉਹ ਬਿਨਾਂ ਭੁੱਖ ਤੋਂ ਹੀ ਥੋੜ੍ਹਾ ਖਾ ਲੈਂਦੀ ਹੈ। ਪਰ ਜੋ ਸਭ ਤੋਂ ਬੁਰਾ ਹੋਇਆ ਉਹ ਇਹ ਸੀ ਕਿ ਉਹ ਆਪਣੇ ਆਸ ਪਾਸ ਦੀ ਦੁਨੀਆਂ ਨੂੰ ਦੇਖਦੀ ਪਰ ਉਸ ਦੇ ਮਨ ਵਿੱਚ ਕੋਈ ਵਿਚਾਰ ਨਾ ਉਠਦੇ। ਕਿੰਨਾ ਭੈਅਭੀਤ ਹੈ ਵਿਚਾਰਹੀਣ ਹੋਣਾ, ਉਹ ਸੋਚਦੀ। ਬਾਹਰ ਬਾਰਸ਼ ਵਿੱਚ ਕੰਮ ਕਰਦੇ ਕਿਸਾਨ ਨੂੰ ਦੇਖ ਕੇ ਉਸਦੇ ਮਨ ਵਿੱਚ ਕੋਈ ਖਿਆਲ, ਕੋਈ ਰਾਏ ਪੈਦਾ ਨਾ ਹੁੰਦੀ। ਜਦੋਂ ਤੱਕ ਉਸ ਕੋਲ ਸਾਥ ਸੀ ਉਸ ਕੋਲ ਹਰ ਗੱਲ ਬਾਰੇ, ਉਸਦੇ ਚੰਗੇ ਬੁਰੇ ਬਾਰੇ ਕੋਈ ਰਾਏ ਸੀ। ਹੁਣ ਉਸਦਾ ਦਿਮਾਗ ਘਰ ਦੇ ਪਿਛਵਾੜੇ ਦੀ ਤਰ੍ਹਾਂ ਖਾਲੀ ਤੇ ਸੁੰਨਾ ਹੋ ਗਿਆ ਸੀ। ਕਹਾਣੀ ਦੀ ਸਿਖਰ ਨਹੀਂ ਦੱਸਾਂਗਾ, ਚੰਗਾ ਹੈ ਕਿ ਤੁਸੀਂ ਖ਼ੁਦ ਪੜ੍ਹੋ।

ਗੱਲਾਂ ਆਦਿ-ਮਨੁੱਖ ਦੇ ਸਮੇਂ ਤੋਂ ਹੀ ਉਸ ਦੇ ਨਾਲ ਹਨ। ਸ਼ਿਕਾਰ ਕਰਨ ਸਮੇਂ ਜਾਂ ਖਤਰੇ ਸਮੇਂ ਬਾਕੀ ਮੈਂਬਰਾਂ ਨੂੰ ਸਾਵਧਾਨ ਕਰਨ ਲਈ ਮਾਰੀਆਂ ਸੈਨਤਾਂ ਤੇ ਚੀਕਾਂ ਕੂਕਾਂ ਅਤੇ ਵਿਹਲੇ ਸਮੇਂ ਸੈਨਤਾਂ ਨਾਲ ਕੀਤੀਆਂ ਗੱਲਾਂ ਨੇ ਹੀ ਭਾਸ਼ਾ ਦਾ ਮੁੱਢ ਬੰਨ੍ਹਿਆਂ। ਹੱਥਾਂ ਦੀ ਕਿਰਤ, ਭਾਸ਼ਾ ਤੇ ਬੁੱਧੀ ਇਹਨਾਂ ਤਿੰਨਾਂ ਨੇ ਇੱਕ ਦੂਜੇ ਨੂੰ ਗਤੀ ਦਿੱਤੀ। ਗਤੀਸ਼ੀਲ ਸਮਾਜ ਵਿਕਾਸ ਕਰਦਾ ਭਾਵੇਂ ਅਜੋਕੇ ਇੰਟਰਨੈੱਟ ਦੇ ਦੌਰ ਤੱਕ ਆ ਪਹੁੰਚਿਆ ਹੈ, ਪਰ ਕਹਿਣਾ ਤੇ ਸੁਨਣਾ ਉਸਦੀ ਅੱਜ ਵੀ ਲੋੜ ਹੈ। ਜੇ ਕਹਿਣਾ ਇਕ ਕਲਾ ਹੈ ਤਾਂ ਸੁਨਣ ਦਾ ਸਬਰ ਵੀ ਹਰ ਕਿਸੇ ਕੋਲ ਨਹੀਂ। ਕਹਿਣਾ ਏਨਾ ਮਹੱਤਵਪੂਰਣ ਹੈ ਕਿ "ਬੋਲਣ ਤੇ ਪ੍ਰਗਟਾਵੇ ਦੀ ਅਜ਼ਾਦੀ" ਭਾਰਤੀ ਨਾਗਰਿਕ ਦੇ ਹੱਕ ਵਜੋਂ ਸੰਵਿਧਾਨ ਵਿੱਚ ਦਰਜ ਹੈ।

ਕਲਾਕਾਰ ਆਪਣੀ ਗੱਲ ਕਲਾ ਰਾਹੀਂ ਕਹਿੰਦੇ ਹਨ। ਜਦੋਂ ਕੋਈ ਨਾਟਕ, ਗੀਤ, ਕਾਰਟੂਨ ਜਾਂ ਫਿਲਮ ਸੱਤਾ ਨੂੰ ਚੁਭਦੀ ਹੈ ਤਾਂ ਕਲਾਕਾਰ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਹੁੰਦੀ ਹੈ। ਗੱਲ ਕਹਿ ਦੇਣਾ, ਕਿੰਨਾ ਸੌਖੀ ਜਿਹੀ ਗੱਲ ਲਗਦੀ ਹੈ। ਪਰ ਜੇ ਗੱਲ ਏਨੀ ਸੌਖੀ ਹੁੰਦੀ ਤਾਂ ਫੈਜ਼ ਦੀ ਇਹ ਕਵਿਤਾ ਏਨੀ ਮਕਬੂਲ ਨਾ ਹੁੰਦੀ: **"ਬੋਲ ਜੋ ਕੁਛ ਕਹਿਣਾ ਹੈ ਕਹਿ ਲੇ, ਬੋਲ ਕਿ ਲਬ ਆਜ਼ਾਦ ਹੈਂ ਤੇਰੇ।"**

ਤੁਸੀਂ ਕੁੱਝ ਕਹਿਣਾ ਹੈ ? ਹਾਂ ਕਹੋ।

ਤਰਕਸ਼ੀਲ ਲਹਿਰ : ਵਧਦੇ ਕਦਮਾਂ ਦਾ ਸਫ਼ਰ



ਗੰਗਾਨਗਰ (ਰਾਜਸਥਾਨ) ਵਿਖੇ ਲੜਕੀਆਂ ਦੇ 9 ਰੋਜਾ ਸ਼ਖਸੀਅਤ ਵਿਕਾਸ ਰਿਹਾਇਸ਼ੀ ਕੈਂਪ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਦਾ ਸਨਮਾਨ ਅਤੇ ਹਾਜਰੀਨ



ਤਰਕਸ਼ੀਲ ਸੁਸਾਇਟੀ ਪੰਜਾਬ ਦੀ ਟੀਮ ਪਿੰਡ ਖੀਵਾ ਮੀਂਹਾਂ ਸਿੰਘ ਵਾਲਾ ਵਿਖੇ ਪੁਨਰ ਜਨਮ ਦਾ ਪਰਦਾਫਾਸ਼ ਕਰਨ ਸਮੇਂ ਪਰਿਵਾਰ ਨਾਲ



ਸਰੀਰ ਪ੍ਰਦਾਨੀ ਮਾਤਾ ਗੁਰਨਾਮ ਕੌਰ ਦੀ ਅੰਤਿਮ ਵਿਦਾਇਗੀ

ਜਿਲਦ ਨੰ. 24 ਰਜਿ. ਨੰ. PUNPUN/2000/05393 ਅੰਕ : 4




ਤਰਕਸ਼ੀਲ ਸੁਸਾਇਟੀ ਪੰਜਾਬ ਦੇ ਬਰਨਾਲਾ ਵਿਖੇ ਹੋਏ ਦੋ-ਸਾਲਾਂ ਚੋਣ ਇਜਲਾਸ ਵਿੱਚ ਚੁਣੀ ਗਈ ਸੂਬਾ ਕਮੇਟੀ, ਹਾਜ਼ਰ ਡੈਲੀਗੇਟ ਤੇ ਦਰਸ਼ਕ



ਕੋਜੀਕੋਡ (ਕਾਲੀਕੱਟ ਕੇਰਲਾ) ਵਿਖੇ F.I.R.A. ਦੀ ਇਕੱਤਰਤਾ



ਤਰਕਸ਼ੀਲ ਸੁਸਾਇਟੀ ਪੰਜਾਬ ਦਾ ਵਫ਼ਦ ਡਿਪਟੀ ਸਪੀਕਰ ਜੈ ਕਿਸਨ ਸਿੰਘ ਰੋੜੀ ਨੂੰ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਦਾ ਖਰੜਾ ਅਤੇ ਯਾਦ ਪੱਤਰ ਦਿੰਦੇ ਹੋਏ

If undelivered please return to :

Tarksheel

Tarksheel Bhawan, Tarksheel Chowk,
Sanghera ByPass, BARNALA-148101
Post Box No. 55

Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....